Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

ਯੂ. ਐੱਸ. ਏ.

# ਪੰਜਾਬ ਮੇਲ

Chief Editor: Gurjatinder Singh Randhawa

Punjab Mail USA

FOR SALE & PURCHASE OF ANY KIND OF PROPERTY



ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX
RE/MAX Outstanding Agents Outstanding Results

Gurjatinder S. Randhawa
REALTOR CA DRE licence # 01490567
916-320-9444

Vol. 19, Issue- 899, 26 Mar to 01 Apr., 2026, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ਵੀਜ਼ਾ ਬੁਲੇਟਿਨ; ਪਰਿਵਾਰਕ ਵੀਜ਼ਾ ਅਰਜ਼ੀਆਂ ’ਚ ਹੋਈ ਹਿਲਜੁੱਲ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਯੂ.ਐੱਸ. ਡਿਪਾਰਟਮੈਂਟ ਆਫ ਸਟੇਟ ਵੱਲੋਂ ਅਪ੍ਰੈਲ 2026 ਦਾ ਵੀਜ਼ਾ ਬੁਲੇਟਿਨ ਜਾਰੀ ਕਰ ਦਿੱਤਾ ਗਿਆ ਹੈ। ਇਸ ਵਾਰ ਅਪ੍ਰੈਲ 2026 ਦੇ ਜਾਰੀ ਕੀਤੇ ਵੀਜ਼ਾ ਬੁਲੇਟਿਨ ’ਚ ਕਾਫੀ ਹਿਲਜੁਲ ਦੇਖਣ ਨੂੰ ਮਿਲੀ ਹੈ।




ਫਾਈਨਲ ਐਕਸ਼ਨ ਡੇਟ ਵਿਚ F-1 ਕੈਟਾਗਰੀ ’ਚ ਆਉਂਦੇ ਅਮਰੀਕਨ ਸਿਟੀਜ਼ਨ ਦੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ, ਉਨ੍ਹਾਂ ਦੀ ਸਮਾਂ ਸੂਚੀ 1 ਮਈ, 2017 ਹੋ ਗਈ ਹੈ।

ਗਰੀਨ ਕਾਰਡ ਹੋਲਡਰ ਪਤੀ-ਪਤਨੀ ਦੇ 21 ਸਾਲ ਤੋਂ ਘੱਟ ਬੱਚੇ, ਜਿਹੜੇ ਕਿ F-2A ਕੈਟਾਗਰੀ ’ਚ ਆਉਂਦੇ ਹਨ, ਉਨ੍ਹਾਂ ਦੀ ਤਰੀਕ 1 ਫਰਵਰੀ, 2024 ਚੱਲ ਰਹੀ ਹੈ।

ਗਰੀਨ ਕਾਰਡ ਹੋਲਡਰ ਵੱਲੋਂ ਅਪਲਾਈ ਕੀਤੇ 21 ਸਾਲ ਤੋਂ ਵੱਧ ਉਮਰ ਦੇ ਬੱਚੇ, ਜੋ ਕਿ F-2B ਕੈਟਾਗਰੀ ਨਾਲ ਸੰਬੰਧਤ ਹਨ, ਅਰਜ਼ੀਕਾਰਾਂ ਦੀ ਉਡੀਕ ਮਿਤੀ ਇਸ ਵੇਲੇ 22 ਮਈ, 2017 ਹੋ ਗਈ ਹੈ।

ਯੂ.ਐੱਸ. ਸਿਟੀਜ਼ਨ ਦੇ ਵਿਆਹੇ ਹੋਏ ਬੱਚੇ ਤੇ ਉਨ੍ਹਾਂ ਦੇ ਅੱਗਿਓਂ ਛੋਟੇ ਬੱਚੇ ਯਾਨੀ ਕਿ F-3 ਕੈਟਾਗਰੀ ਲਈ ਜਿਨ੍ਹਾਂ ਨੇ ਅਪਲਾਈ ਕੀਤਾ ਹੈ, ਉਨ੍ਹਾਂ ਦੀ ਤਰੀਕ 22 ਦਸੰਬਰ, 2011 ਚੱਲ ਰਹੀ ਹੈ।

ਅਮਰੀਕਾ ਦੇ ਜਿਹੜੇ ਸਿਟੀਜ਼ਨ ਨਾਗਰਿਕਾਂ ਵੱਲੋਂ ਭਾਰਤ ’ਚ ਰਹਿ ਰਹੇ ਆਪਣੇ ਭੈਣਾਂ-ਭਰਾਵਾਂ ਨੂੰ F-4 ਕੈਟਾਗਰੀ ਲਈ ਅਪਲਾਈ ਕੀਤਾ ਹੈ, ਅਤੇ ਭੈਣ-ਭਰਾਵਾਂ ਅਤੇ ਉਨ੍ਹਾਂ ਦੇ ਬੱਚੇ ਜਿਹੜੇ 21 ਸਾਲ ਤੋਂ ਘੱਟ ਹਨ, ਯੂ.ਐੱਸ.ਸੀ.ਆਈ. ਵੈੱਬਸਾਈਟ ਅਨੁਸਾਰ ਇਸ ਕੈਟਾਗਰੀ ਲਈ ਹਾਲੇ ਵੀ ਤਰੀਕ 1 ਨਵੰਬਰ, 2006 ਹੀ ਦਿਖਾਈ ਜਾ ਰਹੀ ਹੈ।

ਪਰਿਵਾਰਕ ਸਪਾਂਸਰਡ ਵੀਜ਼ਾ ਅਰਜ਼ੀਆਂ ਭਰਨ ਦੀਆਂ ਤਾਰੀਕਾਂ ਲਈ ਅਪ੍ਰੈਲ ਵੀਜ਼ਾ ਬੁਲੇਟਿਨ ਦੀਆਂ ਤਾਰੀਕਾਂ ਇਸ ਤਰ੍ਹਾਂ ਹਨ :

F-1 ਕੈਟਾਗਰੀ ਲਈ 1 ਮਾਰਚ, 2018, F-2A ਕੈਟਾਗਰੀ ਲਈ ਚਲੰਤ (Current), F-2B ਕੈਟਾਗਰੀ ਲਈ 8 ਅਗਸਤ, 2017, F-3 ਕੈਟਾਗਰੀ ਲਈ 22 ਨਵੰਬਰ 2012 ਅਤੇ F-4 ਕੈਟਾਗਰੀ ਲਈ 15 ਦਸੰਬਰ, 2006 ਵਾਲਿਆਂ ਕੋਲੋਂ ਸਪੋਰਟਿੰਗ ਪੇਪਰ ਮੰਗਵਾਏ ਜਾ ਰਹੇ ਹਨ।

## ਅਮਰੀਕਾ ’ਚ ‘ਸਰਕਾਰੀ ਸ਼ੱਟਡਾਊਨ’; ਹਵਾਈ ਅੱਡਿਆਂ ’ਤੇ ਲੱਗੀਆਂ ਲੰਬੀਆਂ ਕਤਾਰਾਂ

■ ਟਰੰਪ ਵੱਲੋਂ ICE ਦੀ ਫ਼ੌਜ ਏਅਰਪੋਰਟਾਂ ’ਤੇ ਤਾਇਨਾਤ !

**ਵਾਸ਼ਿੰਗਟਨ, (ਪੰਜਾਬ ਮੇਲ)-** ਜਿੱਥੇ ਇੱਕ ਪਾਸੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦਾਅਵਾ ਕੀਤਾ ਸੀ ਕਿ ਉਹ ‘ਗਵਰਨਮੈਂਟ ਸ਼ੱਟਡਾਊਨ’ ਕਾਰਨ ਹਵਾਈ ਅੱਡਿਆਂ ’ਤੇ ਲੱਗੀਆਂ ਲੰਬੀਆਂ ਕਤਾਰਾਂ ਨੂੰ ਘੱਟ ਕਰਨ ਲਈ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਦੇ ਏਜੰਟਾਂ ਨੂੰ ਤਾਇਨਾਤ ਕਰ ਰਹੇ ਹਨ, ਉੱਥੇ ਹੀ ਹੁਣ ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰ ਰਹੀ ਹੈ। ਹਵਾਈ ਅੱਡਿਆਂ ਤੋਂ ਅਜਿਹੀਆਂ ਵੀਡੀਓਜ਼ ਸਾਹਮਣੇ ਆਈਆਂ ਹਨ, ਜਿੱਥੇ ICE ਏਜੰਟ ਸੁਰੱਖਿਆ ਕਤਾਰਾਂ ਵਿਚ ਖੜ੍ਹੇ ਲੋਕਾਂ ਨੂੰ ਗ੍ਰਿਫਤਾਰ ਕਰਦੇ ਨਜ਼ਰ ਆ ਰਹੇ ਹਨ। ਜਿਹੜੇ ਮੁਸਾਫਰ ਆਪਣੀ ਉਡਾਣ ਫੜਨ ਲਈ ਆਏ ਸਨ, ਉਨ੍ਹਾਂ ਵਿਚ ਹੁਣ ਭਾਰੀ ਸਹਿਮ ਪਾਇਆ ਜਾ ਰਿਹਾ ਹੈ।

ਪ੍ਰਸ਼ਾਸਨ ਨੇ ਕਿਹਾ ਸੀ ਕਿ ਇਹ ਏਜੰਟ ਸਿਰਫ ਭੀੜ ਘਟਾਉਣ ਵਿਚ ਮਦਦ ਕਰਨਗੇ, ਪਰ ਹੁਣ ਲੱਗਦਾ ਹੈ ਕਿ ਇਸ ‘ਚੈਕਿੰਗ’ ਦੇ ਬਹਾਨੇ ਇਮੀਗ੍ਰੇਸ਼ਨ ਕਾਰਵਾਈਆਂ ਤੇਜ਼ ਕਰ ਦਿੱਤੀਆਂ ਗਈਆਂ ਹਨ।

ਵਾਇਰਲ ਹੋ ਰਹੀਆਂ ਵੀਡੀਓਜ਼ ਵਿਚ ਦੇਖਿਆ ਜਾ ਸਕਦਾ ਹੈ ਕਿ ਫੈਡਰਲ ਏਜੰਟ ਹਵਾਈ ਅੱਡਿਆਂ ਦੇ ਅੰਦਰ ਹੀ ਲੋਕਾਂ ਨੂੰ ਹਿਰਾਸਤ ਵਿਚ ਲੈ ਰਹੇ ਹਨ। ਇਸ ਕਾਰਵਾਈ ਨੇ ਮਨੁੱਖੀ ਅਧਿਕਾਰ ਸੰਗਠਨਾਂ ਅਤੇ ਵਿਰੋਧੀ ਧਿਰਾਂ ਨੂੰ ਹੱਥਾਂ-ਪੈਰਾਂ ਦੀ ਪਾ ਦਿੱਤੀ ਹੈ।

ਇਹ ਖ਼ਬਰ ਖਾਸ ਕਰਕੇ ਉਨ੍ਹਾਂ ਪੰਜਾਬੀਆਂ ਲਈ ਚਿੰਤਾ ਦਾ ਵਿਸ਼ਾ ਹੈ, ਜੋ ਇਸ ਵੇਲੇ ਅਮਰੀਕਾ ਵਿਚ ਹਨ ਜਾਂ ਸਫ਼ਰ ਕਰ ਰਹੇ ਹਨ। ਜੇਕਰ ਤੁਸੀਂ ਹਵਾਈ ਸਫ਼ਰ ਕਰ ਰਹੇ ਹੋ, ਤਾਂ ਆਪਣੇ ਸਾਰੇ ਕਾਨੂੰਨੀ ਦਸਤਾਵੇਜ਼ ਅਤੇ ਆਈ.ਡੀ. ਪਰੂਫ਼ ਆਪਣੇ ਕੋਲ ਜ਼ਰੂਰ ਰੱਖੋ।

ਮਾਹਰਾਂ ਦਾ ਮੰਨਣਾ ਹੈ ਕਿ ‘ਸ਼ੱਟਡਾਊਨ’ ਦੀ ਆੜ ਵਿਚ ਟਰੰਪ ਪ੍ਰਸ਼ਾਸਨ ਆਪਣੀ ਇਮੀਗ੍ਰੇਸ਼ਨ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰ ਰਿਹਾ ਹੈ। ਕੀ ਇਹ ਸਿਰਫ ਸੁਰੱਖਿਆ ਲਈ ਹੈ ਜਾਂ ਵੱਡੇ ਪੱਧਰ ’ਤੇ ਡਿਪੋਰਟੇਸ਼ਨ (ਦੇਸ਼ ਨਿਕਾਲੇ) ਦੀ ਤਿਆਰੀ? ਇਹ ਸਵਾਲ ਹੁਣ ਹਰ ਕਿਸੇ ਦੇ ਮਨ ਵਿਚ ਹੈ।

■ ਬਾਕੀ ਖਬਰ ਸਫਾ 18 ’ਤੇ

## ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾਤਾ ਸ. ਤਜਿੰਦਰਪਾਲ ਸਿੰਘ ਭੁੱਲਰ ਅਕਾਲ ਚਲਾਣਾ ਕਰ ਗਏ

**ਲਾਈਵ ਓਕ (ਕੈਲੀਫੋਰਨੀਆ), (ਪੰਜਾਬ ਮੇਲ)-** ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ. ਤਜਿੰਦਰਪਾਲ ਸਿੰਘ ਭੁੱਲਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਪਰਲੋਕ ਸਿਧਾਰ ਗਏ ਹਨ। ਉਹ 58 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਭਾਈਕਾ ਦਿਆਲਾਪੁਰਾ, ਜ਼ਿਲ੍ਹਾ ਬਠਿੰਡਾ ਸੀ ਅਤੇ ਇਸ ਵੇਲੇ ਉਹ ਕੈਲੀਫੋਰਨੀਆ ਦੇ ਸ਼ਹਿਰ ਲਾਈਵ ਓਕ ਵਿਖੇ ਰਹਿ ਰਹੇ ਸਨ। ਪਿਛਲੇ ਕੁੱਝ ਸਮੇਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ, ਜਿਸ ਕਰਕੇ ਉਨ੍ਹਾਂ ਨੇ ਪੋਸਟ ਆਫਿਸ ਦੀ ਨੌਕਰੀ ਛੱਡ ਦਿੱਤੀ ਸੀ ਅਤੇ ਆਪਣਾ ਇਲਾਜ ਕਰਵਾ ਰਹੇ ਸਨ। ਉਨ੍ਹਾਂ ਨੂੰ ਆਖਰੀ ਸਮੇਂ ਇਲਾਜ ਲਈ ਪਹਿਲਾਂ ਯੂਬਾ ਸਿਟੀ ਅਤੇ ਬਾਅਦ ਵਿਚ ਸਾਨ ਫਰਾਂਸਿਸਕੋ ਵਿਖੇ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੇ ਅੰਤਿਮ ਸਵਾਸ ਲਏ। ਉਹ ਆਪਣੇ ਪਿੱਛੇ ਪਤਨੀ ਪਰਵਿੰਦਰ ਕੌਰ ਅਤੇ 3 ਬੱਚਿਆਂ ਨੂੰ ਰੋਂਦਿਆਂ-ਕੁਰਲਾਉਂਦਿਆਂ ਛੱਡ ਗਏ ਹਨ।



ਸ. ਤਜਿੰਦਰਪਾਲ ਸਿੰਘ ਭੁੱਲਰ ਅਤੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ।

ਉਨ੍ਹਾਂ ਦਾ ਅੰਤਿਮ ਸਸਕਾਰ 29 ਮਾਰਚ, ਦਿਨ ਐਤਵਾਰ ਨੂੰ 715 ਸ਼ਾਸਤਾ ਸਟਰੀਟ, ਯੂਬਾ ਸਿਟੀ ਫਿਊਨਰਲ ਹੋਮ ਵਿਖੇ 11 ਵਜੇ ਤੋਂ 1 ਵਜੇ ਤੱਕ ਹੋਵੇਗਾ। ਉਪਰੰਤ ਆਤਮਿਕ ਸ਼ਾਂਤੀ ਲਈ ਰਖਾਏ ਗਏ ਸ੍ਰੀ ਸਹਿਜ ਪਾਠ ਜੀ ਦੇ ਭੋਗ ਗੁਰੂ ਘਰ 2269, ਬੋਗ ਰੋਡ, ਯੂਬਾ ਸਿਟੀ ਵਿਖੇ ਨਵੀਂ ਬਿਲਡਿੰਗ ਵਿਚ 2 ਵਜੇ ਤੱਕ ਪੈਣਗੇ।

ਜ਼ਿਕਰਯੋਗ ਹੈ ਕਿ ਸ. ਤਜਿੰਦਰਪਾਲ ਸਿੰਘ ਭੁੱਲਰ ਪਿਛਲੇ ਲੰਮੇਂ ਸਮੇਂ ਤੋਂ ਪੰਜਾਬ ਦੀ ਜੇਲ੍ਹ ਵਿਚ ਸਜ਼ਾਯਾਫਤਾ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਛੋਟੇ ਭਰਾ ਸਨ ਅਤੇ ਉਹ ਲਾਈਵ ਓਕ (ਕੈਲੀਫੋਰਨੀਆ) ਦੇ ਨਾਮਵਰ ਜ਼ਿਮੀਂਦਾਰ ਸ. ਹਰਬੰਸ ਸਿੰਘ ਪੰਮਾ ਦੇ ਜਵਾਈ ਸਨ।

ਇਸ ਸੰਬੰਧੀ ਹੋਰ ਜਾਣਕਾਰੀ ਲੈਣ ਲਈ ਹਰਬੰਸ ਸਿੰਘ ਪੰਮਾ : 530-701-4741, ਮਨਵੀਰ ਸਿੰਘ ਭੁੱਲਰ (ਬੇਟਾ) : 530-434-3409, ਇੰਦਰਪਾਲ ਸਿੰਘ ਭੁੱਲਰ (ਬੇਟਾ) : 530-763-8019 ਜਾਂ ਹਰੀਪਾਲ ਸਿੰਘ ਭੁੱਲਰ (ਬੇਟਾ) ਨਾਲ 530-763-8996 ’ਤੇ ਸੰਪਰਕ ਕੀਤਾ ਜਾ ਸਕਦਾ ਹੈ।

ਦੁਨੀਆਂ ਭਰ ਵਿਚ ਸ. ਤਜਿੰਦਰਪਾਲ ਸਿੰਘ ਭੁੱਲਰ ਦੇ ਅਚਾਨਕ ਵਿਛੋੜੇ ’ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ।

## ਟਰੰਪ ਦੀ ਸਖਤ ਵੀਜ਼ਾ ਨੀਤੀ: ਭਾਰਤ ਤੇ ਚੀਨ ਦੇ ਵੀਜ਼ਿਆਂ ’ਚ 2.5 ਲੱਖ ਦੀ ਕਟੌਤੀ

■ ਬਾਇਡਨ ਸਰਕਾਰ ਦੇ ਮੁਕਾਬਲੇ ਟਰੰਪ ਸਰਕਾਰ ਨੇ 11 ਫ਼ੀਸਦੀ ਘੱਟ ਵੀਜ਼ੇ ਕੀਤੇ ਜਾਰੀ




**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਸਰਕਾਰ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਫੜ-ਫੜ ਡਿਪੋਰਟ ਕਰ ਰਹੀ ਹੈ। ਭਾਰਤੀ ਨਾਗਰਿਕਾਂ ਦੀਆਂ ਵੀਜ਼ਾ ਅਰਜ਼ੀਆਂ ਧੜਾਧੜ ਰੱਦ ਕੀਤੀਆਂ ਜਾ ਰਹੀਆਂ ਹਨ ਅਤੇ ਪਿਛਲੇ ਸਾਲ ਭਾਰਤੀਆਂ ਨੂੰ ਮਿਲਦੇ ਵੀਜ਼ਿਆਂ ਵਿਚ ਡੇਢ ਲੱਖ ਦੀ ਕਟੌਤੀ ਕਰ ਦਿੱਤੀ ਗਈ, ਜਦਕਿ ਗਰੀਨ ਕਾਰਡ ਅਰਜ਼ੀਆਂ ਪ੍ਰਵਾਨ ਹੋਣ ਦੇ ਮਾਮਲੇ ਵਿਚ ਵੀ ਭਾਰਤੀ ਖੁੱਡੇ ਲਾਈਨ ਲੱਗ ਚੁੱਕੇ ਹਨ। ਜਨਵਰੀ 2025 ਤੋਂ ਅਗਸਤ 2025 ਦਰਮਿਆਨ ਅਮਰੀਕਾ ਦੇ ਵਿਦੇਸ਼ੀ ਵਿਭਾਗ ਨੇ ਭਾਰਤੀ ਨਾਗਰਿਕਾਂ ਦੀਆਂ ਵੀਜ਼ਾ ਅਰਜ਼ੀਆ ਵੱਡੇ ਪੱਧਰ ’ਤੇ ਰੱਦ ਕੀਤੀਆਂ। ਰਿਪੋਰਟ ਮੁਤਾਬਕ ਭਾਰਤ ਅਤੇ ਚੀਨ ਦੇ ਲੋਕਾਂ ਨੂੰ ਮਿਲਦੇ ਵੀਜ਼ਿਆਂ ’ਚ ਸਾਂਝੇ ਤੌਰ ’ਤੇ ਢਾਈ ਲੱਖ ਦੀ ਕਟੌਤੀ ਹੋਈ ਅਤੇ ਪੂਰੇ ਸਾਲ ਦਾ ਅੰਕੜਾ ਕਿਤੇ ਜ਼ਿਆਦਾ ਹੋ ਸਕਦਾ ਹੈ। ਕੁੱਲ ਮਿਲਾ ਕੇ ਦੇਖਿਆ ਜਾਵੇ, ਤਾਂ ਟਰੰਪ ਸਰਕਾਰ ਵੱਲੋਂ ਬਾਇਡਨ ਸਰਕਾਰ ਦੇ ਮੁਕਾਬਲੇ 11 ਫ਼ੀਸਦੀ ਘੱਟ ਵੀਜ਼ੇ ਜਾਰੀ ਕੀਤੇ ਗਏ, ਜਿਨ੍ਹਾਂ ਵਿਚ ਟੂਰਿਸਟ ਅਤੇ ਬਿਜ਼ਨਸ ਵੀਜ਼ਾ ਸ਼ਾਮਲ ਹਨ।

■ ਬਾਕੀ ਖਬਰ ਸਫਾ 18 ’ਤੇ

## ਅਦਾਲਤ ਵੱਲੋਂ ਭਗੌੜਾ ‘ਆਪ’ ਵਿਧਾਇਕ ਪਠਾਣਮਾਜਰਾ ਗ੍ਰਿਫ਼ਤਾਰ

■ 2 ਦਿਨਾਂ ’ਚ ਦੂਜਾ ਵਿਧਾਇਕ ਚੜ੍ਹਿਆ ਪੁਲਿਸ ਅੜਿੱਕੇ



**ਪਟਿਆਲਾ, (ਪੰਜਾਬ ਮੇਲ)-** ਲਗਭਗ 6 ਮਹੀਨੇ ਤੋਂ ਫਰਾਰ ਚੱਲ ਰਹੇ ਹਲਕਾ ਸਨੌਰ ਦੇ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਆਖਰਕਾਰ ਪੁਲਿਸ ਦੇ ਸ਼ਿਕੰਜੇ ਵਿੱਚ ਆ ਗਏ ਹਨ। ਪਟਿਆਲਾ ਪੁਲਿਸ ਨੇ ਇੱਕ ਵੱਡੀ ਕਾਰਵਾਈ ਕਰਦਿਆਂ ਪਠਾਣਮਾਜਰਾ ਨੂੰ ਮੱਧ ਪ੍ਰਦੇਸ਼ ਦੇ ਗਵਾਲੀਅਰ ਨੇੜਿਓਂ ਗ੍ਰਿਫ਼ਤਾਰ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਇਸ ਗ੍ਰਿਫ਼ਤਾਰੀ ਦੀ ਪੁਸ਼ਟੀ ਪਟਿਆਲਾ ਦੇ ਐੱਸ.ਐੱਸ.ਪੀ. ਵਰੁਣ ਸ਼ਰਮਾ ਵੱਲੋਂ ਕੀਤੀ ਗਈ ਹੈ। ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਗਏ ਪਠਾਣਮਾਜਰਾ ’ਤੇ ਜਬਰ-ਜਨਾਹ, ਧੋਖਾਧੜੀ ਅਤੇ ਡਰਾਉਣ-ਧਮਕਾਉਣ ਵਰਗੇ ਗੰਭੀਰ ਇਲਜ਼ਾਮ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਸਾਲ 2 ਸਤੰਬਰ ਤੋਂ ਫਰਾਰ ਚੱਲ ਰਹੇ ਇਸ ਵਿਧਾਇਕ ਖਿਲਾਫ ਲੁੱਕ-ਆਊਟ ਨੋਟਿਸ ਵੀ ਜਾਰੀ ਕੀਤਾ ਗਿਆ ਸੀ। ਵਿਧਾਇਕ ਪਠਾਣਮਾਜਰਾ ਖ਼ਿਲਾਫ਼ ਪਟਿਆਲਾ ਦੇ ਥਾਣਾ ਸਿਵਲ ਲਾਈਨ ਵਿਖੇ ਇੱਕ ਔਰਤ ਦੀ ਸ਼ਿਕਾਇਤ ਦੇ ਆਧਾਰ ’ਤੇ ਸਰੀਰਕ ਸ਼ੋਸ਼ਣ ਦੇ ਗੰਭੀਰ ਦੋਸ਼ਾਂ ਹੇਠ ਮੁਕੱਦਮਾ ਦਰਜ ਕੀਤਾ ਗਿਆ ਸੀ। ਮਾਮਲਾ ਦਰਜ ਹੋਣ ਤੋਂ ਬਾਅਦ ਪੁਲਿਸ ਸਰਗਰਮੀ ਨਾਲ ਉਨ੍ਹਾਂ ਦੀ ਭਾਲ ਕਰ ਰਹੀ ਸੀ।

ਦੱਸਣਯੋਗ ਹੈ ਕਿ ਕੇਸ ਦਰਜ ਹੋਣ ਤੋਂ ਅਗਲੇ ਹੀ ਦਿਨ ਪੁਲਿਸ ਨੇ ਹਰਿਆਣਾ ਦੇ ਇੱਕ ਪਿੰਡ ਵਿਚ ਛਾਪੇਮਾਰੀ ਕੀਤੀ ਸੀ, ਜਿੱਥੇ ਵਿਧਾਇਕ ਦੇ ਲੁਕੇ ਹੋਣ ਦੀ ਸੂਚਨਾ ਸੀ। ਪਰ ਉਸ ਸਮੇਂ ਪਠਾਣਮਾਜਰਾ ਪੁਲਿਸ ਨੂੰ ਚਕਮਾ ਦੇ ਕੇ ਫਰਾਰ ਹੋਣ ਵਿਚ ਕਾਮਯਾਬ ਹੋ ਗਏ ਸਨ। ਇਸ ਤੋਂ ਬਾਅਦ ਪੰਜਾਬ ਪੁਲਿਸ ਦੀਆਂ ਕਈ ਟੀਮਾਂ ਲਗਾਤਾਰ ਉਨ੍ਹਾਂ ਦੇ ਸੰਭਾਵੀ ਟਿਕਾਣਿਆਂ ’ਤੇ ਦਸਤਕ ਦੇ ਰਹੀਆਂ ਸਨ।

ਫਰਾਰੀ ਦੌਰਾਨ ਪਠਾਣਮਾਜਰਾ ਵੱਲੋਂ ਪੁਲਿਸ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਵੀ ਕੀਤੀ ਗਈ। ਉਹ ਸੋਸ਼ਲ ਮੀਡੀਆ ’ਤੇ ਲਗਾਤਾਰ ਵੀਡੀਓਜ਼ ਪੋਸਟ ਕਰਕੇ ਇਹ ਪ੍ਰਭਾਵ ਦੇ ਰਹੇ ਸਨ ਕਿ ਉਹ ਵਿਦੇਸ਼ ਵਿਚ ਬੈਠੇ ਹਨ। ਹਾਲਾਂਕਿ, ਪੁਲਿਸ ਦੀ ਤਕਨੀਕੀ ਜਾਂਚ ਅਤੇ ਗੁਪਤ ਸੂਚਨਾਵਾਂ ਨੇ ਉਨ੍ਹਾਂ ਦੀ ਲੋਕੇਸ਼ਨ ਮੱਧ ਪ੍ਰਦੇਸ਼ ਵਿਚ ਟਰੇਸ ਕਰ ਲਈ। ■ ਬਾਕੀ ਖਬਰ ਸਫਾ 18 ’ਤੇ

## ਖ਼ੁਦਕੁਸ਼ੀ ਮਾਮਲਾ : ਅਦਾਲਤ ਨੇ ਸਾਬਕਾ ਮੰਤਰੀ ਲਾਲਜੀਤ ਭੁੱਲਰ ਦਾ ਦਿੱਤਾ ਰਿਮਾਂਡ

■ ਪੋਸਟਮਾਰਟਮ ਮਗਰੋਂ ਮ੍ਰਿਤਕ ਡੀ.ਐੱਮ. ਗਗਨਦੀਪ ਸਿੰਘ ਰੰਧਾਵਾ ਦਾ ਸਸਕਾਰ



**ਅੰਮ੍ਰਿਤਸਰ, (ਪੰਜਾਬ ਮੇਲ)-** ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਪੁਲਿਸ ਵੱਲੋਂ ਅਦਾਲਤ ’ਚ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਸ ਨੂੰ 5 ਦਿਨਾਂ ਦੇ ਪੁਲਿਸ ਰਿਮਾਂਡ ’ਤੇ ਭੇਜ ਦਿੱਤਾ। ਉਸ ਨੂੰ ਮੰਡੀ ਗੋਬਿੰਦਗੜ੍ਹ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਵੇਰਵਿਆਂ ਮੁਤਾਬਕ ਪੁਲਿਸ ਵੱਲੋਂ ਲਾਲਜੀਤ ਸਿੰਘ ਭੁੱਲਰ ਨੂੰ ਇੱਥੇ ਅਦਾਲਤ ਵਿਚ ਪੇਸ਼ ਕਰਨ ਲਈ ਲਿਆਂਦਾ ਗਿਆ, ਜਿੱਥੇ ਮਾਮਲੇ ਸਬੰਧੀ ਪੁੱਛ-ਪੜਤਾਲ ਲਈ ਉਸ ਦਾ 7 ਦਿਨਾਂ ਦਾ ਪੁਲਿਸ ਰਿਮਾਂਡ ਮੰਗਿਆ ਗਿਆ। ਅਦਾਲਤ ਵੱਲੋਂ ਦੋਵਾਂ ਧਿਰਾਂ ਦੇ ਵਕੀਲਾਂ ਦਾ ਪੱਖ ਸੁਣਨ ਤੋਂ ਬਾਅਦ 5 ਦਿਨ ਦਾ ਰਿਮਾਂਡ ਦਿੱਤਾ ਗਿਆ। ਇਸ ਮੌਕੇ ਪੁਲਿਸ ਵੱਲੋਂ ਕਰੜੇ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਅਤੇ ਮੀਡੀਆ ਨੂੰ ਵੀ ਦੂਰ ਰੱਖਣ ਦਾ ਯਤਨ ਕੀਤਾ ਗਿਆ। ਭੁੱਲਰ ਦੇ ਹਮਾਇਤੀ ਵੀ ਇਸ ਮੌਕੇ ਵੱਡੀ ਗਿਣਤੀ ਵਿਚ ਪੁੱਜੇ ਹੋਏ ਸਨ, ਜਿਨ੍ਹਾਂ ਉਸ ਦੇ ਹੱਕ ਵਿਚ ਨਾਅਰੇਬਾਜ਼ੀ ਕੀਤੀ।

ਮਿਲੀ ਜਾਣਕਾਰੀ ਮੁਤਾਬਕ ਪੁਲਿਸ ਵੱਲੋਂ ਰਿਮਾਂਡ ਮੰਗਣ ਸਮੇਂ ਵੱਖ-ਵੱਖ ਸਬੂਤਾਂ ਦੀ ਬਰਾਮਦਗੀ ਦੀ ਦਲੀਲ ਦਿੱਤੀ ਗਈ। ਇਸ ਤੋਂ ਪਹਿਲਾਂ ਪਰਿਵਾਰ ਦੀ ਸਹਿਮਤੀ ਨਾਲ ਪੰਜਾਬ ਸਟੇਟ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਦੀ ਮ੍ਰਿਤਕ ਦੇਹ ਦਾ ਪੋਸਟਮਾਰਟਮ ਕੀਤਾ ਗਿਆ। ਪੋਸਟਮਾਰਟਮ ਦੀ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਵੀ ਕਰਵਾਈ ਗਈ ਹੈ। ਪੋਸਟਮਾਰਟਮ ਕਰਨ ਤੋਂ ਬਾਅਦ ਉਸ ਦੀ ਮ੍ਰਿਤਕ ਦੇਹ ਨੂੰ ਘਰ ਲਿਆਂਦਾ ਗਿਆ ਤੇ ਸ਼ਾਮ ਵੇਲੇ ਮ੍ਰਿਤਕ ਦੇਹ ਦਾ ਦੁਰਗਿਆਣਾ ਮੰਦਰ ਨੇੜੇ ਸ਼ਮਸ਼ਾਨ ਘਾਟ ਵਿਚ ਸਸਕਾਰ ਕੀਤਾ ਗਿਆ। ਉਸ ਦੇ ਬੇਟੇ ਨੇ ਮ੍ਰਿਤਕ ਦੇਹ ਨੂੰ ਅਗਨੀ ਦਿਖਾਈ। ■ ਬਾਕੀ ਖਬਰ ਸਫਾ 18 ’ਤੇ

# APCA
AMERICAN PETROLEUM AND CONVENIENCE STORE ASSOCIATION

*APCA is a non-profit grassroots, membership based community organization providing representation for small to medium sized enterprises.*

# 12th Annual Trade Show

## Thursday April 9, 2026, 12:30 pm- 5:30 pm

at Sunrise Banquet Halls & Event Center
620 Orange Dr, Vacaville, CA 95687







ਟਰੇਡ ਸ਼ੋਅ ਵਿਚ ਹਿੱਸਾ ਲੈਣ ਲਈ ਲਿੰਕ 'ਤੇ ਕਲਿਕ ਕਰੋ।

To register as Attendee for Trade Show please type and click below link in your browser."

https://go.regform.com/#!/registration/32bpK5e/info

ਜੇ ਆਪਣੇ ਬਿਜ਼ਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ

## ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।

Copyright @ Punjab Mail USA

*AMERICAN PETROLEUM AND CONVENIENCE STORE ASSOCIATION Presents*



# *Golf Tournament 2026*

*Supporting non- Profits*

## Children's Miracle Network

## Wednesday, April 8th, 2026

*Chardonnay Golf Course, Napa County, CA 94503*

*This is a popular event, sells out quickly, please RSVP ASAP*






*For More Information*

**KEWAL KRISHAN: 510-290-7144** | **kewal@apca.us**

ੴ ਸਤਿਗੁਰ ਪ੍ਰਸਾਦਿ॥

ਜੇਹਾ ਚੀਰੀ ਲਿਖਿਆ ਤੇਹਾ ਹੁਕਮ ਕਮਾਹਿ। ਘਲੇ ਆਵੇ ਨਾਨਕਾ ਸਦੇ ਉਠੀ ਜਾਹਿ॥

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾਤਾ ਸ. ਤਜਿੰਦਰਪਾਲ ਸਿੰਘ ਭੁੱਲਰ ਅਕਾਲ ਚਲਾਣਾ ਕਰ ਗਏ



Copyright@Punjab Mail USA

## ਸ. ਤਜਿੰਦਰਪਾਲ ਸਿੰਘ ਭੁੱਲਰ

**ਲਾਈਵ ਓਕ (ਕੈਲੀਫੋਰਨੀਆ), (ਪੰਜਾਬ ਮੇਲ)**- ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸ. ਤਜਿੰਦਰਪਾਲ ਸਿੰਘ ਭੁੱਲਰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਕੇ ਪਰਲੋਕ ਸਿਧਾਰ ਗਏ ਹਨ। ਉਹ 58 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਪਿਛਲਾ ਪਿੰਡ ਭਾਈਕਾ ਦਿਆਲਾਪੁਰਾ, ਜ਼ਿਲ੍ਹਾ ਬਠਿੰਡਾ ਸੀ ਅਤੇ ਇਸ ਵੇਲੇ ਉਹ ਕੈਲੀਫੋਰਨੀਆ ਦੇ ਸ਼ਹਿਰ ਲਾਈਵ ਓਕ ਵਿਖੇ ਰਹਿ ਰਹੇ ਸਨ। ਪਿਛਲੇ ਕੁੱਝ ਸਮੇਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ, ਜਿਸ ਕਰਕੇ ਉਨ੍ਹਾਂ ਨੇ ਪੋਸਟ ਆਫਿਸ ਦੀ ਨੌਕਰੀ ਛੱਡ ਦਿੱਤੀ ਸੀ ਅਤੇ ਆਪਣਾ ਇਲਾਜ ਕਰਵਾ ਰਹੇ ਸਨ। ਉਨ੍ਹਾਂ ਨੂੰ ਆਖਰੀ ਸਮੇਂ ਇਲਾਜ ਲਈ ਪਹਿਲਾਂ ਯੂਬਾ ਸਿਟੀ ਅਤੇ ਬਾਅਦ ਵਿਚ ਸਾਨ ਫਰਾਂਸਿਸਕੋ ਵਿਖੇ ਲਿਜਾਇਆ ਗਿਆ, ਜਿੱਥੇ ਉਨ੍ਹਾਂ ਨੇ ਅੰਤਿਮ ਸਵਾਸ ਲਏ। ਉਹ ਆਪਣੇ ਪਿੱਛੇ ਪਤਨੀ ਪਰਵਿੰਦਰ ਕੌਰ ਅਤੇ 3 ਬੱਚਿਆਂ ਨੂੰ ਰੌਂਦਿਆਂ-ਕੁਰਲਾਉਂਦਿਆਂ ਛੱਡ ਗਏ ਹਨ।

ਉਨ੍ਹਾਂ ਦਾ ਅੰਤਿਮ ਸਸਕਾਰ 29 ਮਾਰਚ, ਦਿਨ ਐਤਵਾਰ ਨੂੰ **715 Shasta Street, Yuba City funeral home** ਵਿਖੇ 11 ਵਜੇ ਤੋਂ 1 ਵਜੇ ਤੱਕ ਹੋਵੇਗਾ। ਉਪਰੰਤ ਆਤਮਿਕ ਸ਼ਾਂਤੀ ਲਈ ਰਖਾਏ ਗਏ ਸ੍ਰੀ ਸਹਿਜ ਪਾਠ ਜੀ ਦੇ ਭੋਗ ਗੁਰੂ ਘਰ, **2269 Bogue road, Yuba City** ਵਿਖੇ ਨਵੀਂ ਬਿਲਡਿੰਗ ਵਿਚ 2 ਵਜੇ ਤੱਕ ਪੈਣਗੇ।

ਜ਼ਿਕਰਯੋਗ ਹੈ ਕਿ ਸ. ਤਜਿੰਦਰਪਾਲ ਸਿੰਘ ਭੁੱਲਰ ਪਿਛਲੇ ਲੰਮੇਂ ਸਮੇਂ ਤੋਂ ਪੰਜਾਬ ਦੀ ਜੇਲ੍ਹ ਵਿਚ ਸਜ਼ਾਯਾਫਤਾ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਛੋਟੇ ਭਰਾ ਸਨ ਅਤੇ ਉਹ ਲਾਈਵ ਓਕ (ਕੈਲੀਫੋਰਨੀਆ) ਦੇ ਨਾਮਵਰ ਜ਼ਿਮੀਂਦਾਰ ਸ. ਹਰਬੰਸ ਸਿੰਘ ਪੰਮਾ ਦੇ ਜਵਾਈ ਸਨ। ਦੁਨੀਆਂ ਭਰ ਵਿਚ ਸ. ਤਜਿੰਦਰਪਾਲ ਸਿੰਘ ਭੁੱਲਰ ਦੇ ਅਚਾਨਕ ਵਿਛੋੜੇ 'ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ ਹੈ।

**ਦੁਖੀ ਹਿਰਦੇ**

ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ (ਭਰਾ) (ਇੰਡੀਆ)

ਇੰਦਰਪਾਲ ਸਿੰਘ ਭੁੱਲਰ (ਬੇਟਾ) : 530-763-8019


ਹਰਬੰਸ ਸਿੰਘ ਪੰਮਾ : 530-701-4741

ਹਰੀਪਾਲ ਸਿੰਘ ਭੁੱਲਰ (ਬੇਟਾ) : 530-763-8996

ਮਨਵੀਰ ਸਿੰਘ ਭੁੱਲਰ (ਬੇਟਾ) : 530-434-3409

# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਹੋਲੇ-ਮਹੱਲੇ ਨੂੰ ਸਮਰਪਿਤ ਚੌਥੇ ਮਹਾਨ ਨਗਰ ਕੀਰਤਨ ਦਾ ਸ਼ਾਨਦਾਰ ਆਯੋਜਨ

## ਸੰਗਤਾਂ ਦਾ ਹੋਇਆ ਰਿਕਾਰਡਤੋੜ ਇਕੱਠ


















# ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵਿਖੇ ਹੋਲੇ-ਮਹੱਲੇ ਨੂੰ ਸਮਰਪਿਤ ਚੌਥੇ ਮਹਾਨ ਨਗਰ ਕੀਰਤਨ ਦਾ ਸ਼ਾਨਦਾਰ ਆਯੋਜਨ












**ਸੈਕਰਾਮੈਂਟੋ, (ਪੰਜਾਬ ਮੇਲ)**- ਗੁਰਦੁਆਰਾ ਸਾਹਿਬ ਬਰਾਡਸ਼ਾਅ ਰੋਡ, ਸੈਕਰਾਮੈਂਟੋ ਵੱਲੋਂ ਹੋਲੇ-ਮਹੱਲੇ ਦੇ ਪਵਿੱਤਰ ਮੌਕੇ ’ਤੇ ਚੌਥੇ ਮਹਾਨ ਨਗਰ ਕੀਰਤਨ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਕਈ ਦਿਨਾਂ ਤੱਕ ਚੱਲੇ ਇਸ ਮਹਾਨ ਧਾਰਮਿਕ ਸਮਾਗਮ ਵਿਚ ਦੂਰੋਂ-ਨੇੜਿਓਂ ਸੰਗਤਾਂ ਨੇ ਭਾਰੀ ਗਿਣਤੀ ਵਿਚ ਸ਼ਿਰਕਤ ਕੀਤੀ। ਇਸ ਵਾਰ ਸੰਗਤਾਂ ਦਾ ਇਕੱਠ ਰਿਕਾਰਡਤੋੜ ਰਿਹਾ, ਜਿਸ ਨੇ ਸਮਾਗਮ ਦੀ ਵਿਸ਼ੇਸ਼ ਮਹੱਤਤਾ ਨੂੰ ਹੋਰ ਵੀ ਉਜਾਗਰ ਕੀਤਾ।

ਇਸ ਮੌਕੇ ’ਤੇ ਪੰਥ ਦੇ ਪ੍ਰਸਿੱਧ ਕਥਾਵਾਚਕ, ਕੀਰਤਨੀ ਜੱਥੇ, ਢਾਡੀ ਜੱਥੇ ਅਤੇ ਕਵੀਸ਼ਰ ਵਿਸ਼ੇਸ਼ ਤੌਰ ’ਤੇ ਪਹੁੰਚੇ। ਉਨ੍ਹਾਂ ਨੇ ਆਪਣੀ ਰੂਹਾਨੀ ਹਾਜ਼ਰੀ ਨਾਲ ਸੰਗਤ ਨੂੰ ਗੁਰਬਾਣੀ ਅਤੇ ਗੁਰੂ ਇਤਿਹਾਸ ਨਾਲ ਜੋੜੀ ਰੱਖਿਆ। ਕਈ ਦਿਨਾਂ ਤੱਕ ਗੁਰਬਾਣੀ ਦਾ ਅਟੁੱਟ ਪ੍ਰਵਾਹ ਚੱਲਦਾ ਰਿਹਾ, ਜਿਸ ਨਾਲ ਸਮੂਹ ਇਲਾਕਾ ਆਧਿਆਤਮਿਕ ਰੰਗ ਵਿਚ ਰੰਗਿਆ ਰਿਹਾ।

ਮੁੱਖ ਸਮਾਗਮ ਅਖੀਰਲੇ ਤਿੰਨ ਦਿਨਾਂ ਦੌਰਾਨ ਵਿਸ਼ੇਸ਼ ਰੂਪ ਵਿਚ ਮਨਾਇਆ ਗਿਆ। ਪਹਿਲੇ ਦਿਨ ਸ਼ਾਨਦਾਰ ਆਤਿਸ਼ਬਾਜ਼ੀ ਦਾ ਆਯੋਜਨ ਕੀਤਾ ਗਿਆ। ਦੂਜੇ ਦਿਨ ਸਵੇਰੇ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ ਅਤੇ ਨਵੇਂ ਪੁਸ਼ਾਕੇ ਪਹਿਨਾਏ ਗਏ। ਇਸ ਪਵਿੱਤਰ ਮੌਕੇ ’ਤੇ ਅੰਮ੍ਰਿਤ ਸੰਚਾਰ ਵੀ ਕਰਵਾਇਆ ਗਿਆ, ਜਿਸ ਦੌਰਾਨ ਬਹੁਤ ਸਾਰੀਆਂ ਸੰਗਤਾਂ ਨੇ ਅੰਮ੍ਰਿਤ ਛਕ ਕੇ ਗੁਰੂ ਵਾਲੀਆਂ ਬਣਨ ਦਾ ਸੁਭਾਗ ਪ੍ਰਾਪਤ ਕੀਤਾ।



ਸਮਾਗਮ ਦੌਰਾਨ ਥਾਂ-ਥਾਂ ’ਤੇ ਲੰਗਰਾਂ ਦੇ ਵਿਸ਼ਾਲ ਸਟਾਲ ਲਗਾਏ ਗਏ ਸਨ। ਇਸ ਦੇ ਨਾਲ ਹੀ ਵੱਖ-ਵੱਖ ਵਸਤੂਆਂ ਦੇ ਬਾਜ਼ਾਰ ਵੀ ਸਜੇ ਹੋਏ ਸਨ, ਜਿਨ੍ਹਾਂ ਨੇ ਪੰਜਾਬ ਵਾਲਾ ਮਾਹੌਲ ਸਿਰਜ ਦਿੱਤਾ। ਸਮੂਹ ਪ੍ਰਬੰਧ ਬੇਹੱਦ ਸੁਚੱਜੇ ਅਤੇ ਸ਼ਲਾਘਾਯੋਗ ਰਹੇ।

ਤੀਜੇ ਦਿਨ ਸਵੇਰੇ ਅਰਦਾਸ ਉਪਰੰਤ ਪੰਜ ਪਿਆਰਿਆਂ ਦੀ ਅਗਵਾਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਹਿਨੁਮਾਈ ਹੇਠ ਨਗਰ ਕੀਰਤਨ ਦਾ ਸ਼ੁੱਭ ਆਰੰਭ ਹੋਇਆ। ਗਤਕਾ ਟੀਮਾਂ ਆਪਣੇ ਜੌਹਰ ਵਿਖਾ ਰਹੀਆਂ ਸਨ ਅਤੇ ਕਈ ਸੁੰਦਰ ਫਲੋਟ ਵੀ ਇਸ ਨਗਰ ਕੀਰਤਨ ਦਾ ਹਿੱਸਾ ਬਣੇ। ਇਹ ਨਗਰ ਕੀਰਤਨ ਪੂਰੇ ਸ਼ਹਿਰ ਵਿਚੋਂ ਗੁਜ਼ਰਦਾ ਹੋਇਆ ਸ਼ਾਮ ਸਮੇਂ ਵਾਪਸ ਗੁਰਦੁਆਰਾ ਸਾਹਿਬ ਪਹੁੰਚਿਆ।

ਅਰਦਾਸ ਉਪਰੰਤ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਸਵਾਰੀ ਨੂੰ ਦੁਬਾਰਾ ਗੁਰਦੁਆਰਾ ਸਾਹਿਬ ਦੇ ਦੀਵਾਨ ਹਾਲ ਵਿਚ ਸੁਸ਼ੋਭਿਤ ਕੀਤਾ ਗਿਆ।

ਕੁੱਲ ਮਿਲਾ ਕੇ, ਇਸ ਵਾਰ ਦਾ ਨਗਰ ਕੀਰਤਨ ਬੇਹੱਦ ਪ੍ਰਭਾਵਸ਼ਾਲੀ, ਅਨੁਸ਼ਾਸਿਤ ਅਤੇ ਯਾਦਗਾਰ ਰਿਹਾ। ਸੰਗਤਾਂ ਦੇ ਰਿਕਾਰਡਤੋੜ ਇਕੱਠ ਨੇ ਇਹ ਸਾਬਤ ਕਰ ਦਿੱਤਾ ਕਿ ਪ੍ਰਬੰਧਕ ਕਮੇਟੀ ਨੇ ਇਸ ਵਾਰ ਬਹੁਤ ਹੀ ਸਮਰਪਣ ਅਤੇ ਸੁਚੱਜੇ ਢੰਗ ਨਾਲ ਸੇਵਾਵਾਂ ਨਿਭਾਈਆਂ। ਸ਼ਾਂਤੀਪੂਰਵਕ ਅਤੇ ਸ਼ਾਨਦਾਰ ਢੰਗ ਨਾਲ ਸੰਪੰਨ ਹੋਏ ਇਸ ਮਹਾਨ ਸਮਾਗਮ ਦੀ ਹਰ ਪਾਸੇ ਭਰਪੂਰ ਸਰਾਹਨਾ ਕੀਤੀ ਜਾ ਰਹੀ ਹੈ।

# ਸੰਨੀ ਓਬਰਾਏ ਵਿਵੇਕ ਸਦਨ ਸ੍ਰੀ ਅਨੰਦਪੁਰ ਵਿਖੇ ਭਵਿੱਖੀ ਯੂਨੀਵਰਸਿਟੀ ਦਾ ਨੀਂਹ ਪੱਥਰ ਰੱਖਿਆ







**ਸ੍ਰੀ ਅਨੰਦਪੁਰ ਸਾਹਿਬ, (ਪੰਜਾਬ ਮੇਲ)**- ਸੰਨੀ ਓਬਰਾਏ ਵਿਵੇਕ ਸਦਨ ਸ੍ਰੀ ਅਨੰਦਪੁਰ ਨੂੰ ਭਵਿੱਖੀ ਯੂਨੀਵਰਸਿਟੀ ਦੇ ਤੌਰ 'ਤੇ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ 'ਤੇ ਸਥਾਪਤ ਕਰਨ ਦਾ ਐਲਾਨ ਦੁਬਈ ਦੇ ਧਨਾਢ ਸਿੱਖ ਪ੍ਰੋ. ਸੁਰਿੰਦਰਪਾਲ ਸਿੰਘ ਓਬਰਾਏ ਨੇ ਕੁਝ ਸਮਾਂ ਪਹਿਲਾਂ ਲਿਆ ਸੀ। ਇਸ ਕੰਮ ਨੂੰ ਠੀਕ ਢੰਗ ਨਾਲ ਚਲਾਉਣ ਤੇ ਇਸ ਯੂਨੀਵਰਸਿਟੀ ਦੀ ਐਫੀਲੀਏਸ਼ਨ ਅਤੇ ਸਰਕਾਰੀ ਅਰਧ ਸਰਕਾਰੀ ਪ੍ਰਵਾਨਗੀਆਂ ਲਈ ਪ੍ਰਸਿੱਧ ਅਕਾਦਮੀਸ਼ੀਅਨ ਪ੍ਰੋਫੈਸਰ ਸਰਬਜਿੰਦਰ ਸਿੰਘ ਦੀ ਨਿਯੁਕਤੀ ਬਤੌਰ ਵਾਈਸ-ਚਾਂਸਲਰ ਕਰ ਦਿੱਤੀ ਗਈ ਸੀ, ਜਿਨ੍ਹਾਂ ਨੇ ਇਸ ਸਾਰੇ ਪ੍ਰੋਜੈਕਟ ਨੂੰ ਆਪਣੇ ਹੱਥ ਵਿਚ ਲੈ ਇਸ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਕਈ ਹਜ਼ਾਰ ਕਰੋੜ ਰੁਪਏ ਦੇ ਇਸ ਪ੍ਰੋਜੈਕਟ ਨੂੰ ਸੰਪੂਰਨ ਹੋਣ ਲਈ ਲੰਮੇ ਸਮੇਂ ਦੀ ਵੀ ਲੋੜ ਸੀ। ਇਸ ਕਾਰਜ ਲਈ ਪ੍ਰਬੰਧਕੀ ਬਲਾਕ ਦੀ ਉਸਾਰੀ ਸੰਪੂਰਨ ਕਰ ਲਈ ਗਈ ਸੀ ਤੇ ਇਸ ਦੇ ਨਾਲ ਹੀ ਕਾਨਫਰੰਸ ਹਾਲ, ਸੈਮੀਨਾਰ ਹਾਲ, ਲਾਇਬ੍ਰੇਰੀ, ਵਾਈਸ-ਚਾਂਸਲਰ ਦਫਤਰ, ਡੀਨ ਦਫਤਰ ਆਦਿ ਤਿਆਰ ਕਰ ਲਏ ਗਏ ਸਨ।

ਯੂਨੀਵਰਸਿਟੀ ਦੇ ਮਹੱਤਵਪੂਰਨ ਭਾਗ ਅਕਾਦਮਿਕ ਵਿੰਗ ਦੀ ਤਿਆਰੀ ਲਈ 'ਪੰਜ ਪਿਆਰੇ ਤਖਤ ਸ੍ਰੀ ਕੇਸਗੜ੍ਹ ਸਾਹਿਬ' ਦੀ ਪਵਿੱਤਰ ਅਗਵਾਈ ਵਿਚ ਨੀਂਹ ਪੱਥਰ ਦੀ ਪਵਿੱਤਰ ਰਸਮ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਦਾ ਓਟ ਆਸਰਾ ਲੈਣ ਲਈ ਸਿੰਘ ਸਾਹਿਬ ਗਿਆਨੀ ਜੁਗਿੰਦਰ ਸਿੰਘ ਜੀ ਦੁਆਰਾ ਕੀਤੀ ਅਰਦਾਸ ਨਾਲ ਸ਼ੁਰੂ ਹੋਈ, ਜਿਸ ਵਿਚ ਪੰਜ ਪਿਆਰੇ, ਸਿੰਘ ਸਾਹਿਬ ਗਿਆਨੀ ਜੁਗਿੰਦਰ ਸਿੰਘ, ਸੰਤ ਬਾਬਾ ਸਤਨਾਮ ਸਿੰਘ ਕਾਰ ਸੇਵਾ ਅਨੰਦਗੜ੍ਹ ਸਾਹਿਬ ਵਾਲੇ, ਭਾਈ (ਡਾ.) ਸੁਖਵਿੰਦਰ ਸਿੰਘ ਜੀ ਨੇ ਭਾਗ ਲਿਆ।

ਇਸ ਸਾਰੇ ਕਾਰਜ ਦੇ ਸਰਪ੍ਰਸਤ ਤੇ ਯੂਨੀਵਰਸਿਟੀ ਦੇ ਬਣਨ ਵਾਲੇ ਚਾਂਸਲਰ ਪ੍ਰੋਫੈਸਰ ਸੁਰਿੰਦਰਪਾਲ ਸਿੰਘ ਓਬਰਾਏ ਨੇ ਕਿਹਾ ਕਿ ਬਹੁਤ ਆਲੀਸ਼ਾਨ ਇਮਾਰਤ ਤਿਆਰ ਕੀਤੀ ਜਾਵੇਗੀ, ਜੋ ਹਰ ਸਹੂਲਤ ਨਾਲ ਲੈਸ ਹੋਵੇਗੀ। ਵਾਈਸ ਚਾਂਸਲਰ ਡਾ. ਸਰਬਜਿੰਦਰ ਸਿੰਘ ਜੀ ਨੇ ਕਿਹਾ ਕਿ ਮੈਂ ਤਨਦੇਹੀ ਨਾਲ ਸਾਰੇ ਕਾਰਜ ਕਰ ਰਿਹਾ ਹਾਂ ਤੇ ਹਰ ਚੀਜ਼ ਨੂੰ ਬਹੁਤ ਨੀਝ ਨਾਲ ਵੇਖ ਵੀ ਰਿਹਾ ਹਾਂ। ਮੈਨੂੰ ਵਿੱਤ ਦੀ ਕੋਈ ਸਮੱਸਿਆ ਨਹੀਂ ਹੈ, ਇਸ ਲਈ ਹਰੇਕ ਕਾਰਜ ਸਹਿਜ ਨਾਲ ਚੱਲ ਰਹੇ ਹਨ। ਉਨ੍ਹਾਂ ਕਿਹਾ ਕਿ ਯੂਨੀਵਰਸਿਟੀ ਦੇ ਸਾਰੇ ਕਰਮਚਾਰੀ ਇਸ ਕਾਰਜ ਵਿਚ ਮੇਰੇ ਨਾਲ ਦਿਨ-ਰਾਤ ਸਰਗਰਮ ਹਨ। ਡੀਨ ਅਕਾਦਮਿਕ ਡਾ. ਭੁਪਿੰਦਰ ਕੌਰ ਜੀ ਦੇ ਅਨੰਦਪੁਰ ਸਾਹਿਬ ਦੇ ਵਸਨੀਕ ਹੋਣ ਕਾਰਣ ਬਹੁਤ ਸਾਰੇ ਔਖੇ ਕਾਰਜ ਸੌਖੇ ਨਜਿੱਠਣ ਦੀ ਸਹੂਲੀਅਤ ਰਹਿੰਦੀ ਹੈ। ਸਰਬੱਤ ਦਾ ਭਲਾ ਵੀ ਮੋਢੇ ਨਾਲ ਮੋਢਾ ਜੋੜ ਸਾਡੀ ਮਦਦ ਕਰ ਰਿਹਾ ਹੈ।

# ਮਿਡਲ ਈਸਟ 'ਚ ਜਾਰੀ ਜੰਗ ਨੂੰ ਖਤਮ ਕਰਨ ਲਈ ਕੂਟਨੀਤਕ ਕੋਸ਼ਿਸ਼ਾਂ ਤੇਜ਼

**■ ਅਮਰੀਕੀ ਰਾਸ਼ਟਰਪਤੀ ਵੱਲੋਂ ਪਾਕਿਸਤਾਨ ਫੌਜ ਮੁਖੀ ਨਾਲ ਫ਼ੋਨ 'ਤੇ ਚਰਚਾ**

**ਵਾਸ਼ਿੰਗਟਨ, (ਪੰਜਾਬ ਮੇਲ)**- ਮਿਡਲ ਈਸਟ 'ਚ ਜਾਰੀ ਜੰਗ ਨੂੰ ਖ਼ਤਮ ਕਰਨ ਲਈ ਕੂਟਨੀਤਕ ਕੋਸ਼ਿਸ਼ਾਂ ਤੇਜ਼ ਹੋ ਗਈਆਂ ਹਨ। ਵ੍ਹਾਈਟ ਹਾਊਸ ਨੇ ਪੁਸ਼ਟੀ ਕੀਤੀ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਾਕਿਸਤਾਨੀ ਫ਼ੌਜ ਦੇ ਮੁਖੀ ਜਨਰਲ ਅਸੀਮ ਮੁਨੀਰ ਨਾਲ ਫ਼ੋਨ 'ਤੇ ਇਰਾਨ ਸੰਕਟ ਬਾਰੇ ਵਿਸਤਾਰ ਵਿਚ ਚਰਚਾ ਕੀਤੀ ਹੈ।

ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨੇ ਇਸ ਫ਼ੋਨ ਕਾਲ ਦੀ ਪੁਸ਼ਟੀ ਤਾਂ ਕੀਤੀ ਹੈ, ਪਰ ਮਾਮਲੇ ਦੀ ਸੰਵੇਦਨਸ਼ੀਲਤਾ ਨੂੰ ਦੇਖਦੇ ਹੋਏ ਵੇਰਵੇ ਸਾਂਝੇ ਕਰਨ ਤੋਂ ਇਨਕਾਰ ਕਰ ਦਿੱਤਾ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੇਵਿਟ ਨੇ ਕਿਹਾ ਕਿ ਅਮਰੀਕਾ ਮੀਡੀਆ ਰਾਹੀਂ ਕੋਈ ਗੱਲਬਾਤ ਨਹੀਂ ਕਰੇਗਾ।

ਰਿਪੋਰਟਾਂ ਅਨੁਸਾਰ ਪਾਕਿਸਤਾਨ ਨੇ ਇਸਲਾਮਾਬਾਦ ਨੂੰ ਅਮਰੀਕੀ ਅਤੇ ਇਰਾਨੀ ਅਧਿਕਾਰੀਆਂ ਵਿਚਕਾਰ ਗੱਲਬਾਤ ਲਈ ਇੱਕ ਸੰਭਾਵੀ ਸਥਾਨ ਵਜੋਂ ਪੇਸ਼ ਕੀਤਾ ਹੈ। ਪਾਕਿਸਤਾਨੀ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਵੀ ਇਰਾਨੀ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨਾਲ ਗੱਲਬਾਤ ਕਰਕੇ ਜੰਗ ਕਾਰਨ ਹੋਏ ਜਾਨੀ-ਮਾਲੀ ਨੁਕਸਾਨ 'ਤੇ ਦੁੱਖ ਪ੍ਰਗਟਾਇਆ ਅਤੇ ਤਣਾਅ ਘਟਾਉਣ ਲਈ ਕੂਟਨੀਤੀ ਦਾ ਰਸਤਾ ਅਪਣਾਉਣ ਦੀ ਅਪੀਲ ਕੀਤੀ।

ਇਹ ਗੱਲਬਾਤ ਅਜਿਹੇ ਸਮੇਂ ਹੋਈ ਹੈ, ਜਦੋਂ ਰਾਸ਼ਟਰਪਤੀ ਟਰੰਪ ਨੇ ਇਰਾਨ ਦੇ ਊਰਜਾ ਢਾਂਚੇ 'ਤੇ ਕੀਤੇ ਜਾਣ ਵਾਲੇ ਹਮਲਿਆਂ ਨੂੰ ਫਿਲਹਾਲ ਟਾਲਣ ਦਾ ਸੰਕੇਤ ਦਿੱਤਾ ਹੈ। ਟਰੰਪ ਨੇ ਕਿਹਾ ਕਿ ਇਰਾਨ ਤੇ ਅਮਰੀਕਾ ਵਿਚਾਲੇ ਕਾਫੀ ਸੁਚਾਰੂ ਗੱਲਬਾਤ ਹੋਈ ਹੈ ਤੇ ਉਮੀਦ ਹੈ ਕਿ ਗੱਲਬਾਤ ਰਾਹੀਂ ਇਹ ਜੰਗ ਦਾ ਅੰਤ ਲੱਭਿਆ ਜਾ ਸਕਦਾ ਹੈ।

ਪਰ ਉੱਥੇ ਹੀ ਇਰਾਨ ਨੇ ਅਮਰੀਕਾ ਨਾਲ ਕਿਸੇ ਵੀ ਸਿੱਧੀ ਗੱਲਬਾਤ ਤੋਂ ਇਨਕਾਰ ਕੀਤਾ ਹੈ, ਪਰ ਉਸ ਦੇ ਵਿਦੇਸ਼ ਮੰਤਰਾਲੇ ਨੇ ਸਵੀਕਾਰ ਕੀਤਾ ਹੈ ਕਿ ਉਨ੍ਹਾਂ ਨੂੰ ਕੁਝ ਮਿੱਤਰ ਦੇਸ਼ਾਂ ਰਾਹੀਂ ਅਮਰੀਕਾ ਦੇ ਗੱਲਬਾਤ ਦੇ ਸੰਦੇਸ਼ ਪ੍ਰਾਪਤ ਹੋਏ ਹਨ, ਜਿਸ ਮਗਰੋਂ ਆਖ਼ਿਰਕਾਰ ਇਸ ਜੰਗ ਦੇ ਖ਼ਤਮ ਹੋਣ ਦੀ ਉਮੀਦ ਜਾਗੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**


Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਖ਼ੁਦ ਦੇਸ਼ ਛੱਡਣ 'ਤੇ 2600 ਡਾਲਰ 'ਐਗਜ਼ਿਟ ਬੋਨਸ' ਦੀ ਪੇਸ਼ਕਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਹੋਮਲੈਂਡ ਸਕਿਓਰਿਟੀ ਵਿਭਾਗ (ਡੀ.ਐੱਚ.ਐੱਸ.) ਨੇ ਭਾਰਤ ਸਣੇ ਹੋਰ ਦੇਸ਼ਾਂ ਦੇ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਮੁਫ਼ਤ ਵਿਚ ਉਨ੍ਹਾਂ ਦੇ ਵਤਨ ਵਾਪਸ ਭੇਜਣ ਅਤੇ ਨਾਲ ਹੀ 2,600 ਅਮਰੀਕੀ ਡਾਲਰ (ਲਗਪਗ 2.15 ਲੱਖ ਰੁਪਏ) ਦਾ 'ਐਗਜ਼ਿਟ ਬੋਨਸ' ਦੇਣ ਦੇ ਪੋਸਟਰ ਜਾਰੀ ਕੀਤੇ ਹਨ। ਹੋਮਲੈਂਡ ਸਕਿਓਰਿਟੀ ਵਿਭਾਗ ਨੇ ਅਮਰੀਕਾ ਵਿਚ ਰਹਿ ਰਹੇ ਗ਼ੈਰ-ਕਾਨੂੰਨੀ ਪਰਵਾਸੀਆਂ ਨੂੰ ਨਿਸ਼ਾਨਾ ਬਣਾਉਣ ਵਾਲੀ ਇਸ ਸਵੈ-ਦੇਸ਼ ਨਿਕਾਲਾ ਮੁਹਿੰਮ ਨੂੰ ਉਤਸ਼ਾਹਿਤ ਕਰਨ ਲਈ ਤਾਜ ਮਹਿਲ ਸਣੇ ਕੋਲੰਬੀਆ ਅਤੇ ਚੀਨ ਦੀਆਂ ਪ੍ਰਮੁੱਖ ਇਮਾਰਤਾਂ ਦੀਆਂ ਤਸਵੀਰਾਂ ਦੀ ਵਰਤੋਂ ਕੀਤੀ ਹੈ। ਡੀ.ਐੱਚ.ਐੱਸ. ਨੇ ਕਿਹਾ, "ਜਦੋਂ ਤੁਸੀਂ ਖ਼ੁਦ ਦੇਸ਼ ਛੱਡਣ ਲਈ 'ਸੀ.ਬੀ.ਪੀ. ਹੋਮ' ਦੀ ਵਰਤੋਂ ਕਰਦੇ ਹੋ, ਤਾਂ ਘਰ ਵਾਪਸੀ ਲਈ ਮੁਫ਼ਤ ਫਲਾਈਟ ਅਤੇ 2,600 ਡਾਲਰ ਦਾ ਐਗਜ਼ਿਟ ਬੋਨਸ ਪ੍ਰਾਪਤ ਕਰ ਸਕਦੇ ਹੋ।" ਪ੍ਰਾਜੈਕਟ ਹੋਮਕਮਿੰਗ ਮੁਹਿੰਮ ਪਿਛਲੇ ਸਾਲ ਮਈ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਦੇ ਦੂਜੇ ਕਾਰਜਕਾਲ ਦੇ ਮੁੱਢ ਤੋਂ ਬਾਅਦ ਸ਼ੁਰੂ ਕੀਤੀ ਗਈ ਸੀ।

# ਅਮਰੀਕਾ ਨੇ ਇਰਾਨੀ ਤੇਲ 'ਤੇ ਲਗਾਈ ਪਾਬੰਦੀ 1 ਮਹੀਨੇ ਲਈ ਹਟਾਈ!



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੇ ਆਲਮੀ ਪੱਧਰ 'ਤੇ ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਕਾਬੂ ਹੇਠ ਰੱਖਣ ਦੀਆਂ ਕੋਸ਼ਿਸ਼ਾਂ ਤਹਿਤ ਸਮੁੰਦਰ 'ਚ ਫਸੇ ਇਰਾਨੀ ਤੇਲ ਦੀ ਵਿਕਰੀ 'ਤੇ ਲਾਈਆਂ ਪਾਬੰਦੀਆਂ ਆਰਜ਼ੀ ਤੌਰ 'ਤੇ ਇਕ ਮਹੀਨੇ ਲਈ ਹਟਾਉਣ ਦਾ ਐਲਾਨ ਕੀਤਾ ਹੈ। ਤੇਲ ਟੈਂਕਰਾਂ 'ਚ ਲੱਦੇ ਇਰਾਨੀ ਤੇਲ 'ਤੇ ਪਾਬੰਦੀਆਂ 'ਚ ਢਿੱਲ ਸ਼ੁੱਕਰਵਾਰ ਤੋਂ ਲਾਗੂ ਹੋ ਗਈ ਹੈ, ਜੋ 19 ਅਪ੍ਰੈਲ ਤੱਕ ਜਾਰੀ ਰਹੇਗੀ। ਅਮਰੀਕੀ ਵਿੱਤ ਮੰਤਰੀ ਸਕੌਟ ਬੇਸੈਂਟ ਨੇ ਕਿਹਾ ਕਿ ਇਸ ਆਰਜ਼ੀ ਕਦਮ ਨਾਲ 14 ਕਰੋੜ ਬੈਰਲ ਇਰਾਨੀ ਤੇਲ ਆਲਮੀ ਬਾਜ਼ਾਰ 'ਚ ਉਪਲਬਧ ਕਰਵਾਇਆ ਜਾਵੇਗਾ। ਬੇਸੈਂਟ ਨੇ 'ਐਕਸ' 'ਤੇ ਕਿਹਾ, "ਇਹ ਆਰਜ਼ੀ ਖੁੱਲ੍ਹ ਸਿਰਫ਼ ਉਸ ਤੇਲ ਤੱਕ ਸੀਮਤ ਹੈ, ਜੋ ਪਹਿਲਾਂ ਤੋਂ ਹੀ ਰਸਤੇ 'ਚ ਹੈ ਅਤੇ ਇਸ 'ਚ ਨਵੀਂ ਖ਼ਰੀਦ ਜਾਂ ਉਤਪਾਦਨ ਦੀ ਮਨਜ਼ੂਰੀ ਸ਼ਾਮਲ ਨਹੀਂ ਹੈ।" ਇਕ ਅਮਰੀਕੀ ਅਧਿਕਾਰੀ ਨੇ ਦਾਅਵਾ ਕੀਤਾ ਕਿ ਹਾਲ ਦੀ ਘੜੀ ਪਾਬੰਦੀਸ਼ੁਦਾ ਇਰਾਨੀ ਤੇਲ ਨੂੰ ਚੀਨ ਸਸਤੇ ਭਾਅ 'ਤੇ ਜਮ੍ਹਾਂ ਕਰ ਰਿਹਾ ਹੈ। ਇਰਾਨ ਨੂੰ ਇਸ ਤੋਂ ਹੋਣ ਵਾਲੀ ਆਮਦਨ ਹਾਸਲ ਕਰਨ 'ਚ ਮੁਸ਼ਕਲ ਹੋਵੇਗੀ।

# ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਮਾਮਲੇ 'ਚ ਟਰੰਪ ਅੱਗੇ ਨਿਕਲੇ : ਸਰਵੇਖਣ

**ਵਾਸ਼ਿੰਗਟਨ, (ਪੰਜਾਬ ਮੇਲ)-** ਨਵੇਂ ਸਰਵੇਖਣ ਅਨੁਸਾਰ, ਜ਼ਿਆਦਾਤਰ ਏਸ਼ਿਆਈ ਅਮਰੀਕੀ, ਮੂਲ ਹਵਾਈਅਨ ਅਤੇ ਪ੍ਰਸ਼ਾਂਤ ਟਾਪੂ ਵਾਸੀ (ਏ.ਏ.ਪੀ.ਆਈ.) ਇਹ ਮੰਨਦੇ ਹਨ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਦੂਜੇ ਕਾਰਜਕਾਲ ਵਿਚ ਹੁਣ ਤੱਕ ਇਮੀਗ੍ਰੇਸ਼ਨ ਅਤੇ ਸਰਹੱਦੀ ਸੁਰੱਖਿਆ ਦੇ ਮੁੱਦੇ 'ਤੇ ਫਾਇਦੇ ਨਾਲੋਂ ਨੁਕਸਾਨ ਜ਼ਿਆਦਾ ਕੀਤਾ ਹੈ। ਏ.ਏ.ਪੀ.ਆਈ. ਡੇਟਾ ਅਤੇ 'ਐਸੋਸੀਏਟਿਡ ਪ੍ਰੈੱਸ-ਐੱਨ ਓ ਆਰ ਸੀ ਸੈਂਟਰ ਫਾਰ ਪਬਲਿਕ ਅਫੇਅਰਜ਼ ਰਿਸਰਚ' ਦੇ ਸਰਵੇਖਣ ਮੁਤਾਬਕ ਲਗਪਗ 10 ਵਿਚੋਂ 6 ਏ.ਏ.ਪੀ.ਆਈ. ਬਾਲਗ ਕਹਿੰਦੇ ਹਨ ਕਿ ਟਰੰਪ ਨੇ ਇਮੀਗ੍ਰੇਸ਼ਨ ਅਤੇ ਸਰਹੱਦੀ ਸੁਰੱਖਿਆ ਨੂੰ ਬਹੁਤ ਜ਼ਿਆਦਾ ਜਾਂ ਘੱਟ ਨੁਕਸਾਨ ਪਹੁੰਚਾਇਆ ਹੈ।

ਇਸ ਦੇ ਉਲਟ, ਜਨਵਰੀ ਦੇ ਇੱਕ ਸਰਵੇਖਣ ਵਿਚ ਲਗਪਗ 10 ਵਿਚੋਂ 4 ਆਮ ਅਮਰੀਕੀ ਬਾਲਗਾਂ ਨੇ ਅਜਿਹੀ ਸਲਾਹ ਦਿੱਤੀ ਸੀ।

**■ ਜ਼ਿਆਦਾਤਰ ਬਾਲਗਾਂ ਦੀ ਰਾਏ ; ਟਰੰਪ ਨੇ ਇਮੀਗ੍ਰੇਸ਼ਨ ਦੇ ਮੁੱਦੇ 'ਤੇ ਵੱਧ ਨੁਕਸਾਨ ਕੀਤਾ**




ਲਗਪਗ ਦੋ-ਤਿਹਾਈ ਏ.ਏ.ਪੀ.ਆਈ. ਬਾਲਗ ਜੋ ਆਮ ਅਮਰੀਕੀਆਂ ਦੇ ਮੁਕਾਬਲੇ ਡੈਮੋਕਰੈਟਿਕ ਪਾਰਟੀ ਦੇ ਜ਼ਿਆਦਾ ਸਮਰਥਕ ਹੁੰਦੇ ਹਨ, ਦਾ ਕਹਿਣਾ ਹੈ ਕਿ ਅਮਰੀਕਾ 'ਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣ ਦੇ ਮਾਮਲੇ ਵਿਚ ਟਰੰਪ ਬਹੁਤ ਅੱਗੇ ਨਿਕਲ ਗਏ ਹਨ।

# ਫੀਫਾ ਵਰਲਡ ਕੱਪ: ਮਿਡਲ ਈਸਟ ਜੰਗ ਕਾਰਨ ਈਰਾਨ ਵੱਲੋਂ ਅਮਰੀਕਾ ਜਾ ਕੇ ਖੇਡਣ ਤੋਂ ਸਾਫ਼ ਇਨਕਾਰ

**ਤਹਿਰਾਨ, (ਪੰਜਾਬ ਮੇਲ)-** ਮਿਡਲ ਈਸਟ ਵਿਚ ਜਾਰੀ ਜੰਗ ਅਤੇ ਵਧਦੇ ਤਣਾਅ ਦਾ ਅਸਰ ਹੁਣ ਖੇਡ ਜਗਤ 'ਤੇ ਵੀ ਦੇਖਣ ਨੂੰ ਮਿਲ ਰਿਹਾ ਹੈ। ਫੀਫਾ ਫੁੱਟਬਾਲ ਵਿਸ਼ਵ ਕੱਪ 2026 ਨੂੰ ਲੈ ਕੇ ਈਰਾਨ ਨੇ ਇੱਕ ਵੱਡਾ ਫੈਸਲਾ ਲੈਂਦਿਆਂ ਅਮਰੀਕਾ ਵਿਚ ਕੋਈ ਵੀ ਮੈਚ ਖੇਡਣ ਤੋਂ ਇਨਕਾਰ ਕਰ ਦਿੱਤਾ ਹੈ। ਹਾਲਾਂਕਿ, ਈਰਾਨ ਨੇ ਵਿਸ਼ਵ ਕੱਪ ਦੇ ਬਾਈਕਾਟ ਦੀ ਆਪਣੀ ਪੁਰਾਣੀ ਧਮਕੀ ਵਾਪਸ ਲੈ ਲਈ ਹੈ ਅਤੇ ਉਹ ਟੂਰਨਾਮੈਂਟ ਵਿਚ ਹਿੱਸਾ ਜ਼ਰੂਰ ਲਵੇਗਾ, ਪਰ ਉਸ ਦੀ ਸ਼ਰਤ ਹੈ ਕਿ ਉਸ ਦੇ ਮੈਚ ਅਮਰੀਕਾ ਤੋਂ ਬਾਹਰ ਕਰਵਾਏ ਜਾਣ।

ਈਰਾਨ ਨੇ ਫੀਫਾ ਤੋਂ ਮੰਗ ਕੀਤੀ ਹੈ ਕਿ ਉਸ ਦੇ ਮੈਚਾਂ ਦਾ ਵੇਨਿਊ (ਮੈਦਾਨ) ਬਦਲਿਆ ਜਾਵੇ। ਇਸ ਫੈਸਲੇ ਪਿੱਛੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਬਿਆਨ ਨੂੰ ਵੀ ਅਹਿਮ ਮੰਨਿਆ ਜਾ ਰਿਹਾ ਹੈ, ਜਿਸ ਵਿਚ ਉਨ੍ਹਾਂ ਨੇ ਸੁਰੱਖਿਆ ਕਾਰਨਾਂ ਦਾ ਹਵਾਲਾ ਦਿੰਦੇ ਹੋਏ ਈਰਾਨੀ ਟੀਮ ਨੂੰ ਅਮਰੀਕਾ ਵਿਚ ਨਾ ਖੇਡਣ ਦੀ ਸਲਾਹ ਦਿੱਤੀ ਸੀ। ਈਰਾਨੀ ਫੁੱਟਬਾਲ ਮੁਖੀ ਮੇਹਦੀ ਤਾਜ ਨੇ ਪੁਸ਼ਟੀ ਕੀਤੀ ਹੈ ਕਿ ਟੀਮ ਆਪਣੀਆਂ ਤਿਆਰੀਆਂ ਵਿਚ ਜੁਟੀ ਹੋਈ ਹੈ ਅਤੇ ਉਹ ਤੁਰਕੀ ਵਿਚ ਟ੍ਰੇਨਿੰਗ ਕੈਂਪ ਲਗਾਉਣ ਦੇ ਨਾਲ-ਨਾਲ ਉੱਥੇ ਦੋ ਦੋਸਤਾਨਾ ਮੈਚ ਵੀ ਖੇਡੇਗੀ।

ਇਸ ਵਿਵਾਦ ਦੇ ਵਿਚਕਾਰ ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬਾਮ ਨੇ ਇੱਕ ਨਵੀਂ ਰਾਹ ਦਿਖਾਈ ਹੈ। ਉਨ੍ਹਾਂ ਨੇ 17 ਮਾਰਚ ਨੂੰ ਪੇਸ਼ਕਸ਼ ਕੀਤੀ ਕਿ ਜੇਕਰ ਈਰਾਨ ਚਾਹੇ ਤਾਂ ਉਹ ਆਪਣੇ ਮੈਚ ਮੈਕਸੀਕੋ ਵਿੱਚ ਖੇਡ ਸਕਦਾ ਹੈ। ਜ਼ਿਕਰਯੋਗ ਹੈ ਕਿ 2026 ਦਾ ਵਿਸ਼ਵ ਕੱਪ ਅਮਰੀਕਾ, ਮੈਕਸੀਕੋ ਅਤੇ ਕੈਨੇਡਾ ਦੀ ਸਾਂਝੀ ਮੇਜ਼ਬਾਨੀ ਵਿਚ 11 ਜੂਨ ਤੋਂ 19 ਜੁਲਾਈ ਦੇ ਵਿਚਕਾਰ ਹੋਣਾ ਹੈ।

ਈਰਾਨ ਪਹਿਲਾਂ ਹੀ ਇਸ ਮਹਾਂਕੁੰਭ ਲਈ ਕੁਆਲੀਫਾਈ ਕਰ ਚੁੱਕਾ ਹੈ ਅਤੇ ਜੂਨ ਵਿਚ ਉਸ ਦੇ ਮੁਕਾਬਲੇ ਬੈਲਜੀਅਮ, ਮਿਸਰ ਅਤੇ ਨਿਊਜ਼ੀਲੈਂਡ ਵਿਰੁੱਧ ਤੈਅ ਹਨ, ਜੋ ਫਿਲਹਾਲ ਅਮਰੀਕਾ ਵਿਚ ਖੇਡੇ ਜਾਣੇ ਹਨ। ਫੀਫਾ ਨੇ ਅਜੇ ਤੱਕ ਸ਼ਡਿਊਲ ਵਿਚ ਕਿਸੇ ਵੀ ਬਦਲਾਅ ਤੋਂ ਇਨਕਾਰ ਕੀਤਾ ਹੈ ਅਤੇ ਸਾਰੀਆਂ ਟੀਮਾਂ ਨੂੰ ਤੈਅ ਪ੍ਰੋਗਰਾਮ ਦਾ ਪਾਲਣ ਕਰਨ ਲਈ ਕਿਹਾ ਹੈ। ਹੁਣ ਦੇਖਣਾ ਹੋਵੇਗਾ ਕਿ ਕੀ ਫੀਫਾ ਈਰਾਨ ਦੀ ਮੰਗ ਅੱਗੇ ਝੁਕਦਾ ਹੈ ਜਾਂ ਈਰਾਨ ਨੂੰ ਆਪਣੇ ਰੁਖ ਵਿਚ ਬਦਲਾਅ ਕਰਨਾ ਪਵੇਗਾ।

# 39 ਟ੍ਰਿਲੀਅਨ ਡਾਲਰ ਦਾ ਕਰਜ਼ਾਈ ਹੋਇਆ ਅਮਰੀਕਾ!

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਨੂੰ ਇਜ਼ਰਾਈਲ ਨਾਲ ਮਿਲ ਕੇ ਇਰਾਨ ਖ਼ਿਲਾਫ਼ ਛੇੜੀ ਹੋਈ ਜੰਗ ਮਹਿੰਗੀ ਪੈਂਦੀ ਦਿਖਾਈ ਦੇ ਰਹੀ ਹੈ। ਇਸੇ ਜੰਗ ਦਰਮਿਆਨ ਅਮਰੀਕਾ ਦੀ ਮੌਜੂਦਾ ਵਿੱਤੀ ਹਾਲਤ ਬਾਰੇ ਇੱਕ ਹੈਰਾਨੀਜਨਕ ਅੰਕੜਾ ਸਾਹਮਣੇ ਆਇਆ ਹੈ। ਤਾਜ਼ਾ ਰਿਪੋਰਟਾਂ ਅਨੁਸਾਰ, ਅਮਰੀਕਾ ਦਾ ਕੁੱਲ ਕਰਜ਼ਾ ਹੁਣ 39 ਟ੍ਰਿਲੀਅਨ ਡਾਲਰ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ। ਇਹ ਵਾਧਾ ਅਜਿਹੇ ਸਮੇਂ ਹੋਇਆ ਹੈ, ਜਦੋਂ ਦੇਸ਼ ਪਹਿਲਾਂ ਹੀ ਵਧਦੀ ਮਹਿੰਗਾਈ ਅਤੇ ਅੰਤਰਰਾਸ਼ਟਰੀ ਜੰਗ ਦੇ ਆਰਥਿਕ ਪ੍ਰਭਾਵਾਂ ਨਾਲ ਜੂਝ ਰਿਹਾ ਹੈ।

ਮੱਧ-ਪੂਰਬ ਵਿਚ ਚੱਲ ਰਹੀ ਜੰਗ ਅਤੇ ਇਰਾਨ ਵਿਰੁੱਧ ਫੌਜੀ ਕਾਰਵਾਈਆਂ ਕਾਰਨ ਅਮਰੀਕਾ ਦੇ ਰੱਖਿਆ ਬਜਟ 'ਤੇ ਭਾਰੀ ਦਬਾਅ ਪੈ ਰਿਹਾ ਹੈ। ਫੈਡਰਲ ਰਿਜ਼ਰਵ ਵੱਲੋਂ ਵਿਆਜ ਦਰਾਂ ਨੂੰ ਉੱਚੇ ਪੱਧਰ 'ਤੇ ਰੱਖਣ ਕਾਰਨ, ਪੁਰਾਣੇ ਕਰਜ਼ੇ 'ਤੇ ਵਿਆਜ ਦਾ ਭੁਗਤਾਨ ਕਰਨਾ ਸਰਕਾਰ ਲਈ ਹੋਰ ਮਹਿੰਗਾ ਹੋ ਗਿਆ ਹੈ। ਰਾਸ਼ਟਰਪਤੀ ਟਰੰਪ ਦੀਆਂ ਨਵੀਆਂ ਟੈਰਿਫ ਨੀਤੀਆਂ ਨੇ ਜਿੱਥੇ ਕੁਝ ਖੇਤਰਾਂ ਨੂੰ ਲਾਭ ਪਹੁੰਚਾਇਆ ਹੈ, ਉੱਥੇ ਹੀ ਨਿਰਮਾਣ ਖੇਤਰ ਵਿੱਚ ਲਾਗਤ ਵਧਣ ਕਾਰਨ ਆਰਥਿਕ ਸੰਤੁਲਨ ਪ੍ਰਭਾਵਿਤ ਹੋਇਆ ਹੈ।

ਇਸ ਮਾਮਲੇ 'ਤੇ ਮਾਹਿਰਾਂ ਦਾ ਕਹਿਣਾ ਹੈ ਕਿ ਵੱਡੇ ਪੱਧਰ 'ਤੇ ਇਹ ਕਰਜ਼ਾ ਲੰਬੇ ਸਮੇਂ ਵਿਚ ਅਮਰੀਕੀ ਡਾਲਰ ਦੀ ਸਥਿਤੀ ਨੂੰ ਕਮਜ਼ੋਰ ਕਰ ਸਕਦਾ ਹੈ। ਵਧਦੇ ਕਰਜ਼ੇ ਕਾਰਨ ਆਉਣ ਵਾਲੇ ਸਮੇਂ ਵਿਚ ਸਿਹਤ ਸੇਵਾਵਾਂ ਅਤੇ ਹੋਰ ਜਨਤਕ ਭਲਾਈ ਯੋਜਨਾਵਾਂ ਦੇ ਬਜਟ ਵਿਚ ਕਟੌਤੀ ਹੋਣ ਦਾ ਖ਼ਦਸ਼ਾ ਹੈ। ਇਹ ਅੰਕੜਾ 2026 ਦੀਆਂ ਆਉਣ ਵਾਲੀਆਂ ਚੋਣਾਂ ਵਿਚ ਇੱਕ ਵੱਡਾ ਮੁੱਦਾ ਬਣ ਸਕਦਾ ਹੈ। ਵਿਰੋਧੀ ਧਿਰਾਂ ਮੌਜੂਦਾ ਪ੍ਰਸ਼ਾਸਨ 'ਤੇ ਮਾੜੇ ਵਿੱਤੀ ਪ੍ਰਬੰਧਾਂ ਦੇ ਦੋਸ਼ ਲਗਾ ਰਹੀਆਂ ਹਨ, ਜਦਕਿ ਸਰਕਾਰ ਇਸ ਨੂੰ ਦੇਸ਼ ਦੀ ਸੁਰੱਖਿਆ ਅਤੇ ਬੁਨਿਆਦੀ ਢਾਂਚੇ ਲਈ ਜ਼ਰੂਰੀ ਨਿਵੇਸ਼ ਦੱਸ ਰਹੀ ਹੈ। 39 ਟ੍ਰਿਲੀਅਨ ਡਾਲਰ ਦਾ ਕਰਜ਼ਾ ਅਮਰੀਕੀ ਆਰਥਿਕਤਾ ਲਈ ਇੱਕ ਖ਼ਤਰੇ ਦੀ ਘੰਟੀ ਵਾਂਗ ਹੈ। ਜੇਕਰ ਖਰਚਿਆਂ ਨੂੰ ਕੰਟਰੋਲ ਨਾ ਕੀਤਾ ਗਿਆ, ਤਾਂ ਇਸ ਦਾ ਅਸਰ ਨਾ ਸਿਰਫ਼ ਅਮਰੀਕਾ ਸਗੋਂ ਪੂਰੀ ਦੁਨੀਆਂ ਦੀ ਆਰਥਿਕਤਾ 'ਤੇ ਦੇਖਣ ਨੂੰ ਮਿਲ ਸਕਦਾ ਹੈ।

# ਟਰੰਪ ਵੱਲੋਂ ਇਰਾਨ 'ਚ ਵੱਡੀ ਫੈਸਲਾਕੁੰਨ ਜੰਗੀ ਕਾਰਵਾਈ ਦੇ ਨਿਰਦੇਸ਼ ਜਾਰੀ ਕਰਨ ਦੀ ਸੰਭਾਵਨਾ

**ਵਾਸ਼ਿੰਗਟਨ, (ਪੰਜਾਬ ਮੇਲ)-** ਮੱਧ ਪੂਰਬ ਵਿਚ ਤੇਜ਼ੀ ਨਾਲ ਬਦਲ ਰਹੀ ਸੁਰੱਖਿਆ ਸਥਿਤੀ ਦੇ ਦਰਮਿਆਨ, ਅਮਰੀਕੀ ਰਾਸ਼ਟਰਪਤੀ ਵੱਲੋਂ ਇਰਾਨ ਖ਼ਿਲਾਫ਼ ਵੱਡੀ ਅਤੇ ਫੈਸਲਾਕੁੰਨ ਜੰਗੀ ਕਾਰਵਾਈ ਦੇ ਨਿਰਦੇਸ਼ ਜਾਰੀ ਕਰਨ ਦੀ ਸੰਭਾਵਨਾ ਨੇ ਅੰਤਰਰਾਸ਼ਟਰੀ ਪੱਧਰ 'ਤੇ ਚਿੰਤਾ ਵਧਾ ਦਿੱਤੀ ਹੈ। ਰਿਪੋਰਟਾਂ ਮੁਤਾਬਕ, ਅਮਰੀਕਾ ਦੇ ਤਿੰਨ ਜੰਗੀ ਬੇੜੇ ਲਗਭਗ 2000 ਸੈਨਿਕਾਂ ਨਾਲ ਅੱਗੇ ਵਧ ਰਹੇ ਹਨ, ਜਿਸ ਨਾਲ ਖੇਤਰ ਵਿਚ ਤਣਾਅ ਹੋਰ ਗੰਭੀਰ ਹੋ ਸਕਦਾ ਹੈ। ਇਹ ਕਦਮ ਸਿਰਫ਼ ਫੌਜੀ ਤਾਕਤ ਦਾ ਪ੍ਰਦਰਸ਼ਨ ਨਹੀਂ, ਸਗੋਂ ਇਰਾਨ 'ਤੇ ਦਬਾਅ ਬਣਾਉਣ ਲਈ ਇੱਕ ਰਣਨੀਤਿਕ ਸੁਨੇਹਾ ਵੀ ਮੰਨਿਆ ਜਾ ਰਿਹਾ ਹੈ, ਜਿਸਦੇ ਦੂਰਗਾਮੀ ਪ੍ਰਭਾਵ ਪੂਰੇ ਮੱਧ ਪੂਰਬ ਅਤੇ ਵਿਸ਼ਵ ਸਿਆਸਤ 'ਤੇ ਪੈ ਸਕਦੇ ਹਨ।

ਇਰਾਨ ਨਾਲ ਚੱਲ ਰਹੇ ਯੁੱਧ ਦੇ ਮਾਮਲੇ ਵਿਚ ਰਿਪਬਲਿਕਨ ਪਾਰਟੀ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡੇ ਪੱਧਰ 'ਤੇ ਸਿਆਸੀ ਸਮਰਥਨ ਮਿਲ ਰਿਹਾ ਹੈ। ਕਾਂਗਰਸ ਵਿਚ ਬਹੁਤ ਸਾਰੇ ਰਿਪਬਲਿਕਨ ਨੇ ਟਰੰਪ ਦੀ ਫੌਜੀ ਕਾਰਵਾਈ ਨੂੰ ਜਾਇਜ਼ ਕਰਾਰ ਦਿੰਦਿਆਂ ਉਸਦੇ ਖਿਲਾਫ ਜੰਗ ਰੋਕਣ ਵਾਲੇ ਪ੍ਰਸਤਾਵਾਂ ਨੂੰ ਰੋਕ ਦਿੱਤਾ ਹੈ। ਕਈ ਸਰਵੇਖਣਾਂ ਅਨੁਸਾਰ ਵੀ ਰਿਪਬਲਿਕਨ ਵੋਟਰਾਂ ਦੀ ਵੱਡੀ ਸੰਖਿਆ ਟਰੰਪ ਦੀ



ਇਰਾਨ ਖਿਲਾਫ ਕਾਰਵਾਈ ਨੂੰ ਸਮਰਥਨ ਕਰਦੀ ਹੈ, ਜਿਸਨੂੰ ਉਹ ਅਮਰੀਕੀ ਸੁਰੱਖਿਆ ਲਈ ਜ਼ਰੂਰੀ ਮੰਨਦੇ ਹਨ।

ਜਾਣਕਾਰੀ ਮੁਤਾਬਿਕ ਸੈਨ ਡਿਆਗੋ ਤੋਂ 'ਯੂ.ਐੱਸ.ਐੱਸ. ਬਾਕਸਰ' ਅਤੇ ਦੋ ਹੋਰ ਜਹਾਜ਼- ਯੂ.ਐੱਸ.ਐੱਸ. ਕਾਮਸਟਾਕ ਅਤੇ ਯੂ.ਐੱਸ.ਐੱਸ. ਪੋਰਟਲੈਂਡ 11ਵੀਂ ਮਰੀਨ ਐਕਸਪੀਡੀਸ਼ਨਰੀ ਯੂਨਿਟ ਦੇ ਲਗਭਗ 2,200 ਤੋਂ 2,500 ਮਰੀਨਾਂ ਸਮੇਤ ਪੱਛਮੀ ਏਸ਼ੀਆ ਲਈ ਰਵਾਨਾ ਹੋਏ ਹਨ। ਇੱਕ ਅਧਿਕਾਰੀ ਅਨੁਸਾਰ, ਇਹ ਸੈਨਿਕ ਤੈਅ ਸਮੇਂ ਤੋਂ ਲਗਭਗ ਤਿੰਨ ਹਫ਼ਤੇ ਪਹਿਲਾਂ ਰਵਾਨਾ ਹੋਏ ਹਨ। ਇਸ ਨਾਲ ਖੇਤਰ ਵਿਚ ਪਹਿਲਾਂ ਤੋਂ ਮੌਜੂਦ 50,000 ਅਮਰੀਕੀ ਸੈਨਿਕਾਂ ਦੀ ਗਿਣਤੀ ਵਿਚ ਹੋਰ ਵਾਧਾ ਹੋਵੇਗਾ।

ਇੱਕ ਹੋਰ ਮਰੀਨ ਯੂਨਿਟ (31ਵੀਂ ਐੱਮ.ਈ.ਯੂ.) ਪਹਿਲਾਂ ਹੀ ਏਸ਼ੀਆ ਤੋਂ ਮੱਧ ਪੂਰਬ ਵੱਲ ਜਾ ਰਹੀ ਹੈ ਅਤੇ ਅਗਲੇ ਹਫ਼ਤੇ ਤੱਕ ਉੱਥੇ ਪਹੁੰਚਣ ਦੀ ਉਮੀਦ ਹੈ। ਇਸ ਮਰੀਨ ਯੂਨਿਟ ਵਿਚ ਹਰ ਤਰ੍ਹਾਂ ਦੀ ਫੌਜੀ ਸਹਾਇਤਾ ਸ਼ਾਮਲ ਹੈ।

ਅਮਰੀਕੀ ਜੰਗੀ ਜਹਾਜ਼ ਅਤੇ ਹਮਲਾਵਰ ਹੈਲੀਕਾਪਟਰ ਇਰਾਨੀ ਡਰੋਨਾਂ ਅਤੇ ਜਲ ਸੈਨਾ ਦੇ ਜਹਾਜ਼ਾਂ ਵਿਰੁੱਧ ਹਮਲੇ ਤੇਜ਼ ਕਰ ਰਹੇ ਹਨ। ਜੁਆਇੰਟ ਚੀਫ਼ ਆਫ਼ ਸਟਾਫ਼ ਦੇ ਚੇਅਰਮੈਨ ਜਨਰਲ ਡੈਨ ਕੇਨ ਨੇ ਦੱਸਿਆ ਕਿ ਹਵਾਈ ਸੈਨਾ ਦੇ ਏ-10 ਜਹਾਜ਼ ਇਰਾਨੀ ਰੈਵੋਲਿਊਸ਼ਨਰੀ ਗਾਰਡ ਦੀਆਂ ਤੇਜ਼ ਰਫ਼ਤਾਰ ਕਿਸ਼ਤੀਆਂ ਨੂੰ ਨਿਸ਼ਾਨਾ ਬਣਾ ਰਹੇ ਹਨ। ਰਿਪੋਰਟਾਂ ਅਨੁਸਾਰ, ਅਮਰੀਕਾ ਇਰਾਨ ਦੇ ਖਾਰਗ ਟਾਪੂ 'ਤੇ ਕਬਜ਼ਾ ਕਰਨ ਦੀ ਯੋਜਨਾ 'ਤੇ ਵਿਚਾਰ ਕਰ ਰਿਹਾ ਹੈ, ਤਾਂ ਜੋ ਇਰਾਨ 'ਤੇ ਹੋਰਮੁਜ਼ ਦੇ ਜਲਡਮਰੂ ਨੂੰ ਦੁਬਾਰਾ ਖੋਲ੍ਹਣ ਲਈ ਦਬਾਅ ਪਾਇਆ ਜਾ ਸਕੇ ਮੱਧ ਪੂਰਬ ਵਿਚ ਇਨ੍ਹਾਂ ਸੈਨਿਕਾਂ ਦੀ ਤਾਇਨਾਤੀ ਨੇ ਕਈ ਤਰ੍ਹਾਂ ਦੀਆਂ ਅਟਕਲਾਂ ਨੂੰ ਵੀ ਜਨਮ ਦਿੱਤਾ ਹੈ। ਕੀ ਇਹ ਸੈਨਿਕ ਇਰਾਨ ਦੇ ਤੇਲ ਵਪਾਰ ਲਈ ਅਹਿਮ ਖਾਰਗ ਟਾਪੂ 'ਤੇ ਕਬਜ਼ਾ ਕਰਨ ਲਈ ਵਰਤੇ ਜਾਣਗੇ? ਕੀ ਇਹ ਸਟ੍ਰੇਟ ਆਫ ਹਾਰਮੁਜ਼ ਦੇ ਆਲੇ-ਦੁਆਲੇ ਇਰਾਨੀ ਤੱਟ 'ਤੇ ਛਾਪੇਮਾਰੀ ਕਰਨਗੇ?

ਫਿਲਹਾਲ, ਅਮਰੀਕੀ ਜਲ ਸੈਨਾ ਦੇ ਤੀਜੇ ਬੇੜੇ ਨੇ ਇੱਕ ਬਿਆਨ ਵਿਚ ਕਿਹਾ ਹੈ ਕਿ 11ਵੀਂ ਐੱਮ.ਈ.ਯੂ. ਇੰਡੋ-ਪੈਸੀਫਿਕ ਖੇਤਰ ਵਿਚ ਆਪਣੀ ਨਿਯਮਤ ਸਿਖਲਾਈ ਅਤੇ ਕਾਰਵਾਈਆਂ ਕਰ ਰਹੀ ਹੈ, ਤਾਂ ਜੋ ਫੌਜੀ ਤਿਆਰੀ ਨੂੰ ਬਰਕਰਾਰ ਰੱਖਿਆ ਜਾ ਸਕੇ। ਇਹ ਵੀ ਦੱਸ ਦਈਏ ਕਿ ਅਮਰੀਕਾ ਨੇ ਵੀਰਵਾਰ ਨੂੰ ਬੇਲਾਰੂਸ ਦੀਆਂ ਤਿੰਨ ਕੰਪਨੀਆਂ 'ਤੇ ਲੱਗੀਆਂ ਪਾਬੰਦੀਆਂ ਹਟਾ ਦਿੱਤੀਆਂ ਹਨ, ਜੋ ਖਾਦ ਬਣਾਉਣ ਲਈ ਜ਼ਰੂਰੀ ਸਮੱਗਰੀ ਤਿਆਰ ਕਰਦੀਆਂ ਹਨ। ਜੰਗ ਕਾਰਨ ਖਾਦ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ, ਜਿਸ ਨਾਲ ਕਿਸਾਨਾਂ 'ਤੇ ਆਰਥਿਕ ਬੋਝ ਵਧ ਰਿਹਾ ਹੈ। ਵਾਸ਼ਿੰਗਟਨ ਨੇ ਇਹ ਕਦਮ ਮਿੰਸਕ ਵੱਲੋਂ 250 ਸਿਆਸੀ ਕੈਦੀਆਂ ਨੂੰ ਰਿਹਾਅ ਕਰਨ ਦੇ ਬਦਲੇ ਚੁੱਕਿਆ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਟਰੰਪ ਦੀ ਧਮਕੀ ਤੋਂ ਬਾਅਦ ਇਰਾਨ ਵੱਲੋਂ ਸਟਰੇਟ ਆਫ ਹੋਰਮੁਜ਼ ਮੁਕੰਮਲ ਤੌਰ 'ਤੇ ਬੰਦ ਕਰਨ ਦੀ ਚਿਤਾਵਨੀ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਅਤੇ ਇਰਾਨ ਵਿਚਾਲੇ ਚੱਲ ਰਹੀ ਜੰਗ ਕਾਰਨ ਪੂਰੇ ਖੇਤਰ 'ਚ ਹਾਲਾਤ ਬਹੁਤ ਨਾਜ਼ੁਕ ਬਣ ਗਏ ਹਨ। ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਇਰਾਨ ਦੇ ਬਿਜਲੀ ਘਰਾਂ ਨੂੰ ਤਬਾਹ ਕਰਨ ਦੀ ਦਿੱਤੀ ਗਈ 48 ਘੰਟਿਆਂ ਦੀ ਮੋਹਲਤ ਤੋਂ ਬਾਅਦ ਇਰਾਨ ਨੇ ਜਵਾਬੀ ਕਾਰਵਾਈ ਕਰਦਿਆਂ ਦੁਨੀਆਂ ਦੇ ਸਭ ਤੋਂ ਮਹੱਤਵਪੂਰਨ ਤੇਲ ਮਾਰਗ 'ਸਟਰੇਟ ਆਫ ਹੋਰਮੁਜ਼' ਨੂੰ ਮੁਕੰਮਲ ਤੌਰ 'ਤੇ ਬੰਦ ਕਰਨ ਦਾ ਐਲਾਨ ਕੀਤਾ ਹੈ। ਇਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਨ੍ਹਾਂ ਦੇ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਗਿਆ, ਤਾਂ ਉਹ ਖਾੜੀ ਦੇਸ਼ਾਂ ਵਿਚ ਬਿਜਲੀ ਘਰਾਂ ਅਤੇ ਪੀਣ ਵਾਲੇ ਪਾਣੀ ਦੇ ਪਲਾਂਟਾਂ ਨੂੰ ਨਿਸ਼ਾਨਾ ਬਣਾਉਣਗੇ। ਇਸ ਖਿੱਚੋਤਾਣ ਕਾਰਨ ਦੁਨੀਆਂ ਭਰ ਵਿਚ ਤੇਲ ਦੀ ਸਪਲਾਈ ਪ੍ਰਭਾਵਿਤ ਹੋ ਰਹੀ ਹੈ ਅਤੇ ਹਵਾਈ ਰਸਤੇ ਵੀ ਅਸੁਰੱਖਿਅਤ ਹੋ ਗਏ ਹਨ। ਅਮਰੀਕਾ ਅਤੇ ਇਰਾਨ ਵਿਚਾਲੇ ਵਧਦੇ ਤਣਾਅ ਕਾਰਨ ਆਉਣ ਵਾਲੇ ਦਿਨਾਂ ਵਿਚ ਦੁਨੀਆਂ ਭਰ 'ਚ ਤੇਲ ਦੀਆਂ ਕੀਮਤਾਂ 'ਚ ਭਾਰੀ ਉਛਾਲ ਆਉਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਜੇਕਰ ਇਰਾਨ ਵੱਲੋਂ 'ਸਟਰੇਟ ਆਫ ਹੋਰਮੁਜ਼' ਵਰਗੇ ਅਹਿਮ ਸਮੁੰਦਰੀ ਰਸਤੇ ਨੂੰ ਬੰਦ ਕੀਤਾ ਜਾਂਦਾ ਹੈ, ਤਾਂ ਕੱਚੇ ਤੇਲ ਦੀ ਸਪਲਾਈ ਪੂਰੀ ਤਰ੍ਹਾਂ ਰੁਕ ਸਕਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇਸ ਨਾਲ ਨਾ ਸਿਰਫ਼ ਪੈਟਰੋਲ ਅਤੇ ਡੀਜ਼ਲ ਮਹਿੰਗਾ ਹੋਵੇਗਾ, ਸਗੋਂ ਢੋਆ-ਢੁਆਈ ਦੇ ਖਰਚੇ ਵਧਣ ਕਾਰਨ ਰੋਜ਼ਾਨਾ ਵਰਤੋਂ ਦੀਆਂ ਹੋਰ ਚੀਜ਼ਾਂ ਦੀਆਂ ਕੀਮਤਾਂ ਵੀ ਅਸਮਾਨ ਨੂੰ ਛੂਹ ਸਕਦੀਆਂ ਹਨ। ਇਸ ਸਥਿਤੀ ਨੇ ਵਿਸ਼ਵ ਦੀਆਂ ਵੱਡੀਆਂ ਅਰਥਵਿਵਸਥਾਵਾਂ ਦੀ ਚਿੰਤਾ ਵਧਾ ਦਿੱਤੀ ਹੈ।

ਪੰਜਾਬ ਮੇਲ USA

# ਟਰੰਪ ਪ੍ਰਸ਼ਾਸਨ ਦਾ ਦਬਾਅ: ਅਮਰੀਕਾ ਵਿਚ ਕਟੌਤੀਆਂ ਅਤੇ ਸੁਧਾਰਾਂ ਦੀ ਮੰਗ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਨੇ ਅਮਰੀਕਾ ਨੂੰ ਹੋਰ "ਨਿਰਬਲ ਅਤੇ ਪ੍ਰਭਾਵਸ਼ਾਲੀ" ਬਣਾਉਣ ਵੱਲ ਇੱਕ ਵੱਡਾ ਕਦਮ ਚੁੱਕਿਆ ਹੈ। ਸੰਯੁਕਤ ਰਾਸ਼ਟਰ ਵਿਚ ਅਮਰੀਕੀ ਰਾਜਦੂਤ ਮਾਈਕ ਵਾਲਟਜ਼ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਵਾਸ਼ਿੰਗਟਨ ਹੁਣ ਆਪਣੇ ਫੰਡਿੰਗ ਨੂੰ ਇੱਕ ਸਥਾਈ ਯੋਗਦਾਨ ਵਜੋਂ ਨਹੀਂ ਦੇਖਦਾ, ਸਗੋਂ ਸੁਧਾਰ ਲਈ ਦਬਾਅ ਪਾਉਣ ਦੇ ਸਾਧਨ ਵਜੋਂ ਦੇਖਦਾ ਹੈ।



ਨਿਊਯਾਰਕ ਵਿਚ ਇੱਕ ਕਾਂਗਰਸ ਦੀ ਸੁਣਵਾਈ ਵਿਚ ਬੋਲਦੇ ਹੋਏ, ਵਾਲਟਜ਼ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਨੂੰ ਆਪਣੇ ਮੂਲ ਉਦੇਸ਼ 'ਅੰਤਰਰਾਸ਼ਟਰੀ ਸ਼ਾਂਤੀ ਅਤੇ ਸੁਰੱਖਿਆ ਨੂੰ ਬਣਾਈ ਰੱਖਣ' ਵੱਲ ਵਾਪਸ ਜਾਣਾ ਚਾਹੀਦਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਪਿਛਲੇ ਦਹਾਕਿਆਂ ਵਿਚ ਸੰਗਠਨ ਦਾ ਦਾਇਰਾ ਵਧਿਆ ਹੈ, ਪਰ ਇਸਦੇ ਨਤੀਜੇ ਉਸ ਅਨੁਸਾਰ ਨਹੀਂ ਰਹੇ ਹਨ।

ਵਾਲਟਜ਼ ਨੇ ਦੱਸਿਆ ਕਿ ਪਿਛਲੇ 25 ਸਾਲਾਂ ਵਿਚ ਸੰਯੁਕਤ ਰਾਸ਼ਟਰ ਦਾ ਬਜਟ ਚੌਗੁਣਾ ਹੋ ਗਿਆ ਹੈ, ਪਰ ਦੁਨੀਆਂ ਵਿਚ ਸ਼ਾਂਤੀ ਅਤੇ ਸਥਿਰਤਾ ਅਨੁਪਾਤਕ ਤੌਰ 'ਤੇ ਨਹੀਂ ਵਧੀ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਟੈਕਸਦਾਤਾਵਾਂ ਦੇ ਪੈਸੇ ਦੀ ਸਹੀ ਵਰਤੋਂ ਨੂੰ ਯਕੀਨੀ ਬਣਾਉਣਾ ਮਹੱਤਵਪੂਰਨ ਹੈ ਅਤੇ ਹੁਣ ਅਮਰੀਕਾ ਅਜਿਹੇ ਸੰਗਠਨਾਂ ਨੂੰ ਫੰਡ ਨਹੀਂ ਦੇਵੇਗਾ, ਜੋ ਉਸਦੇ ਹਿੱਤਾਂ ਦੇ ਵਿਰੁੱਧ ਕੰਮ ਕਰਦੇ ਹਨ।

ਉਸਨੇ 2026 ਲਈ ਸੰਯੁਕਤ ਰਾਸ਼ਟਰ ਦੇ ਨਿਯਮਤ ਬਜਟ ਵਿਚ ਯੋਜਨਾਬੱਧ 15% ਕਟੌਤੀ ਦਾ ਵੀ ਜ਼ਿਕਰ ਕੀਤਾ, ਜੋ ਕਿ ਲਗਭਗ 570 ਮਿਲੀਅਨ ਡਾਲਰ ਦੀ ਕਟੌਤੀ ਹੈ। ਇਹ ਫੈਸਲਾ ਲਗਭਗ 3,000 ਨੌਕਰੀਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਅਮਰੀਕਾ ਦੇ ਯੋਗਦਾਨ ਨੂੰ ਲਗਭਗ 126 ਮਿਲੀਅਨ ਡਾਲਰ ਘਟਾ ਸਕਦਾ ਹੈ।

ਇਸ ਤੋਂ ਇਲਾਵਾ, ਪ੍ਰਸ਼ਾਸਨ ਸ਼ਾਂਤੀ ਰੱਖਿਅਕ ਮਿਸ਼ਨਾਂ ਵਿਚ ਤਾਇਨਾਤ ਫੌਜਾਂ ਦੀ ਗਿਣਤੀ ਵਿਚ 25% ਕਮੀ ਅਤੇ ਲੰਬੇ ਸਮੇਂ ਤੋਂ ਚੱਲ ਰਹੇ ਮਿਸ਼ਨਾਂ ਦੇ ਪੁਨਰਗਠਨ ਲਈ ਜ਼ੋਰ ਦੇ ਰਿਹਾ ਹੈ। ਵਾਲਟਜ਼ ਨੇ ਕਿਹਾ ਕਿ ਕੁਝ ਮਿਸ਼ਨ 30, 50, ਜਾਂ 80 ਸਾਲਾਂ ਤੋਂ ਚੱਲ ਰਹੇ ਹਨ, ਜਿਸ ਕਾਰਨ ਉਹ ਸਥਾਈ ਹਨ ਪਰ ਇੱਕ ਠੋਸ ਰਾਜਨੀਤਿਕ ਹੱਲ ਪ੍ਰਦਾਨ ਕਰਨ ਵਿਚ ਅਸਮਰੱਥ ਹਨ।

ਹਾਲੀਆ ਕਦਮਾਂ ਵਿਚ ਇਰਾਕ ਅਤੇ ਯਮਨ ਵਿਚ ਮਿਸ਼ਨਾਂ ਨੂੰ ਬੰਦ ਕਰਨਾ ਜਾਂ ਘਟਾਉਣਾ ਅਤੇ ਲੇਬਨਾਨ ਅਤੇ ਪੱਛਮੀ ਸਹਾਰਾ ਵਿਚ ਚੱਲ ਰਹੇ ਕਾਰਜਾਂ ਦੀ ਸਮੀਖਿਆ ਸ਼ਾਮਲ ਹੈ। ਇਸ ਤੋਂ ਇਲਾਵਾ, ਦੇਸ਼ਾਂ ਨੂੰ ਹੁਣ ਸ਼ਾਂਤੀ ਰੱਖਿਅਕ ਮਿਸ਼ਨਾਂ ਵਿਚ ਸਾਜ਼ੋ-ਸਾਮਾਨ ਲਈ ਭੁਗਤਾਨ ਸਿਰਫ਼ ਤੈਨਾਤੀ ਦੀ ਬਜਾਏ ਅਸਲ ਵਰਤੋਂ ਦੇ ਆਧਾਰ 'ਤੇ ਪ੍ਰਾਪਤ ਹੋਣਗੇ।

ਵਾਲਟਜ਼ ਨੇ ਸੰਯੁਕਤ ਰਾਸ਼ਟਰ ਦੀਆਂ ਵੱਖ-ਵੱਖ ਏਜੰਸੀਆਂ ਦੇ ਅੰਦਰ ਡੁਪਲੀਕੇਸ਼ਨ ਅਤੇ ਅਕੁਸ਼ਲਤਾਵਾਂ ਨੂੰ ਵੀ ਨਿਸ਼ਾਨਾ ਬਣਾਇਆ। ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਥਾਵਾਂ 'ਤੇ, ਵੱਖ-ਵੱਖ ਏਜੰਸੀਆਂ ਇੱਕੋ ਜਿਹੇ ਕੰਮਾਂ 'ਤੇ ਕੰਮ ਕਰ ਰਹੀਆਂ ਹਨ, ਇਸ ਲਈ ਫੰਡਿੰਗ ਦਾ ਪ੍ਰਬੰਧਨ ਹੁਣ ਇਸ ਤਰੀਕੇ ਨਾਲ ਕੀਤਾ ਜਾ ਰਿਹਾ ਹੈ, ਜੋ ਸਰੋਤਾਂ ਦੀ ਸਾਂਝੀ ਵਰਤੋਂ ਦੀ ਆਗਿਆ ਦਿੰਦਾ ਹੈ, ਜਿਵੇਂ ਕਿ ਗੋਦਾਮ, ਹਵਾਈ ਜਹਾਜ਼ ਅਤੇ ਵਾਹਨ।

ਉਨ੍ਹਾਂ ਇਹ ਵੀ ਕਿਹਾ ਕਿ ਅੱਗੇ ਵਧਣ ਵਾਲੀ ਰਣਨੀਤੀ ਵਿਚ ਆਰਥਿਕ ਵਿਕਾਸ ਅਤੇ ਰੁਜ਼ਗਾਰ ਸਿਰਜਣ ਨੂੰ ਹੁਲਾਰਾ ਦੇਣ ਲਈ ਰਵਾਇਤੀ ਸਹਾਇਤਾ ਦੀ ਬਜਾਏ ਨਿੱਜੀ ਖੇਤਰ ਦੇ ਨਿਵੇਸ਼ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ। ਭਵਿੱਖ ਵਿਚ ਅਮਰੀਕੀ ਫੰਡਿੰਗ "ਕੁਸ਼ਲਤਾ, ਪ੍ਰਭਾਵਸ਼ੀਲਤਾ ਅਤੇ ਜਵਾਬਦੇਹੀ" 'ਤੇ ਨਿਰਭਰ ਕਰੇਗੀ, ਅਤੇ ਜੋ ਸੰਸਥਾਵਾਂ ਇਨ੍ਹਾਂ ਮਿਆਰਾਂ ਨੂੰ ਪੂਰਾ ਕਰਨ ਵਿਚ ਅਸਫਲ ਰਹਿੰਦੀਆਂ ਹਨ, ਉਨ੍ਹਾਂ ਨੂੰ ਸਹਾਇਤਾ ਨਹੀਂ ਮਿਲੇਗੀ।

ਹਾਲਾਂਕਿ, ਵਾਲਟਜ਼ ਨੇ ਇਹ ਵੀ ਸਪੱਸ਼ਟ ਕੀਤਾ ਕਿ ਅਮਰੀਕਾ ਸੰਯੁਕਤ ਰਾਸ਼ਟਰ ਤੋਂ ਪੂਰੀ ਤਰ੍ਹਾਂ ਪਿੱਛੇ ਹਟਣ ਦੇ ਹੱਕ ਵਿਚ ਨਹੀਂ ਹੈ। ਉਨ੍ਹਾਂ ਕਿਹਾ ਕਿ ਜੇਕਰ ਅਮਰੀਕਾ ਪਿੱਛੇ ਹਟਦਾ ਹੈ, ਤਾਂ ਇਹ ਮੰਚ ਕਿਤੇ ਹੋਰ ਇੱਕ ਨਵੇਂ ਰੂਪ ਵਿਚ ਉਭਰ ਸਕਦਾ ਹੈ, ਅਤੇ ਇਸ ਲਈ ਆਪਣੇ ਵਿਸ਼ਵਵਿਆਪੀ ਪ੍ਰਭਾਵ ਨੂੰ ਬਣਾਈ ਰੱਖਣ ਲਈ ਸੰਗਠਨ ਵਿਚ ਬਣੇ ਰਹਿਣਾ ਮਹੱਤਵਪੂਰਨ ਹੈ।

# ਅਮਰੀਕਾ 'ਚ ਡਾਕਟਰਾਂ ਲਈ ਪ੍ਰਸਤਾਵਿਤ 1 ਲੱਖ ਡਾਲਰ ਦੀ ਐੱਚ-1ਬੀ ਵੀਜ਼ਾ ਫੀਸ ਤੋਂ ਛੋਟ ਦਿਵਾਉਣ ਲਈ ਬਿੱਲ ਪੇਸ਼

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ 'ਚ ਕੰਮ ਕਰ ਰਹੇ ਵਿਦੇਸ਼ੀ ਡਾਕਟਰਾਂ ਅਤੇ ਸਿਹਤ ਕਰਮਚਾਰੀਆਂ, ਜਿਨ੍ਹਾਂ ਵਿਚ ਵੱਡੀ ਗਿਣਤੀ ਭਾਰਤੀਆਂ ਦੀ ਹੈ, ਲਈ ਇੱਕ ਵੱਡੀ ਰਾਹਤ ਭਰੀ ਖ਼ਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਮਰੀਕੀ ਸੰਸਦ ਮੈਂਬਰਾਂ ਦੇ ਇੱਕ ਸਮੂਹ ਨੇ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ, ਜਿਸ ਦਾ ਉਦੇਸ਼ ਡਾਕਟਰਾਂ ਅਤੇ ਸਿਹਤ ਸੰਭਾਲ ਕਰਮਚਾਰੀਆਂ ਨੂੰ ਪ੍ਰਸਤਾਵਿਤ 1,00,000 ਡਾਲਰ (ਕਰੀਬ 83 ਲੱਖ ਰੁਪਏ) ਦੀ ਐੱਚ-1ਬੀ ਵੀਜ਼ਾ ਫੀਸ ਤੋਂ ਛੋਟ ਦਿਵਾਉਣਾ ਹੈ।




"ਡਾਕਟਰਾਂ ਅਤੇ ਸਿਹਤ ਸੰਭਾਲ ਕਾਰਜਬਲ ਲਈ ਐੱਚ-1ਬੀ ਐਕਟ" (**H-1Bs for Physicians and the Healthcare Workforce Act**) ਨਾਮਕ ਇਸ ਕਾਨੂੰਨ ਦਾ ਉਦੇਸ਼ ਉਨ੍ਹਾਂ ਹਸਪਤਾਲਾਂ ਅਤੇ ਸਿਹਤ ਪ੍ਰਣਾਲੀਆਂ ਲਈ ਵਿੱਤੀ ਰੁਕਾਵਟਾਂ ਨੂੰ ਦੂਰ ਕਰਨਾ ਹੈ, ਜੋ ਵਿਦੇਸ਼ੀ ਸਿਖਲਾਈ ਪ੍ਰਾਪਤ ਡਾਕਟਰਾਂ 'ਤੇ ਨਿਰਭਰ ਕਰਦੇ ਹਨ। ਸੰਸਦ ਮੈਂਬਰਾਂ ਨੇ ਚੇਤਾਵਨੀ ਦਿੱਤੀ ਹੈ ਕਿ ਇੰਨੀ ਭਾਰੀ ਫੀਸ ਨਾਲ ਦੇਸ਼ ਵਿਚ ਡਾਕਟਰਾਂ ਦੀ ਘਾਟ ਹੋਰ ਡੂੰਘੀ ਹੋ ਸਕਦੀ ਹੈ ਅਤੇ ਆਮ ਲੋਕਾਂ ਲਈ ਇਲਾਜ ਕਰਵਾਉਣਾ ਮੁਸ਼ਕਲ ਹੋ ਜਾਵੇਗਾ। ਸੰਸਦ ਮੈਂਬਰ ਸੈਨਫੋਰਡ ਬਿਸ਼ਪ ਨੇ ਕਿਹਾ ਕਿ 1 ਲੱਖ ਡਾਲਰ ਦੀ ਫੀਸ ਪੇਂਡੂ ਖੇਤਰਾਂ ਦੇ ਹਸਪਤਾਲਾਂ ਲਈ ਵੱਡੀ ਮਾਰ ਹੋਵੇਗੀ, ਜਿਸ ਨਾਲ ਉਨ੍ਹਾਂ ਲਈ ਮਾਹਰ ਡਾਕਟਰਾਂ ਦੀ ਭਰਤੀ ਕਰਨਾ ਨਾਮੁਮਕਿਨ ਹੋ ਜਾਵੇਗਾ। ਅੰਕੜਿਆਂ ਅਨੁਸਾਰ, ਲਗਭਗ 8.7 ਕਰੋੜ ਅਮਰੀਕੀ ਅਜਿਹੇ ਖੇਤਰਾਂ ਵਿਚ ਰਹਿੰਦੇ ਹਨ, ਜਿੱਥੇ ਪਹਿਲਾਂ ਹੀ ਸਿਹਤ ਸਹੂਲਤਾਂ ਦੀ ਭਾਰੀ ਕਮੀ ਹੈ।

ਅਮਰੀਕਨ ਮੈਡੀਕਲ ਐਸੋਸੀਏਸ਼ਨ (ਏ.ਐੱਮ.ਏ.) ਸਮੇਤ ਕਈ ਵੱਡੀਆਂ ਸੰਸਥਾਵਾਂ ਨੇ ਇਸ ਬਿੱਲ ਦਾ ਸਮਰਥਨ ਕੀਤਾ ਹੈ। 'ਫਿਜ਼ੀਸ਼ੀਅਨਜ਼ ਫਾਰ ਅਮਰੀਕਨ ਹੈਲਥਕੇਅਰ ਐਕਸੈਸ' ਦੇ ਡਾਕਟਰ ਰਾਮ ਆਲੂਰ ਨੇ ਕਿਹਾ ਕਿ ਇਹ ਫੀਸ ਉਨ੍ਹਾਂ ਥਾਵਾਂ 'ਤੇ ਡਾਕਟਰਾਂ ਦੀ ਸਪਲਾਈ ਨੂੰ ਕਮਜ਼ੋਰ ਕਰ ਸਕਦੀ ਹੈ, ਜਿੱਥੇ ਉਨ੍ਹਾਂ ਦੀ ਸਭ ਤੋਂ ਵੱਧ ਜ਼ਰੂਰਤ ਹੈ।

ਜ਼ਿਕਰਯੋਗ ਹੈ ਕਿ ਇਹ ਭਾਰੀ ਫੀਸ ਇੱਕ ਰਾਸ਼ਟਰਪਤੀ ਘੋਸ਼ਣਾ ਰਾਹੀਂ ਲਗਾਈ ਗਈ ਸੀ। ਹਾਲਾਂਕਿ, ਸੰਸਦ ਮੈਂਬਰ ਮਾਈਕ ਲਾਲਰ ਨੇ ਕਿਹਾ ਕਿ ਰਾਸ਼ਟਰੀ ਹਿੱਤ ਨੂੰ ਦੇਖਦੇ ਹੋਏ ਸਿਹਤ ਕਰਮਚਾਰੀਆਂ ਨੂੰ ਇਸ ਤੋਂ ਬਾਹਰ ਰੱਖਣਾ ਬੇਹੱਦ ਜ਼ਰੂਰੀ ਹੈ ਕਿਉਂਕਿ ਹਸਪਤਾਲ ਨਵੇਂ ਪ੍ਰਵਾਸੀ ਕਾਮਿਆਂ ਲਈ ਇੰਨੀ ਵੱਡੀ ਰਕਮ ਨਹੀਂ ਚੁਕਾ ਸਕਦੇ। ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਇਹ ਅਮਰੀਕਾ ਵਿਚ ਸੇਵਾਵਾਂ ਦੇ ਰਹੇ ਹਜ਼ਾਰਾਂ ਭਾਰਤੀ ਡਾਕਟਰਾਂ ਅਤੇ ਉੱਥੋਂ ਦੇ ਸਿਹਤ ਢਾਂਚੇ ਲਈ ਇੱਕ ਵੱਡੀ ਜਿੱਤ ਹੋਵੇਗੀ।

Global Allianz
ਕਾਨੂੰਨੀ ਸਲਾਹ
LAW FIRM LLP
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense


Atul Kapoor
C.E.O


Neat Allen Sawyer
Attorney at law

Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਐਲੋਨ ਮਸਕ ਟਵਿੱਟਰ ਖਰੀਦਣ ਦੌਰਾਨ ਨਿਵੇਸ਼ਕਾਂ ਨੂੰ ਜਾਣਬੁੱਝ ਕੇ ਗੁਮਰਾਹ ਕਰਨ ਦਾ ਦੋਸ਼ੀ ਕਰਾਰ



**ਸਾਨ ਫਰਾਂਸਿਸਕੋ, (ਪੰਜਾਬ ਮੇਲ)-** ਸਾਨ ਫਰਾਂਸਿਸਕੋ ਦੀ ਇੱਕ ਜਿਊਰੀ ਨੇ ਦੁਨੀਆਂ ਦੇ ਸਭ ਤੋਂ ਅਮੀਰ ਵਿਅਕਤੀਆਂ ਵਿਚੋਂ ਇੱਕ ਐਲਨ ਮਸਕ ਨੂੰ 2022 ਵਿਚ ਟਵਿੱਟਰ ਖਰੀਦਣ ਦੇ ਸੌਦੇ ਦੌਰਾਨ ਨਿਵੇਸ਼ਕਾਂ ਨੂੰ ਜਾਣਬੁੱਝ ਕੇ ਗੁਮਰਾਹ ਕਰਨ ਦਾ ਦੋਸ਼ੀ ਪਾਇਆ ਹੈ। ਅਦਾਲਤ ਨੇ ਮੰਨਿਆ ਕਿ ਮਸਕ ਨੇ ਟਵਿੱਟਰ ਦੇ ਸ਼ੇਅਰਾਂ ਦੀਆਂ ਕੀਮਤਾਂ ਨੂੰ ਹੇਠਾਂ ਸੁੱਟਣ ਲਈ ਜਾਣਬੁੱਝ ਕੇ ਗਲਤ ਬਿਆਨ ਦਿੱਤੇ, ਜਿਸ ਨਾਲ ਹਜ਼ਾਰਾਂ ਨਿਵੇਸ਼ਕਾਂ ਦਾ ਭਾਰੀ ਆਰਥਿਕ ਨੁਕਸਾਨ ਹੋਇਆ। ਜਿਊਰੀ ਨੇ ਨਿਵੇਸ਼ਕਾਂ ਨੂੰ ਹਰਜਾਨੇ ਵਜੋਂ ਪ੍ਰਤੀ ਸ਼ੇਅਰ 3 ਤੋਂ 8 ਡਾਲਰ ਦੇਣ ਦਾ ਫੈਸਲਾ ਸੁਣਾਇਆ ਹੈ, ਜੋ ਕੁੱਲ ਮਿਲਾ ਕੇ ਲਗਭਗ 2.1 ਬਿਲੀਅਨ ਡਾਲਰ (ਕਰੀਬ 210 ਕਰੋੜ ਡਾਲਰ) ਬਣਦਾ ਹੈ। ਹਾਲਾਂਕਿ, ਅਦਾਲਤ ਨੇ ਮਸਕ ਨੂੰ ਧੋਖਾਧੜੀ ਦੇ ਕੁਝ ਦੋਸ਼ਾਂ ਤੋਂ ਇਹ ਕਹਿ ਕੇ ਬਰੀ ਕਰ ਦਿੱਤਾ ਕਿ ਉਸ ਨੇ ਕੋਈ ਪੂਰੀ ਯੋਜਨਾਬੱਧ ਸਾਜ਼ਿਸ਼ ਨਹੀਂ ਘੜੀ ਸੀ। ਇਸ ਸਾਰੇ ਕੇਸ ਦੀ ਜੜ੍ਹ ਮਸਕ ਵੱਲੋਂ ਮਈ 2022 ਵਿਚ ਕੀਤੇ ਗਏ ਉਹ ਟਵੀਟ ਸਨ, ਜਿਨ੍ਹਾਂ ਵਿਚ ਉਸ ਨੇ ਕਿਹਾ ਸੀ ਕਿ ਟਵਿੱਟਰ ਦਾ ਸੌਦਾ ਕੁਝ ਸਮੇਂ ਲਈ ਰੋਕ ਦਿੱਤਾ ਗਿਆ ਹੈ। ਮਸਕ ਨੇ ਦੋਸ਼ ਲਗਾਇਆ ਸੀ ਕਿ ਟਵਿੱਟਰ 'ਤੇ ਫਰਜ਼ੀ ਅਤੇ ਸਪੈਮ ਖਾਤਿਆਂ (ਬੋਟਸ) ਦੀ ਗਿਣਤੀ ਕੰਪਨੀ ਵੱਲੋਂ ਦੱਸੀ ਗਈ 5 ਫੀਸਦੀ ਦੀ ਸੀਮਾ ਤੋਂ ਕਿਤੇ ਜ਼ਿਆਦਾ ਹੈ। ਮਸਕ ਨੇ ਅਦਾਲਤ ਵਿਚ ਗਵਾਹੀ ਦਿੰਦੇ ਹੋਏ ਟਵਿੱਟਰ ਦੇ ਪ੍ਰਬੰਧਕਾਂ 'ਤੇ ਜਾਣਕਾਰੀ ਛੁਪਾਉਣ ਅਤੇ ਝੂਠ ਬੋਲਣ ਦੇ ਦੋਸ਼ ਲਗਾਏ।

ਦੂਜੇ ਪਾਸੇ, ਨਿਵੇਸ਼ਕਾਂ ਦੇ ਵਕੀਲਾਂ ਨੇ ਦਲੀਲ ਦਿੱਤੀ ਕਿ ਮਸਕ ਨੇ ਇਹ ਸਭ ਇਸ ਲਈ ਕੀਤਾ ਤਾਂ ਕਿ ਉਹ ਸੌਦੇ ਦੀ ਕੀਮਤ ਘਟਾ ਸਕਣ ਜਾਂ 44 ਬਿਲੀਅਨ ਡਾਲਰ ਦੇ ਭਾਰੀ ਸੌਦੇ ਤੋਂ ਪਿੱਛੇ ਹਟ ਸਕਣ।

ਇਹ ਕੇਸ ਲਗਪਗ ਤਿੰਨ ਹਫ਼ਤੇ ਚੱਲਿਆ ਜਿਸ ਵਿਚ ਟਵਿੱਟਰ ਦੇ ਸਾਬਕਾ ਸੀ.ਈ.ਓ. ਪਰਾਗ ਅਗਰਵਾਲ ਅਤੇ ਸੀ.ਐੱਫ.ਓ. ਨੈੱਡ ਸੇਗਲ ਸਮੇਤ ਕਈ ਵੱਡੇ ਅਧਿਕਾਰੀਆਂ ਨੇ ਗਵਾਹੀ ਦਿੱਤੀ। ਐਲਨ ਮਸਕ ਖੁਦ ਵੀ ਇੱਕ ਦਿਨ ਤੋਂ ਵੱਧ ਸਮਾਂ ਕਟਹਿਰੇ ਵਿਚ ਰਹੇ। ਮਸਕ ਨੇ ਵਾਰ-ਵਾਰ ਕਿਹਾ ਕਿ ਟਵਿੱਟਰ ਦੀ ਲੀਡਰਸ਼ਿਪ ਨੇ ਉਨ੍ਹਾਂ ਨੂੰ ਗਲਤ ਅੰਕੜੇ ਦਿੱਤੇ ਸਨ ਪਰ ਨਿਵੇਸ਼ਕਾਂ ਦਾ ਕਹਿਣਾ ਸੀ ਕਿ ਮਸਕ ਦੀਆਂ ਗੱਲਾਂ ਕਾਰਨ ਟਵਿੱਟਰ ਦੇ ਸ਼ੇਅਰਾਂ ਦੀ ਕੀਮਤ 40 ਫੀਸਦੀ ਤੱਕ ਡਿੱਗ ਗਈ ਸੀ, ਜਿਸ ਕਾਰਨ ਉਨ੍ਹਾਂ ਲੋਕਾਂ ਨੂੰ ਬਹੁਤ ਨੁਕਸਾਨ ਹੋਇਆ, ਜਿਨ੍ਹਾਂ ਨੇ ਅਨਿਸ਼ਚਿਤਤਾ ਦੇ ਮਾਹੌਲ ਵਿਚ ਆਪਣੇ ਸ਼ੇਅਰ ਵੇਚ ਦਿੱਤੇ ਸਨ।

# ਮੈਕਸੀਕੋ 'ਚ ਅਧਿਕਾਰੀਆਂ ਨੇ ਟਰੱਕ 'ਚ ਖਤਰਨਾਕ ਹਾਲਤ ਵਿਚ ਬੰਦ 229 ਪ੍ਰਵਾਸੀ ਕੀਤੇ ਬਰਾਮਦ

**ਮੈਕਸੀਕੋ, (ਪੰਜਾਬ ਮੇਲ)-** ਮੈਕਸੀਕੋ ਦੇ ਪੂਰਬੀ ਰਾਜ ਵੇਰਾਕਰੂਜ਼ ਵਿਚ ਅਧਿਕਾਰੀਆਂ ਨੇ ਚੋਰੀ ਕੀਤੇ ਗਏ ਇੱਕ ਟਰੱਕ ਦੇ ਪਿਛਲੇ ਹਿੱਸੇ ਵਿਚ ਬੇਹੱਦ ਖ਼ਤਰਨਾਕ ਹਾਲਤ ਵਿਚ ਬੰਦ 229 ਪ੍ਰਵਾਸੀਆਂ ਨੂੰ ਬਰਾਮਦ ਕੀਤਾ ਹੈ। ਇਹ ਘਟਨਾ ਉਸ ਸਮੇਂ ਸਾਹਮਣੇ ਆਈ, ਜਦੋਂ ਪੁਲਿਸ ਦੇ ਟਰੱਕ ਨੂੰ ਵਾਹਨ ਜ਼ਬਤ ਕੇਂਦਰ 'ਚ ਰੱਖਿਆ ਤਾਂ ਉਸ ਵਿਚ ਬੰਦ ਪ੍ਰਵਾਸੀਆਂ ਨੇ ਅਚਾਨਕ ਮਦਦ ਲਈ ਚੀਕਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ।

ਸੂਬੇ ਦੇ ਡਿਪਟੀ ਗਵਰਨਮੈਂਟ ਸੈਕਟਰੀ ਜੋਸ ਮੈਨੂਅਲ ਪੋਜ਼ੋਸ ਅਨੁਸਾਰ ਇਹ ਪ੍ਰਵਾਸੀ ਇੱਕ ਅਜਿਹੇ ਟਰੱਕ ਵਿਚ ਸਵਾਰ ਸਨ, ਜਿਸ ਦੇ ਚੋਰੀ ਹੋਣ ਦੀ ਰਿਪੋਰਟ ਦਰਜ ਸੀ। ਜਦੋਂ ਟਰੱਕ ਨੂੰ ਜ਼ਬਤ ਕਰਕੇ ਕੇਂਦਰ ਵਿਚ ਖੜ੍ਹਾ ਕੀਤਾ ਗਿਆ, ਤਾਂ ਕੁਝ ਘੰਟਿਆਂ ਬਾਅਦ ਉੱਥੇ ਮੌਜੂਦ ਮੁਲਾਜ਼ਮਾਂ ਨੂੰ ਅੰਦਰੋਂ ਖੜਕਾਉਣ ਅਤੇ ਚੀਕਾਂ ਮਾਰਨ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਜਦੋਂ ਐਮਰਜੈਂਸੀ ਸੇਵਾਵਾਂ ਨੇ ਟਰੱਕ ਖੋਲ੍ਹਿਆ, ਤਾਂ ਅੰਦਰੋਂ 17 ਨਾਬਾਲਗ ਬੱਚਿਆਂ ਸਮੇਤ 229 ਲੋਕ ਮਿਲੇ, ਜਿਨ੍ਹਾਂ ਵਿਚੋਂ ਜ਼ਿਆਦਾਤਰ ਮੱਧ ਅਮਰੀਕਾ ਦੇ ਰਹਿਣ ਵਾਲੇ ਸਨ। ਪਾਣੀ ਦੀ ਕਮੀ (ਡੀਹਾਈਡ੍ਰੇਸ਼ਨ) ਕਾਰਨ ਕਈ ਪ੍ਰਵਾਸੀਆਂ ਦੀ ਹਾਲਤ ਖਰਾਬ ਪਾਈ ਗਈ ਹੈ। ਰਿਪੋਰਟਾਂ ਅਨੁਸਾਰ ਵੇਰਾਕਰੂਜ਼ ਇੱਕ ਅਜਿਹਾ ਇਲਾਕਾ ਹੈ, ਜਿੱਥੋਂ ਪ੍ਰਵਾਸੀ ਅਕਸਰ ਅਮਰੀਕਾ ਪਹੁੰਚਣ ਲਈ ਲੰਘਦੇ ਹਨ ਅਤੇ ਇੱਥੇ ਉਹ ਅਪਰਾਧਿਕ ਗਿਰੋਹਾਂ ਅਤੇ ਕਾਰਟੇਲਸ ਦਾ ਸ਼ਿਕਾਰ ਹੋ ਜਾਂਦੇ ਹਨ। ਸਮੱਗਲਰ ਇਨ੍ਹਾਂ ਲੋਕਾਂ ਨੂੰ ਚੈੱਕ ਪੋਸਟਾਂ ਤੋਂ ਬਚਾਉਣ ਲਈ ਅਕਸਰ ਖ਼ਤਰਨਾਕ ਹਾਲਤਾਂ ਵਿਚ ਟਰੱਕਾਂ, ਲੁਕਵੇਂ ਖਾਨਿਆਂ ਅਤੇ ਇੱਥੋਂ ਤੱਕ ਕਿ ਨਕਲੀ ਐਂਬੂਲੈਂਸਾਂ ਵਿਚ ਭਰ ਕੇ ਲਿਜਾਂਦੇ ਹਨ। ਅਤੀਤ ਵਿਚ ਅਜਿਹੇ ਕਈ ਹਾਦਸੇ ਵਾਪਰ ਚੁੱਕੇ ਹਨ, ਜਿੱਥੇ ਟਰੱਕਾਂ ਵਿਚ ਦਮ ਘੁੱਟਣ ਕਾਰਨ ਪ੍ਰਵਾਸੀਆਂ ਦੀ ਮੌਤ ਹੋਈ ਹੈ, ਜਿਵੇਂ ਕਿ 2022 ਵਿਚ ਟੈਕਸਾਸ ਵਿਚ 53 ਪ੍ਰਵਾਸੀਆਂ ਦੀ ਜਾਨ ਚਲੀ ਗਈ ਸੀ। ਮੈਕਸੀਕੋ ਪੁਲਿਸ ਨੇ ਸਾਰੇ ਪ੍ਰਵਾਸੀਆਂ ਨੂੰ ਬੱਸਾਂ ਰਾਹੀਂ ਸੁਰੱਖਿਅਤ ਸਥਾਨ 'ਤੇ ਪਹੁੰਚਾਇਆ ਹੈ ਅਤੇ ਆਮ ਤੌਰ 'ਤੇ ਅਜਿਹੇ ਮਾਮਲਿਆਂ ਵਿਚ ਪ੍ਰਵਾਸੀਆਂ ਨੂੰ ਮੈਕਸੀਕੋ ਦੀ ਇਮੀਗ੍ਰੇਸ਼ਨ ਏਜੰਸੀ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਮਾਹਰਾਂ ਦਾ ਮੰਨਣਾ ਹੈ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਅਹੁਦਾ ਸੰਭਾਲਣ ਤੋਂ ਬਾਅਦ ਭਾਵੇਂ ਉੱਤਰ ਵੱਲ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਵਿਚ ਭਾਰੀ ਗਿਰਾਵਟ ਆਈ ਸੀ, ਪਰ ਹੁਣ ਇਹ ਸਿਲਸਿਲਾ ਹੌਲੀ-ਹੌਲੀ ਦੁਬਾਰਾ ਵਧਣਾ ਸ਼ੁਰੂ ਹੋ ਗਿਆ ਹੈ।

# ਅਮਰੀਕੀ ਅਦਾਲਤ ਵੱਲੋਂ ਪੈਂਟਾਗਨ ਪ੍ਰੈੱਸ ਪਾਬੰਦੀ ਰੱਦ



ਸੁਹਾਸ ਸੁਬਰਾਮਨੀਅਮ ਨੇ ਪੱਤਰਕਾਰਾਂ 'ਤੇ ਪਾਬੰਦੀਆਂ ਨੂੰ ਦੱਸਿਆ ਗੈਰ-ਸੰਵਿਧਾਨਕ ਦੱਸਿਆ

**ਵਾਸ਼ਿੰਗਟਨ, (ਪੰਜਾਬ ਮੇਲ)-** ਕਾਂਗਰਸਮੈਨ ਸੁਹਾਸ ਸੁਬਰਾਮਨੀਅਮ ਨੇ ਪੈਂਟਾਗਨ ਦੀ ਪ੍ਰੈੱਸ ਪਹੁੰਚ ਨੀਤੀ ਨੂੰ ਰੱਦ ਕਰਨ ਵਾਲੇ ਸੰਘੀ ਅਦਾਲਤ ਦੇ ਫੈਸਲੇ ਦਾ ਸਮਰਥਨ ਕੀਤਾ ਹੈ। ਉਨ੍ਹਾਂ ਨੇ ਪੱਤਰਕਾਰਾਂ 'ਤੇ ਲਗਾਈਆਂ ਗਈਆਂ ਪਾਬੰਦੀਆਂ ਨੂੰ ਗੈਰ-ਸੰਵਿਧਾਨਕ ਦੱਸਿਆ ਅਤੇ ਰੱਖਿਆ ਸਕੱਤਰ ਪੀਟ ਹੇਗਸੇਥ ਨੂੰ ਤੁਰੰਤ ਹੁਕਮ ਦੀ ਪਾਲਣਾ ਕਰਨ ਦੀ ਅਪੀਲ ਕੀਤੀ।

ਸੁਬਰਾਮਨੀਅਮ ਨੇ ਇੱਕ ਬਿਆਨ ਵਿਚ ਕਿਹਾ ਕਿ ਅਦਾਲਤ ਦਾ ਫੈਸਲਾ ਬਹੁਤ ਮਹੱਤਵਪੂਰਨ ਸੀ ਕਿਉਂਕਿ ਇਸ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਪੈਂਟਾਗਨ ਤੋਂ ਬਾਹਰ ਰੱਖਣਾ ਪ੍ਰਗਟਾਵੇ ਦੀ ਆਜ਼ਾਦੀ ਦੀ ਉਲੰਘਣਾ ਹੈ। ਉਨ੍ਹਾਂ ਇਸਨੂੰ ਲੋਕਤੰਤਰੀ ਕਦਰਾਂ-ਕੀਮਤਾਂ ਅਤੇ ਸਰਕਾਰੀ ਪਾਰਦਰਸ਼ਤਾ ਲਈ ਇੱਕ ਵੱਡਾ ਝਟਕਾ ਕਿਹਾ।

ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੱਤਰਕਾਰਾਂ ਦੀ ਪੈਂਟਾਗਨ ਤੱਕ ਪਹੁੰਚ ਨੂੰ ਸੀਮਤ ਕਰਨ ਨਾਲ ਜਨਤਾ ਦੇ ਰੱਖਿਆ ਵਿਭਾਗ ਦੇ ਕਾਰਜਾਂ ਬਾਰੇ ਜਾਣਨ ਦੇ ਅਧਿਕਾਰ ਨੂੰ ਕਮਜ਼ੋਰ ਕੀਤਾ ਜਾਂਦਾ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਅਜਿਹੀਆਂ ਨੀਤੀਆਂ ਲੋਕਤੰਤਰ ਦੀ ਮੂਲ ਭਾਵਨਾ ਦੇ ਵਿਰੁੱਧ ਹਨ।

ਸੁਬਰਾਮਨੀਅਮ ਨੇ ਦੁਹਰਾਇਆ ਕਿ ਇਹ ਫੈਸਲਾ ਖਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਅਮਰੀਕਾ ਇਸ ਸਮੇਂ ਈਰਾਨ ਨਾਲ ਚੱਲ ਰਹੇ ਟਕਰਾਅ ਦੇ ਚੌਥੇ ਹਫ਼ਤੇ ਵਿਚ ਹੈ। ਇਸ ਸਮੇਂ, ਇਹ ਹੋਰ ਵੀ ਮਹੱਤਵਪੂਰਨ ਹੈ ਕਿ ਜਨਤਾ ਨੂੰ ਪੈਂਟਾਗਨ ਵਿਚ ਲਏ ਜਾ ਰਹੇ ਫੈਸਲਿਆਂ ਅਤੇ ਟੈਕਸ ਦੇ ਪੈਸੇ ਦੀ ਵਰਤੋਂ ਬਾਰੇ ਪੂਰੀ ਜਾਣਕਾਰੀ ਹੋਵੇ।

ਇਹ ਫੈਸਲਾ ਵਾਸ਼ਿੰਗਟਨ, ਡੀ.ਸੀ. ਵਿਚ ਇੱਕ ਅਮਰੀਕੀ ਜ਼ਿਲ੍ਹਾ ਅਦਾਲਤ ਦੇ ਜੱਜ ਦੁਆਰਾ ਦਿੱਤਾ ਗਿਆ ਸੀ, ਜੋ ਕਿ ਦ ਨਿਊਯਾਰਕ ਟਾਈਮਜ਼ ਦੁਆਰਾ ਪੈਂਟਾਗਨ ਦੀ ਸੋਧੀ ਹੋਈ ਪ੍ਰੈੱਸ ਨੀਤੀ ਨੂੰ ਚੁਣੌਤੀ ਦੇਣ ਵਾਲੇ ਇੱਕ ਮੁਕੱਦਮੇ ਤੋਂ ਬਾਅਦ ਆਇਆ ਸੀ।

ਆਪਣੇ ਲਗਭਗ 40 ਪੰਨਿਆਂ ਦੇ ਫੈਸਲੇ ਵਿਚ, ਅਦਾਲਤ ਨੇ ਕਿਹਾ ਕਿ ਨੀਤੀ ਪਹਿਲੇ ਸੋਧ ਦੀ ਉਲੰਘਣਾ ਕਰਦੀ ਹੈ ਕਿਉਂਕਿ ਇਹ ਉਨ੍ਹਾਂ ਪੱਤਰਕਾਰਾਂ ਦਾ ਪੱਖ ਪੂਰਦੀ ਹੈ, ਜੋ ਸਰਕਾਰ ਦੇ ਅਨੁਕੂਲ ਖ਼ਬਰਾਂ ਪ੍ਰਕਾਸ਼ਤ ਕਰਦੇ ਸਨ। ਇਸ ਤੋਂ ਇਲਾਵਾ, ਅਦਾਲਤ ਨੇ ਪਾਇਆ ਕਿ ਨੀਤੀ ਪੰਜਵੇਂ ਸੋਧ ਦੀ ਉਲੰਘਣਾ ਕਰਦੀ ਹੈ ਕਿਉਂਕਿ ਇਸ ਵਿਚ ਸਪੱਸ਼ਟ ਦਿਸ਼ਾ-ਨਿਰਦੇਸ਼ ਨਹੀਂ ਦਿੱਤੇ ਗਏ ਸਨ ਕਿ ਪੱਤਰਕਾਰਾਂ ਦੀ ਮਾਨਤਾ ਕਿਉਂ ਰੱਦ ਕੀਤੀ ਜਾ ਸਕਦੀ ਹੈ।

## ਇਮੀਗ੍ਰੇਸ਼ਨ ਕਟੌਤੀਆਂ ਕਾਰਨ ਬੀ.ਸੀ. 'ਚ ਵਿਦੇਸ਼ੀ ਵਿਦਿਆਰਥੀਆਂ ਦੀ ਗਿਣਤੀ ਘਟੀ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ 'ਚ ਫੈਡਰਲ ਇਮੀਗ੍ਰੇਸ਼ਨ ਕਟੌਤੀਆਂ ਦੇ ਅਸਰ ਨਾਲ ਬ੍ਰਿਟਿਸ਼ ਕੋਲੰਬੀਆ ਵਿਚ ਆਉਣ ਵਾਲੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਉਮੀਦਾਂ ਨਾਲੋਂ ਕਾਫ਼ੀ ਘੱਟ ਰਹੀ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਕੈਨੇਡਾ ਦੇ ਆਡੀਟਰ ਜਨਰਲ ਦੀ ਰਿਪੋਰਟ ਵਿਚ ਖੁਲਾਸਾ ਹੋਇਆ ਹੈ ਕਿ 2024 ਦੌਰਾਨ ਸਟਡੀ ਪਰਮਿਟ ਮਨਜ਼ੂਰੀਆਂ ਵਿਚ ਲਗਭਗ 66 ਫ਼ੀਸਦੀ ਦੀ ਵੱਡੀ ਕਮੀ ਦਰਜ ਕੀਤੀ ਗਈ। ਇਹ ਉਹ ਪਹਿਲਾਂ ਸਾਲ ਸੀ ਜਦੋਂ ਕੇਂਦਰੀ ਸਰਕਾਰ ਵੱਲੋਂ ਵੱਡੇ ਪੱਧਰ 'ਤੇ ਇਮੀਗ੍ਰੇਸ਼ਨ ਕਟੌਤੀਆਂ ਲਾਗੂ ਕੀਤੀਆਂ ਗਈਆਂ ਸਨ। ਰਿਪੋਰਟ ਅਨੁਸਾਰ ਇਸ ਦੇ ਨਤੀਜੇ ਵਜੋਂ ਬੀ.ਸੀ. ਵਿਚ ਵਿਦੇਸ਼ੀ ਵਿਦਿਆਰਥੀਆਂ ਦੀ ਆਮਦ ਵਿਚ ਭਾਰੀ ਗਿਰਾਵਟ ਆਈ ਹੈ, ਜਿਸ ਨਾਲ ਸਿੱਖਿਆ ਸੰਸਥਾਵਾਂ ਅਤੇ ਅਰਥਵਿਵਸਥਾ 'ਤੇ ਵੀ ਅਸਰ ਪਿਆ ਹੈ।

# ਇਰਾਕ 'ਚ ਰਹਿ ਰਹੇ ਅਮਰੀਕੀ ਨਾਗਰਿਕਾਂ ਲਈ ਐਡਵਾਇਜ਼ਰੀ ਜਾਰੀ



**ਬਗਦਾਦ, (ਪੰਜਾਬ ਮੇਲ)-** ਮੱਧ ਪੂਰਬ 'ਚ ਵਧਦੇ ਤਣਾਅ ਵਿਚਕਾਰ ਅਮਰੀਕਾ ਨੇ ਇੱਕ ਵੱਡਾ ਕਦਮ ਚੁੱਕਦੇ ਹੋਏ ਇਰਾਕ ਵਿਚ ਰਹਿ ਰਹੇ ਆਪਣੇ ਸਾਰੇ ਨਾਗਰਿਕਾਂ ਨੂੰ ਤੁਰੰਤ ਦੇਸ਼ ਛੱਡਣ ਦੀ ਅਪੀਲ ਕੀਤੀ ਹੈ। ਬਗਦਾਦ ਸਥਿਤ ਅਮਰੀਕੀ ਦੂਤਾਵਾਸ ਵੱਲੋਂ ਜਾਰੀ ਕੀਤੀ ਗਈ ਤਾਜ਼ਾ ਐਡਵਾਈਜ਼ਰੀ ਵਿਚ ਈਰਾਨ ਸਮਰਥਿਤ ਅੱਤਵਾਦੀ ਸਮੂਹਾਂ ਵੱਲੋਂ ਵਧਦੇ ਖ਼ਤਰਿਆਂ ਅਤੇ ਜਨਤਕ ਸੁਰੱਖਿਆ ਨੂੰ ਦਰਪੇਸ਼ ਗੰਭੀਰ ਜ਼ੋਖ਼ਮਾਂ ਦਾ ਹਵਾਲਾ ਦਿੱਤਾ ਗਿਆ ਹੈ।

ਅਮਰੀਕੀ ਦੂਤਾਵਾਸ ਅਨੁਸਾਰ ਈਰਾਨ ਸਮਰਥਿਤ ਸਮੂਹਾਂ ਨੇ ਇਰਾਕ ਦੇ ਕੁਰਦਿਸਤਾਨ ਖੇਤਰ ਸਮੇਤ ਪੂਰੇ ਦੇਸ਼ ਵਿਚ ਅਮਰੀਕੀ ਨਾਗਰਿਕਾਂ ਅਤੇ ਹਿੱਤਾਂ ਨੂੰ ਨਿਸ਼ਾਨਾ ਬਣਾ ਕੇ ਵਿਆਪਕ ਹਮਲੇ ਕੀਤੇ ਹਨ। ਇਰਾਕੀ ਹਵਾਈ ਖੇਤਰ ਵਿਚ ਲਗਾਤਾਰ ਮਿਜ਼ਾਈਲ, ਡਰੋਨ ਅਤੇ ਰਾਕੇਟ ਹਮਲਿਆਂ ਦੇ ਖ਼ਤਰੇ ਕਾਰਨ ਨਾਗਰਿਕਾਂ ਨੂੰ ਬਗਦਾਦ ਅਤੇ ਇਰਬਿਲ ਵਿਚ ਸਥਿਤ ਦੂਤਾਵਾਸ ਦੇ ਕੰਪਲੈਕਸਾਂ ਦੇ ਨੇੜੇ ਨਾ ਜਾਣ ਦੀ ਸਖ਼ਤ ਚੇਤਾਵਨੀ ਦਿੱਤੀ ਗਈ ਹੈ। ਅਮਰੀਕਾ ਨੇ ਇਰਾਕ ਲਈ ਆਪਣੀ 'ਯਾਤਰਾ ਨਾ ਕਰੋ' (ਲੈਵਲ 4) ਸਬੰਧੀ ਚੇਤਾਵਨੀ ਨੂੰ ਦੁਹਰਾਉਂਦਿਆਂ ਸਪੱਸ਼ਟ ਕਿਹਾ ਹੈ ਕਿ ਕਿਸੇ ਵੀ ਕਾਰਨ ਕਰਕੇ ਇਰਾਕ ਦੀ ਯਾਤਰਾ ਨਾ ਕੀਤੀ ਜਾਵੇ ਅਤੇ ਜੇਕਰ ਕੋਈ ਉੱਥੇ ਮੌਜੂਦ ਹੈ, ਤਾਂ ਉਹ ਤੁਰੰਤ ਬਾਹਰ ਨਿਕਲ ਜਾਵੇ। ਅਧਿਕਾਰੀਆਂ ਨੂੰ ਚਿੰਤਾ ਹੈ ਕਿ ਅੱਤਵਾਦੀ ਸਮੂਹ ਅਮਰੀਕੀ ਨਾਗਰਿਕਾਂ ਨੂੰ ਅਗਵਾ ਕਰਨ ਦੀ ਕੋਸ਼ਿਸ਼ ਵੀ ਕਰ ਸਕਦੇ ਹਨ। ਇਸ ਸਮੇਂ ਇਰਾਕ ਦਾ ਹਵਾਈ ਖੇਤਰ ਪੂਰੀ ਤਰ੍ਹਾਂ ਬੰਦ ਹੈ ਅਤੇ ਸਾਰੀਆਂ ਵਪਾਰਕ ਉਡਾਣਾਂ ਮੁਅੱਤਲ ਹਨ। ਅਮਰੀਕੀ ਦੂਤਾਵਾਸ ਨੇ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਉਹ ਜਾਰਡਨ, ਕੁਵੈਤ, ਸਾਊਦੀ ਅਰਬ ਅਤੇ ਤੁਰਕੀ ਵਰਗੇ ਗੁਆਂਢੀ ਦੇਸ਼ਾਂ ਦੇ ਜ਼ਮੀਨੀ ਰਸਤਿਆਂ ਰਾਹੀਂ ਬਾਹਰ ਨਿਕਲਣ।

ਹਾਲਾਂਕਿ, ਇਨ੍ਹਾਂ ਰਸਤਿਆਂ 'ਤੇ ਭਾਰੀ ਭੀੜ, ਉੱਚੇ ਕਿਰਾਏ ਅਤੇ ਲੰਬੀ ਦੇਰੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਰਿਪੋਰਟਾਂ ਅਨੁਸਾਰ, ਅੱਤਵਾਦੀ ਸਮੂਹਾਂ ਨੇ ਨਾ ਸਿਰਫ਼ ਡਿਪਲੋਮੈਟਿਕ ਮਿਸ਼ਨਾਂ, ਸਗੋਂ ਕਾਰੋਬਾਰਾਂ, ਊਰਜਾ ਬੁਨਿਆਦੀ ਢਾਂਚੇ ਅਤੇ ਉਨ੍ਹਾਂ ਹੋਟਲਾਂ ਨੂੰ ਵੀ ਨਿਸ਼ਾਨਾ ਬਣਾਇਆ ਹੈ, ਜਿੱਥੇ ਅਕਸਰ ਵਿਦੇਸ਼ੀ ਨਾਗਰਿਕ ਰੁਕਦੇ ਹਨ। ਅਮਰੀਕੀ ਅਧਿਕਾਰੀਆਂ ਨੇ ਕਿਹਾ ਹੈ ਕਿ ਉਹ ਸਥਿਤੀ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ ਅਤੇ ਲੋੜ ਅਨੁਸਾਰ ਹੋਰ ਅਪਡੇਟ ਜਾਰੀ ਕੀਤੇ ਜਾਣਗੇ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਕਿਊਬਾ ਵੱਲੋਂ ਅਮਰੀਕਾ ਅੱਗੇ ਨਾ ਝੁਕਣ ਦਾ ਐਲਾਨ



ਕਿਊਬਾ ਨੇ ਰਾਸ਼ਟਰਪਤੀ ਨੂੰ ਹਟਾਉਣ ਦੀ ਸ਼ਰਤ ਕੀਤੀ ਖਾਰਜ

**ਹਵਾਨਾ, (ਪੰਜਾਬ ਮੇਲ)-** ਕਿਊਬਾ ਨੇ ਅਮਰੀਕਾ ਦੇ ਉਸ ਸੁਝਾਅ ਨੂੰ ਸਖ਼ਤੀ ਨਾਲ ਰੱਦ ਕਰ ਦਿੱਤਾ ਹੈ, ਜਿਸ ਵਿਚ ਕਿਊਬਾ ਦੀ ਸਿਆਸੀ ਪ੍ਰਣਾਲੀ ਜਾਂ ਰਾਸ਼ਟਰਪਤੀ ਦੇ ਕਾਰਜਕਾਲ ਨੂੰ ਗੱਲਬਾਤ ਦਾ ਹਿੱਸਾ ਬਣਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਇਹ ਪ੍ਰਤੀਕਿਰਿਆ ਉਨ੍ਹਾਂ ਰਿਪੋਰਟਾਂ ਤੋਂ ਬਾਅਦ ਆਈ ਹੈ, ਜਿਨ੍ਹਾਂ ਅਨੁਸਾਰ ਵਾਸ਼ਿੰਗਟਨ ਕਿਊਬਾ ਦੇ ਰਾਸ਼ਟਰਪਤੀ ਮਿਗੁਏਲ ਡਿਆਜ਼-ਕਾਨੇਲ ਨੂੰ ਸੱਤਾ ਤੋਂ ਹਟਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਪ ਵਿਦੇਸ਼ ਮੰਤਰੀ ਕਾਰਲੋਸ ਫਰਨਾਂਡੇਜ਼ ਡੇ ਕੋਸੀਓ ਨੇ ਪ੍ਰੈੱਸ ਕਾਨਫਰੰਸ ਵਿਚ ਸਪੱਸ਼ਟ ਕੀਤਾ ਕਿ ਕਿਊਬਾ ਦਾ ਸਿਆਸੀ ਢਾਂਚਾ ਅਤੇ ਕਿਸੇ ਵੀ ਅਧਿਕਾਰੀ ਦਾ ਅਹੁਦਾ ਅਮਰੀਕਾ ਨਾਲ ਸੌਦੇਬਾਜ਼ੀ ਦਾ ਵਿਸ਼ਾ ਨਹੀਂ ਹੈ।

ਕਿਊਬਾ ਨੇ ਇੱਕ ਹਫ਼ਤਾ ਪਹਿਲਾਂ ਅਮਰੀਕਾ ਨਾਲ ਗੱਲਬਾਤ ਸ਼ੁਰੂ ਕਰਨ ਦੀ ਪੁਸ਼ਟੀ ਕੀਤੀ ਸੀ। ਇਹ ਗੱਲਬਾਤ ਅਜਿਹੇ ਸਮੇਂ ਹੋ ਰਹੀ ਹੈ, ਜਦੋਂ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਲਗਾਈ ਗਈ ਤੇਲ ਦੀ ਪਾਬੰਦੀ ਕਾਰਨ ਕਿਊਬਾ ਡੂੰਘੇ ਆਰਥਿਕ ਸੰਕਟ ਵਿਚ ਫਸਿਆ ਹੋਇਆ ਹੈ। ਟਰੰਪ ਨੇ ਕਿਹਾ ਸੀ ਕਿ ਉਹ ਕਿਊਬਾ ਵਰਗੇ ਗੁਆਂਢੀ ਦੇਸ਼ ਨਾਲ ਜੋ ਚਾਹੁਣ ਕਰ ਸਕਦੇ ਹਨ। ਇਸ ਦੇ ਜਵਾਬ ਵਿਚ ਰਾਸ਼ਟਰਪਤੀ ਡਿਆਜ਼-ਕਾਨੇਲ ਨੇ ਕਿਹਾ ਹੈ ਕਿ ਕਿਊਬਾ ਅਮਰੀਕਾ ਦੀ ਕਿਸੇ ਵੀ ਸੰਭਾਵਿਤ ਹਮਲਾਵਰ ਕਾਰਵਾਈ ਦਾ ਸਾਹਮਣਾ ਕਰਨ ਲਈ ਤਿਆਰ ਹੈ ਅਤੇ ਕੋਈ ਵੀ ਬਾਹਰੀ ਹਮਲਾਵਰ ਦੇਸ਼ ਨੂੰ ਕਮਜ਼ੋਰ ਨਹੀਂ ਕਰ ਸਕੇਗਾ।

ਕੁਝ ਅਮਰੀਕੀ ਅਖ਼ਬਾਰਾਂ ਅਨੁਸਾਰ ਟਰੰਪ ਪ੍ਰਸ਼ਾਸਨ ਕਿਊਬਾ ਨਾਲ ਇੱਕ ਅਜਿਹਾ ਆਰਥਿਕ ਸਮਝੌਤਾ ਕਰਨਾ ਚਾਹੁੰਦਾ ਸੀ ਜਿਸ ਵਿਚ ਵਪਾਰਕ ਪਾਬੰਦੀਆਂ ਤਾਂ ਹਟਾਈਆਂ ਜਾਣਗੀਆਂ ਪਰ ਰਾਸ਼ਟਰਪਤੀ ਡਿਆਜ਼-ਕਾਨੇਲ ਨੂੰ ਅਹੁਦਾ ਛੱਡਣਾ ਪਵੇਗਾ। ਰਿਪੋਰਟਾਂ ਮੁਤਾਬਕ ਅਮਰੀਕਾ ਚਾਹੁੰਦਾ ਹੈ ਕਿ ਡਿਆਜ਼-ਕਾਨੇਲ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਹਟ ਜਾਣ। ਇਹ ਤਰੀਕਾ ਵੈਨੇਜ਼ੁਏਲਾ ਵਰਗਾ ਹੀ ਜਾਪਦਾ ਹੈ, ਜਿੱਥੇ ਅਮਰੀਕਾ ਨੇ ਰਾਸ਼ਟਰਪਤੀ ਮਾਦੁਰੋ ਨੂੰ ਹਟਾ ਕੇ ਆਪਣੀ ਪਸੰਦ ਦੀ ਸਰਕਾਰ ਨਾਲ ਸਹਿਯੋਗ ਕੀਤਾ ਸੀ। ਕਿਊਬਾ ਵਿਚ ਸੱਤਾ ਕਿਸੇ ਇੱਕ ਵਿਅਕਤੀ ਦੇ ਹੱਥ ਵਿਚ ਨਹੀਂ, ਬਲਕਿ ਕਮਿਊਨਿਸਟ ਪਾਰਟੀ ਦੇ ਆਗੂਆਂ, ਸਰਕਾਰੀ ਅਧਿਕਾਰੀਆਂ ਅਤੇ ਫੌਜ ਵਿਚ ਵੰਡੀ ਹੋਈ ਹੈ। ਵਿਦੇਸ਼ ਮੰਤਰਾਲੇ ਨੇ ਗੱਲਬਾਤ ਦੇ ਸਮੇਂ ਅਤੇ ਸਥਾਨ ਬਾਰੇ ਤਾਂ ਕੁਝ ਨਹੀਂ ਦੱਸਿਆ ਪਰ ਇਹ ਜ਼ਰੂਰ ਕਿਹਾ ਕਿ ਵਪਾਰ ਅਤੇ ਪੁਰਾਣੇ ਮੁਆਵਜ਼ਿਆਂ ਵਰਗੇ ਕਈ ਅਹਿਮ ਮੁੱਦੇ ਹਨ, ਜਿਨ੍ਹਾਂ 'ਤੇ ਗੱਲ ਹੋ ਸਕਦੀ ਹੈ। ਕਿਊਬਾ ਅਮਰੀਕੀ ਪਾਬੰਦੀਆਂ ਕਾਰਨ ਹੋਏ ਨੁਕਸਾਨ ਦਾ ਮੁਆਵਜ਼ਾ ਚਾਹੁੰਦਾ ਹੈ, ਜਦੋਂ ਕਿ ਅਮਰੀਕਾ ਉਨ੍ਹਾਂ ਜਾਇਦਾਦਾਂ ਦਾ ਹਿਸਾਬ ਮੰਗ ਰਿਹਾ ਹੈ, ਜਿਨ੍ਹਾਂ ਦਾ 1959 ਦੀ ਕ੍ਰਾਂਤੀ ਵੇਲੇ ਕੇਂਦਰੀਕਰਨ ਕਰ ਦਿੱਤਾ ਗਿਆ ਸੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਜੰਗੀ ਤਣਾਅ ਕਾਰਨ ਅੰਮ੍ਰਿਤਸਰ ਤੋਂ ਹਵਾਈ ਸਫ਼ਰ ਮਹਿੰਗਾ ਹੋਣ ਦੀ ਸੰਭਾਵਨਾ

**ਅੰਮ੍ਰਿਤਸਰ, (ਪੰਜਾਬ ਮੇਲ)-** ਪੱਛਮੀ ਏਸ਼ੀਆ ਵਿਚ ਅਮਰੀਕਾ-ਇਜ਼ਰਾਈਲ ਅਤੇ ਈਰਾਨ ਵਿਚਾਲੇ ਵਧਦੇ ਜੰਗੀ ਤਣਾਅ ਨੇ ਵਿਸ਼ਵ ਭਰ ਵਿਚ ਚਿੰਤਾ ਪੈਦਾ ਕਰ ਦਿੱਤੀ ਹੈ। ਇਸ ਸੰਭਾਵੀ ਜੰਗ ਦਾ ਸਿੱਧਾ ਅਸਰ ਸਰਹੱਦੀ ਸ਼ਹਿਰ ਅੰਮ੍ਰਿਤਸਰ ਦੇ ਆਰਥਿਕ, ਸਮਾਜਿਕ ਅਤੇ ਧਾਰਮਿਕ ਪੱਖਾਂ 'ਤੇ ਪੈਣ ਦੀ ਸੰਭਾਵਨਾ ਹੈ। ਮਾਹਿਰਾਂ ਅਨੁਸਾਰ, ਜੇਕਰ ਹਾਲਾਤ ਹੋਰ ਵਿਗੜਦੇ ਹਨ ਤਾਂ ਅੰਮ੍ਰਿਤਸਰ ਦਾ ਅੰਤਰਰਾਸ਼ਟਰੀ ਵਪਾਰ ਅਤੇ ਸੈਰ-ਸਪਾਟਾ ਵੱਡੀ ਮਾਰ ਹੇਠ ਆ ਸਕਦਾ ਹੈ। ਵਿਸ਼ਵ ਭਰ 'ਚ ਸੈਲਾਨੀਆਂ ਲਈ ਖਿੱਚ ਦਾ ਕੇਂਦਰ ਗੁਰੂ ਨਗਰੀ ਇਸ ਸਮੇਂ ਗਲੋਬਲ ਸਿਆਸਤ ਦੀ ਮਾਰ ਝੱਲਣ ਦੀ ਦਹਿਲੀਜ਼ 'ਤੇ ਖੜ੍ਹੀ ਹੈ।

ਈਰਾਨ ਦਾ ਹਵਾਈ ਖੇਤਰ ਪ੍ਰਭਾਵਿਤ ਹੋਣ ਕਾਰਨ ਅੰਮ੍ਰਿਤਸਰ ਤੋਂ ਯੂਰਪ ਅਤੇ ਖਾੜੀ ਦੇਸ਼ਾਂ ਨੂੰ ਜਾਣ ਵਾਲੀਆਂ ਹਵਾਈ ਉਡਾਣਾਂ ਦੇ ਰੂਟ ਬਦਲੇ ਜਾ ਸਕਦੇ ਹਨ। ਜਦੋਂ ਵੀ ਮੱਧ-ਪੂਰਬ ਵਿਚ ਜੰਗੀ ਹਾਲਾਤ ਬਣਦੇ ਹਨ, ਤਾਂ ਉਡਾਣਾਂ ਨੂੰ ਲੰਬੇ ਅਤੇ ਬਦਲਵੇਂ ਰਸਤਿਆਂ ਰਾਹੀਂ ਭੇਜਿਆ ਜਾਂਦਾ ਹੈ।

ਇਸ ਨਾਲ ਹਵਾਈ ਰਸਤਾ ਲੰਬਾ ਹੋਣ ਕਰ ਕੇ ਸਫ਼ਰ ਦਾ ਸਮਾਂ ਲੱਗਭਗ ਦੁੱਗਣਾ ਹੋ ਸਕਦਾ ਹੈ। ਦੂਸਰੇ ਪਾਸੇ ਤੇਲ ਦੀਆਂ ਕੀਮਤਾਂ ਵਿਚ ਹੋਣ ਵਾਲੇ ਸੰਭਾਵੀ ਵਾਧੇ ਕਾਰਨ ਹਵਾਈ ਸਫ਼ਰ ਮਹਿੰਗਾ ਹੋਵੇਗਾ, ਜਿਸ ਨਾਲ ਯਾਤਰੀਆਂ ਨੂੰ ਭਾਰੀ ਵਿੱਤੀ ਮਾਰ ਪਵੇਗੀ। ਇਸ ਨਾਲ ਖ਼ਾਸ ਕਰ ਕੇ ਉਹ ਲੋਕ ਜੋ ਰੋਜ਼ੀ-ਰੋਟੀ ਲਈ ਖਾੜੀ ਦੇਸ਼ਾਂ ਵਿਚ ਰਹਿੰਦੇ ਹਨ, ਉਨ੍ਹਾਂ ਲਈ ਟਿਕਟਾਂ ਦੇ ਰੇਟ ਵਧਣਾ ਵੱਡੀ ਪ੍ਰੇਸ਼ਾਨੀ ਦਾ ਸਬਬ ਬਣ ਸਕਦਾ ਹੈ। ਏਅਰਲਾਈਨਜ਼ ਵੱਲੋਂ ਉਡਾਣਾਂ ਰੱਦ ਹੋਣ ਦੀ ਸੂਰਤ ਵਿਚ ਹਜ਼ਾਰਾਂ ਮੁਸਾਫ਼ਰ ਅੱਡਿਆਂ 'ਤੇ ਫਸ ਸਕਦੇ ਹਨ, ਜਿਸ ਨਾਲ ਹਫੜਾ-ਦਫੜੀ ਵਾਲਾ ਮਾਹੌਲ ਬਣ ਸਕਦਾ ਹੈ।

ਇਸ ਤੋਂ ਇਲਾਵਾ ਅੰਤਰਰਾਸ਼ਟਰੀ ਅਸਥਿਰਤਾ ਕਾਰਨ ਵਾਹਗਾ ਸਰਹੱਦ ਰਾਹੀਂ ਹੋਣ ਵਾਲਾ ਸੀਮਤ ਵਪਾਰ ਵੀ ਪ੍ਰਭਾਵਿਤ ਹੋ ਸਕਦਾ ਹੈ। ਭਾਵੇਂ ਭਾਰਤ-ਪਾਕਿਸਤਾਨ ਵਿਚਾਲੇ ਵਪਾਰ ਪਹਿਲਾਂ ਹੀ ਘੱਟ ਹੈ, ਪਰ ਅੰਤਰਰਾਸ਼ਟਰੀ ਬਾਜ਼ਾਰ ਵਿਚ ਵਪਾਰਕ ਵਸਤਾਂ ਦਾ ਵਟਾਂਦਰਾ ਰੁਕਣ ਨਾਲ ਸਥਾਨਕ ਉਦਯੋਗਾਂ ਨੂੰ ਕੱਚੇ ਮਾਲ ਦੀ ਕਿੱਲਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਨਾਲ ਖ਼ਾਸ ਕਰ ਕੇ ਅਫ਼ਗਾਨਿਸਤਾਨ ਅਤੇ ਮੱਧ ਏਸ਼ੀਆ ਤੋਂ ਆਉਣ ਵਾਲੇ ਖੁਸ਼ਕ ਮੇਵਿਆਂ ਅਤੇ ਹੋਰ ਦਰਾਮਦ-ਬਰਆਮਦ ਹੋਣ ਵਾਲੀਆਂ ਚੀਜ਼ਾਂ ਦੇ ਭਾਅ ਵਧਣ ਦਾ ਖਦਸ਼ਾ ਹੈ। ਵਪਾਰੀਆਂ ਅਨੁਸਾਰ, ਜੇਕਰ ਜੰਗ ਲੱਗਦੀ ਹੈ ਤਾਂ ਸਪਲਾਈ ਚੇਨ ਪੂਰੀ ਤਰ੍ਹਾਂ ਟੁੱਟ ਜਾਵੇਗੀ, ਜਿਸ ਨਾਲ ਅੰਮ੍ਰਿਤਸਰ ਦੇ ਥੋਕ ਬਾਜ਼ਾਰਾਂ ਵਿਚ ਮੰਦੀ ਦਾ ਦੌਰ ਸ਼ੁਰੂ ਹੋ ਸਕਦਾ ਹੈ।

# ਖ਼ੁਦਕੁਸ਼ੀ ਮਾਮਲਾ : ਸੀ.ਬੀ.ਆਈ. ਜਾਂਚ ਲਈ ਰਾਹ ਪੱਧਰਾ

**ਕਾਂਗਰਸ ਦੇ ਚਾਰ ਸੰਸਦ ਮੈਂਬਰਾਂ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਪੱਤਰ ਦਿੱਤਾ**

**ਚੰਡੀਗੜ੍ਹ/ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਦੇ ਖ਼ੁਦਕੁਸ਼ੀ ਮਾਮਲੇ ਨੂੰ ਸੀ.ਬੀ.ਆਈ. ਹਵਾਲੇ ਕਰਨ ਦਾ ਰਾਹ ਪੱਧਰਾ ਹੋਣ ਲੱਗਾ ਹੈ। ਪੰਜਾਬ ਦੇ ਚਾਰ ਕਾਂਗਰਸੀ ਸੰਸਦ ਮੈਂਬਰਾਂ ਵੱਲੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕਰ ਕੇ ਖ਼ੁਦਕੁਸ਼ੀ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ ਗਈ। ਅਮਿਤ ਸ਼ਾਹ ਦੇ ਭਰੋਸੇ ਮਗਰੋਂ ਹੀ ਸੰਸਦ ਮੈਂਬਰਾਂ ਨੇ ਗ੍ਰਹਿ ਮੰਤਰੀ ਨੂੰ ਲਿਖਤੀ ਪੱਤਰ ਸੌਂਪਿਆ। ਲੋਕ ਸਭਾ 'ਚ ਰੰਧਾਵਾ ਖ਼ੁਦਕੁਸ਼ੀ ਮਾਮਲੇ ਦੀ ਗੂੰਜ ਪੈਣ ਮਗਰੋਂ ਹੀ ਤੇਜ਼ੀ ਨਾਲ ਇਸ ਮਾਮਲੇ 'ਚ ਕਾਰਵਾਈ ਹੋਈ ਹੈ।

ਗੌਰਤਲਬ ਹੈ ਕਿ ਅੰਮ੍ਰਿਤਸਰ ਤੋਂ ਸੰਸਦ ਮੈਂਬਰ ਗੁਰਜੀਤ ਸਿੰਘ ਔਜਲਾ ਨੇ ਲੋਕ ਸਭਾ 'ਚ ਸਿਫ਼ਰ ਕਾਲ ਦੌਰਾਨ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਜ਼ਿਲ੍ਹਾ ਅਧਿਕਾਰੀ ਰੰਧਾਵਾ ਦੀ ਖ਼ੁਦਕੁਸ਼ੀ ਦੇ ਮਾਮਲੇ ਨੂੰ ਚੁੱਕਿਆ ਸੀ, ਜਿਸ ਮਗਰੋਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸੰਸਦ 'ਚ ਕਿਹਾ ਕਿ ਜੇਕਰ ਪੰਜਾਬ ਦੇ ਸੰਸਦ ਮੈਂਬਰ ਇਸ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਏ ਜਾਣ ਬਾਰੇ ਲਿਖਤੀ ਦੇਣਗੇ, ਤਾਂ ਉਹ ਇਹ ਮਾਮਲਾ ਸੀ.ਬੀ.ਆਈ. ਨੂੰ ਸੌਂਪ ਦੇਣਗੇ।

ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ, ਗੁਰਜੀਤ ਸਿੰਘ ਔਜਲਾ, ਸੁਖਜਿੰਦਰ ਸਿੰਘ ਰੰਧਾਵਾ ਅਤੇ ਡਾ. ਧਰਮਵੀਰ ਗਾਂਧੀ ਨੇ ਕੇਂਦਰੀ ਗ੍ਰਹਿ ਮੰਤਰੀ ਨੂੰ ਸੌਂਪੇ ਪੱਤਰ 'ਚ ਲਿਖਿਆ ਕਿ ਖ਼ੁਦਕੁਸ਼ੀ ਮਾਮਲੇ ਦੀ ਗੰਭੀਰਤਾ ਅਤੇ ਜਨਹਿੱਤ ਦੇ ਮੱਦੇਨਜ਼ਰ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਈ ਜਾਵੇ। ਸੰਸਦ ਮੈਂਬਰਾਂ ਨੇ ਮੰਗ ਕੀਤੀ ਕਿ ਜਿਨ੍ਹਾਂ ਵਿਅਕਤੀਆਂ ਖ਼ਿਲਾਫ਼ ਅੰਮ੍ਰਿਤਸਰ ਦੇ ਥਾਣਾ ਰਣਜੀਤ ਐਵੇਨਿਊ 'ਚ 21 ਮਾਰਚ ਨੂੰ ਐੱਫ.ਆਈ.ਆਰ. ਦਰਜ ਹੋਈ ਹੈ, ਉਨ੍ਹਾਂ ਖ਼ਿਲਾਫ਼ ਲੁੱਕ ਆਊਟ ਨੋਟਿਸ ਵੀ ਜਾਰੀ ਕੀਤੇ ਜਾਣ, ਤਾਂ ਜੋ ਉਹ ਮੁਲਕ ਛੱਡ ਕੇ ਭੱਜ ਨਾ ਸਕਣ।

ਦੇਖਿਆ ਜਾਵੇ ਤਾਂ ਹੁਣ ਇਸ ਮਾਮਲੇ ਦੀ ਸੀ.ਬੀ.ਆਈ. ਜਾਂਚ ਲਈ ਰਾਹ ਪੱਧਰਾ ਹੋ ਗਿਆ ਹੈ। ਇਸੇ ਤਰ੍ਹਾਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਵੀ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਵੱਖਰਾ ਪੱਤਰ ਭੇਜ ਕੇ ਇਸ ਮਾਮਲੇ ਦੀ ਜਾਂਚ ਕਰਾਏ ਜਾਣ ਦੀ ਮੰਗ ਕੀਤੀ।

ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਵੀ ਵੀਡੀਓ ਸਬੂਤਾਂ ਦੇ ਹਵਾਲੇ ਨਾਲ ਸੰਸਦ 'ਚ ਇਹ ਮੁੱਦਾ ਉਠਾਇਆ। ਉਨ੍ਹਾਂ 'ਆਪ' ਸਰਕਾਰ ਨੂੰ ਨਿਸ਼ਾਨੇ 'ਤੇ ਲੈਂਦਿਆਂ ਕਿਹਾ ਕਿ 'ਪੰਜਾਬ 'ਚ ਹੁਣ ਕਾਨੂੰਨ ਦਾ ਨਹੀਂ, ਬਲਕਿ ਗੁੰਡਿਆਂ ਦਾ ਰਾਜ ਹੈ।'

# ਪੰਜਾਬ ਵੱਲੋਂ ਹਿਮਾਚਲ ਦੇ ਵਪਾਰਕ ਵਾਹਨਾਂ 'ਤੇ ਟੌਲ ਟੈਕਸ ਲਗਾਏ ਜਾਣ ਦੇ ਸੰਕੇਤ

**ਰੂਪਨਗਰ, (ਪੰਜਾਬ ਮੇਲ)-** ਪੰਜਾਬ ਦੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸੰਕੇਤ ਦਿੱਤਾ ਹੈ ਕਿ ਸੂਬਾ ਵੀ ਹਿਮਾਚਲ ਪ੍ਰਦੇਸ਼ ਤੋਂ ਆਉਣ ਵਾਲੇ ਵਪਾਰਕ ਵਾਹਨਾਂ 'ਤੇ ਟੌਲ ਟੈਕਸ ਲਗਾਏਗਾ। ਉਨ੍ਹਾਂ ਕਿਹਾ ਕਿ ਹਿਮਾਚਲ ਪ੍ਰਦੇਸ਼ ਵੱਲੋਂ ਕੌਮੀ ਸ਼ਾਹਰਾਹਾਂ 'ਤੇ ਲਗਾਏ ਗਏ ਐਂਟਰੀ ਟੈਕਸ ਵਿਰੁੱਧ ਪੰਜਾਬ ਸਰਕਾਰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਏਗੀ, ਕਿਉਂਕਿ ਇਹ ਕੌਮੀ ਸੜਕਾਂ ਹਨ ਅਤੇ ਕਿਸੇ ਸੂਬੇ ਵੱਲੋਂ ਇਨ੍ਹਾਂ ਉੱਤੇ ਟੈਕਸ ਲਗਾਉਣਾ ਗੈਰ-ਕਾਨੂੰਨੀ ਹੈ।

ਸ਼੍ਰੀ ਬੈਂਸ ਨੇ ਕਿਹਾ ਕਿ ਪੰਜਾਬ ਸਰਕਾਰ ਵੀ ਹਿਮਾਚਲ ਵਿਚ ਰਜਿਸਟਰਡ ਵਪਾਰਕ ਵਾਹਨਾਂ 'ਤੇ ਦਾਖ਼ਲਾ ਟੈਕਸ ਲਗਾਉਣ ਦੀ ਯੋਜਨਾ ਬਣਾ ਰਹੀ ਹੈ। ਉਨ੍ਹਾਂ ਸਪੱਸ਼ਟ ਕੀਤਾ, "ਅਸੀਂ ਹਿਮਾਚਲ ਪ੍ਰਦੇਸ਼ ਦੇ ਆਮ ਲੋਕਾਂ 'ਤੇ ਟੈਕਸ ਨਹੀਂ ਲਗਾਉਣਾ ਚਾਹੁੰਦੇ, ਪਰ ਵਪਾਰਕ ਵਾਹਨਾਂ 'ਤੇ ਇਹ ਟੈਕਸ ਲਗਾਇਆ ਜਾਵੇਗਾ।"

ਜ਼ਿਕਰਯੋਗ ਹੈ ਕਿ ਹਿਮਾਚਲ ਪ੍ਰਦੇਸ਼ ਵਿਚ ਦਾਖ਼ਲਾ ਟੈਕਸ 'ਚ ਹੋਣ ਵਾਲਾ ਵਾਧਾ ਪਹਿਲੀ ਅਪ੍ਰੈਲ ਤੋਂ ਲਾਗੂ ਹੋ ਰਿਹਾ ਹੈ। ਹਿਮਾਚਲ ਦੇ ਦਾਖ਼ਲਾ ਟੈਕਸ ਵਿਰੁੱਧ ਲੜ ਰਹੇ ਸੰਘਰਸ਼ ਮੋਰਚਾ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਨੇ ਕਿਹਾ ਕਿ ਦਾਖ਼ਲਾ ਟੈਕਸ ਦੇ ਵਿਰੋਧ ਵਿਚ ਨੰਗਲ ਦੇ ਵਸਨੀਕ ਚੱਕਾ ਜਾਮ ਕਰਨਗੇ। ਉੱਧਰ, ਊਨਾ ਤੋਂ ਭਾਜਪਾ ਵਿਧਾਇਕ ਸਤਪਾਲ ਸੱਤੀ ਦਾ ਤਰਕ ਹੈ ਕਿ ਦਾਖ਼ਲਾ ਟੈਕਸ ਵਧਾਉਣ ਨਾਲ ਹਿਮਾਚਲ ਪ੍ਰਦੇਸ਼ ਦੇ ਖਜ਼ਾਨੇ ਵਿਚ ਕੋਈ ਖਾਸ ਵਾਧਾ ਨਹੀਂ ਹੋ ਰਿਹਾ, ਸਗੋਂ ਆਮ ਜਨਤਾ 'ਤੇ ਬੋਝ ਪੈ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲਗਾਇਆ ਅੱਖਾਂ ਦਾ ਮੁਫ਼ਤ ਜਾਂਚ ਕੈਂਪ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਵੱਡੀ ਪੱਧਰ ’ਤੇ ਅੱਖਾਂ ਦੇ ਜਾਂਚ ਕੈਂਪ ਲਗਾ ਕੇ ਲੋਕਾਂ ਨੂੰ ਅੱਖਾਂ ਦੀਆਂ ਬੀਮਾਰੀਆਂ ਤੋਂ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਟਰੱਸਟ ਵੱਲੋਂ ਮਰੀਜ਼ਾਂ ਨੂੰ ਦਵਾਈਆਂ ਅਤੇ ਨੇੜੇ ਦੀ ਨਿਗਾਹ ਦੀਆਂ ਐਨਕਾਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ ਅਤੇ ਡਾਕਟਰ ਵੱਲੋਂ ਮਰੀਜ਼ਾਂ ਦੇ ਹੋਣ ਵਾਲੇ ਓਪਰੇਸ਼ਨ ਵੀ ਟਰੱਸਟ ਵੱਲੋਂ ਮੁਫ਼ਤ ਕਰਵਾ ਕੇ ਦਿੱਤੇ ਜਾ ਰਹੇ ਹਨ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪ੍ਰਧਾਨ ਨੇ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਖੱਪਿਆਂਵਾਲ਼ੀ ਵਾਲੀ ਦੇ ਗੁਰਦੁਆਰਾ ਸਾਹਿਬ ਵਿਖੇ ਡਾਕਟਰ ਸੁਨੀਲ ਬਾਂਸਲ ਸਿਵਲ ਸਰਜਨ ਸ੍ਰੀ ਮੁਕਤਸਰ ਸਾਹਿਬ ਦੀ ਰਹਿਨੁਮਾਈ ਹੇਠ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ।



*ਡਾ. ਐੱਸ.ਪੀ. ਸਿੰਘ ਓਬਰਾਏ।*

ਅਸਿਸਟੈਂਟ ਸਿਵਲ ਸਰਜਨ ਡਾਕਟਰ ਸਰਬਜੀਤ ਸਿੰਘ ਵੱਲੋਂ ਕੈਂਪ ਦੀ ਸ਼ੁਰੂਆਤ ਕਰਵਾਈ ਗਈ ਅਤੇ ਡਾਕਟਰ ਹਰਸ਼ਪਰੀਤ ਕੌਰ ਐੱਮ.ਡੀ. ਆਈ ਸਪੈਸ਼ਲਿਸਟ ਵੱਲੋਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਡਾਕਟਰ ਮੰਜੂ ਅਪਥਾਲਮਿਕ ਅਫ਼ਸਰ ਵੱਲੋਂ ਮਰੀਜ਼ਾਂ ਨੂੰ ਚੈੱਕਅੱਪ ਦੌਰਾਨ ਐਨਕਾਂ ਲਗਾਉਣ ਲਈ ਨੰਬਰ ਅਲਾਟ ਕੀਤੇ ਗਏ, ਜਿਸ ਵਿਚ 500 ਦੇ ਕਰੀਬ ਲੋਕਾਂ ਦੀ ਅੱਖਾਂ ਦੀ ਜਾਂਚ ਕੀਤੀ ਗਈ ਅਤੇ 32 ਲੋਕਾਂ ਨੂੰ ਅਪਰੇਸ਼ਨ ਲਈ ਚੁਣਿਆ ਗਿਆ।

ਜਾਂਚ ਦੌਰਾਨ ਦਵਾਈਆਂ ਅਤੇ ਨੇੜੇ ਦੀ ਨਿਗਾਹ ਦੀਆਂ ਐਨਕਾਂ ਟਰੱਸਟ ਵੱਲੋਂ ਮੁਫ਼ਤ ਦਿੱਤੀਆਂ ਗਈਆਂ। ਕੈਂਪ ਦੌਰਾਨ ਲੰਗਰ ਦੀ ਸੇਵਾ ਲੰਗਰ ਕਮੇਟੀ ਪਿੰਡ ਖੱਪਿਆਂਵਾਲ਼ੀ ਵਾਲੀ ਵੱਲੋਂ ਪਿੰਡ ਦੇ ਸਹਿਯੋਗ ਨਾਲ ਕੀਤੀ ਗਈ। ਪਿੰਡ ਖੱਪਿਆਂਵਾਲ਼ੀ ਦੇ ਆਯੂਸ਼ਮਾਨ ਅਰੋਗਿਆ ਕੇਂਦਰ ਦੇ ਸਮੁੱਚੇ ਸਟਾਫ ਵੱਲੋਂ ਇਸ ਕੈਂਪ ਦੌਰਾਨ ਭਰਪੂਰ ਸਮਰਥਨ ਦਿੱਤਾ ਗਿਆ। ਇਸ ਕੈਂਪ ਦੌਰਾਨ ਜਗਜੀਤ ਸਿੰਘ ਬਰਾੜ ਹਨੀ ਬਰਾੜ ਫੱਤਣਵਾਲਾ ਵੱਲੋਂ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਗਈ। ਇਸ ਮੌਕੇ ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਜਸਪਾਲ ਸਿੰਘ ਰਿਟਾ. ਲੈਕਚਰਾਰ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ, ਬਰਨੇਕ ਸਿੰਘ ਰਿਟਾ. ਲੈਕਚਰਾਰ, ਸੋਮ ਨਾਥ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਮਲਕੀਤ ਸਿੰਘ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਅਸ਼ੋਕ ਕੁਮਾਰ, ਹਰਭਗਵਾਨ ਸਿੰਘ, ਖੱਪਿਆਂਵਾਲ਼ੀ ਦੇ ਪਤਵੰਤੇ, ਨਗਰ ਪੰਚਾਇਤ ਦੇ ਅਹੁਦੇਦਾਰ ਆਦਿ ਹਾਜ਼ਰ ਸਨ।

## ਵਰਿੰਦਰ ਘੁੰਮਣ ਦੀ ਮੌਤ ਦਾ ਮਾਮਲਾ : ਡਾਕਟਰਾਂ ਖ਼ਿਲਾਫ਼ ਐੱਫ.ਆਈ.ਆਰ. ਦਰਜ

**ਜਲੰਧਰ, (ਪੰਜਾਬ ਮੇਲ)**- ਇੰਟਰਨੈਸ਼ਨਲ ਬਾਡੀ ਬਿਲਡਰ ਵਰਿੰਦਰ ਘੁੰਮਣ ਦੀ ਮੌਤ ਮਾਮਲੇ ’ਚ ਅੰਮ੍ਰਿਤਸਰ ਪੁਲਿਸ ਨੇ 4 ਡਾਕਟਰਾਂ ਵਿਰੁੱਧ ਐੱਫ.ਆਈ.ਆਰ. ਦਰਜ ਕੀਤੀ ਹੈ।



ਉਥੇ ਹੀ ਇਸ ਮਾਮਲੇ ਵਿਚ ਜਾਣਕਾਰੀ ਦਿੰਦੇ ਹੋਏ ਘੁੰਮਣ ਦੇ ਭਰਾ ਰੱਬੀ ਨੇ ਕਿਹਾ ਕਿ ਇਕ ਦਿਨ ਪਹਿਲਾਂ ਹੀ ਮਾਮਲੇ ਨੂੰ ਲੈ ਕੇ ਐੱਫ.ਆਈ.ਆਰ. ਦਰਜ ਕੀਤੀ ਗਈ ਹੈ। ਰੱਬੀ ਨੇ ਕਿਹਾ ਕਿ ਜਾਂਚ ਦੌਰਾਨ ਪੁਲਿਸ ਜਲਦੀ ਹੀ ਐੱਫ.ਆਈ.ਆਰ. ’ਚ ਵਾਧੂ ਧਾਰਾਵਾਂ ਜੋੜੇਗੀ ਅਤੇ ਦੋਸ਼ੀ ਜਲਦੀ ਹੀ ਸਲਾਖਾਂ ਪਿੱਛੇ ਹੋਣਗੇ।

ਉਥੇ ਹੀ ਇਸ ਮਾਮਲੇ ’ਚ ਆਉਣ ਵਾਲੇ ਸਮੇਂ ਵਿਚ ਹਸਪਤਾਲ ਵਿਰੁੱਧ ਵੀ ਕਾਰਵਾਈ ਕੀਤੀ ਜਾਵੇਗੀ। ਐੱਫ.ਆਈ.ਆਰ. ਵਿਚ ਫੋਰਟਿਸ ਐਸਕਾਰਟਸ ਹਸਪਤਾਲ ਦੇ ਆਰਥੋਪੈਡਿਕ ਸਰਜਨ ਡਾ. ਤਪਿਸ਼ ਸ਼ੁਕਲਾ, ਸਲਾਹਕਾਰ ਅਨੱਸਥੀਸੀਓਲੋਜਿਸਟ, ਡਾ. ਅਲਕਾ ਤਿਵਾੜੀ, ਅਨੱਸਥੀਸੀਆ ਵਿਭਾਗ ਦੀ ਮੁਖੀ ਡਾ. ਰਾਜਿੰਦਰ ਕੌਰ ਅਤੇ ਸਲਾਹਕਾਰ ਕਾਰਡੀਓਲੋਜੀ ਡਾਕਟਰ, ਡਾ. ਅਰੁਣ ਕੁਮਾਰ ਚੋਪੜਾ ਵਿਰੁੱਧ ਕੇਸ ਦਰਜ ਕੀਤਾ ਗਿਆ ਹੈ।

# ਪਾਕਿਸਤਾਨ ਗਈ ਸਰਬਜੀਤ ਕੌਰ ਸਿੱਖਾਂ ਪ੍ਰਤੀ ਇਤਰਾਜ਼ਯੋਗ ਟਿੱਪਣੀਆਂ ਕਾਰਨ ਮੁੜ ਚਰਚਾ ’ਚ

**ਚੰਡੀਗੜ੍ਹ, (ਪੰਜਾਬ ਮੇਲ)**- ਸਿੱਖ ਸ਼ਰਧਾਲੂਆਂ ਦੇ ਨਾਲ ਪਾਕਿਸਤਾਨ ਜਾ ਕੇ ਨਿਕਾਹ ਕਰਵਾਉਣ ਵਾਲੀ ਪੰਜਾਬੀ ਔਰਤ ਸਰਬਜੀਤ ਕੌਰ ਦਾ ਇੱਕ ਨਵਾਂ ਵੀਡੀਓ ਸਾਹਮਣੇ ਆਇਆ ਹੈ। ਇਹ ਵੀਡੀਓ ਟਿਕਟਾਕ ’ਤੇ ਬਣਾਇਆ ਗਿਆ ਹੈ, ਜਿਸ ਵਿਚ ਸਰਬਜੀਤ ਆਪਣੇ ਮੁਸਲਿਮ ਪਤੀ ਨਾਸਿਰ ਹੁਸੈਨ ਨਾਲ ਦਿਖਾਈ ਦੇ ਰਹੀ ਹੈ। ਕਥਿਤ ਵਾਇਰਲ ਵੀਡੀਓ ਵਿਚ ਸਰਬਜੀਤ ਕੌਰ ਦਾ ਪਤੀ ਟਿਕਟਾਕ ’ਤੇ ਕਿਸੇ ਨਾਲ ਗੱਲ ਕਰਦਾ ਦਿਖਾਈ ਦਿੰਦਾ ਹੈ ਅਤੇ ਇਸ ਵਿਚ ਸਰਬਜੀਤ ਕੌਰ ਇੱਕ ਵਿਅਕਤੀ ਨੂੰ ਵੀਡੀਓ ’ਚ ਜਵਾਬ ਦੇਣ ਮੌਕੇ ਇਤਰਾਜ਼ਯੋਗ ਸ਼ਬਦਾਂ ਦੀ ਵਰਤੋਂ ਕਰਦੀ ਹੈ।

ਵੀਡੀਓ ’ਚ ਸਰਬਜੀਤ ਸਿੱਖਾਂ ਬਾਰੇ ਬਹੁਤ ਹੀ ਅਪਮਾਨਜਨਕ ਟਿੱਪਣੀਆਂ ਕਰਦੀ ਦਿਖਾਈ ਦੇ ਰਹੀ ਹੈ। ਉਹ ਸਿੱਖਾਂ ਦੇ ਪਾਕਿਸਤਾਨ ਜਾਣ ’ਤੇ ਸਵਾਲ ਉਠਾਉਂਦੀ ਹੈ ਤੇ ਕਹਿੰਦੀ ਹੈ ਕਿ ਜੇ ਪਾਕਿਸਤਾਨੀ ਇਕੱਠੇ ਹੋ ਜਾਣ ਤਾਂ ਇਨ੍ਹਾਂ ਦੀ ਰੋਜ਼ੀ-ਰੋਟੀ ਬੰਦ ਹੋ ਜਾਵੇ।




ਸਰਬਜੀਤ ਦੇ ਪਹਿਲੇ ਪੰਜਾਬੀ ਐੱਨ.ਆਰ.ਆਈ. ਪਤੀ ਕਰਨੈਲ ਸਿੰਘ ਨੇ ਵੀ ਲਾਹੌਰ ਹਾਈ ਕੋਰਟ ਵਿਚ ਇੱਕ ਪਟੀਸ਼ਨ ਦਾਇਰ ਕੀਤੀ ਹੋਈ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਹੈ ਕਿ ਪਾਕਿਸਤਾਨੀ ਨਾਸਿਰ ਹੁਸੈਨ ਨੇ ਸਰਬਜੀਤ ਨੂੰ ਪਾਕਿਸਤਾਨ ਆਉਣ ਲਈ ਬਲੈਕਮੇਲ ਕੀਤਾ ਅਤੇ ਫਿਰ ਉਸ ਨਾਲ ਜ਼ਬਰਦਸਤੀ ਨਿਕਾਹ ਕੀਤਾ। ਉਸ ਨੇ ਨਾਸਿਰ ਵਿਰੁੱਧ ਹਾਈ ਕੋਰਟ ਵਿਚ ਬਲਾਤਕਾਰ ਦਾ ਕੇਸ ਦਾਇਰ ਕੀਤਾ ਹੈ ਅਤੇ ਸਰਬਜੀਤ ਦੀ ਭਾਰਤ ਵਾਪਸੀ ਦੀ ਮੰਗ ਕੀਤੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

Dr. Sukhsimranjit Singh
LL.M., Ph.D
Mediator & Arbitrator, JAMS
Winner of SCMA Peacemaker Award.
Former: Dean of Straus Institute, Pepperdine University; Faculty member of Hamline University & Willamette University.
Founder of www.singhacademy.com



ARE YOU CURRENTLY FACING CIVIL, BUSINESS, FAMILY, CONTRACTUAL OR PROPERTY DISPUTES?
For Mediation Services, Contact Office Manager :
Julie McCool Email: jmccool@jamsadr.com
Call : +1 503 910 8767
SA
www.singhadr.com
Mediation - ⋄ Save Money ⋄ Save Time ⋄ Save Your relationship
• LOS ANGELES 555 W 5th St
• SAN FRANCISCO 2 Embarcadero Center
• SACRAMENTO 2 Embarcadero 1415 L St # 700
• VISALIA 1300 W Main Street
• NEW YORK 1414 6th Ave
*863

# ਰਾਣਾ ਬਲਾਚੌਰੀਆ ਕਤਲ ਮਾਮਲਾ : 8 ਮੁਲਜ਼ਮਾਂ ਖਿਲਾਫ ਚਾਰਜਸ਼ੀਟ ਦਾਖਲ



**ਮੋਹਾਲੀ (ਪੰਜਾਬ ਮੇਲ)-** 15 ਦਸੰਬਰ ਨੂੰ ਕਬੱਡੀ ਪ੍ਰਮੋਟਰ ਰਾਣਾ ਬਲਾਚੌਰੀਆ ਦੇ ਹੋਏ ਕਤਲ ਮਾਮਲੇ 'ਚ ਮੋਹਾਲੀ ਪੁਲਿਸ ਵਲੋਂ 8 ਮੁਲਜ਼ਮਾਂ ਜੁਗਰਾਜ ਸਿੰਘ, ਐਸ਼ਦੀਪ, ਮਨਦੀਪ ਸਿੰਘ ਮੋਟਾ, ਗਗਨਦੀਪ ਸਿੰਘ, ਅਕਾਸ਼ਦੀਪ, ਤਰਨਦੀਪ, ਦਵਿੰਦਰ ਉਰਫ਼ ਟਿੱਕਾ ਟੈਕਸੀ ਚਾਲਕ ਅਤੇ ਸ਼ੂਟਰ ਕਰਨ ਪਾਠਕ ਖ਼ਿਲਾਫ਼ ਕਤਲ ਸਮੇਤ ਹੋਰਨਾਂ ਧਾਰਾਵਾਂ ਦੇ ਤਹਿਤ ਇਲਾਕਾ ਮੈਜਿਸਟ੍ਰੇਟ ਸੰਗਮ ਕੌਸ਼ਲ ਦੀ ਅਦਾਲਤ 'ਚ ਚਾਰਜਸ਼ੀਟ ਦਾਖ਼ਲ ਕੀਤੀ ਗਈ ਹੈ। ਪੁਲਿਸ ਵਲੋਂ 350 ਪੰਨਿਆਂ ਦੀ ਇਸ ਚਾਰਜਸ਼ੀਟ 'ਚ 55 ਦੇ ਕਰੀਬ ਗਵਾਹ ਰੱਖੇ ਗਏ ਹਨ। ਪੁਲਿਸ ਵਲੋਂ ਇਸ ਮਾਮਲੇ 'ਚ ਸ਼ੂਟਰ ਅੱਦਿਤਿਆ ਕਪੂਰ, ਗੈਂਗਸਟਰ ਬਲਜਿੰਦਰ ਡੋਨੀ ਬੱਲ, ਅਰਵਿੰਦਰ ਸਿੰਘ, ਜਸ਼ਦੀਪ ਅਤੇ ਅਰਵਿੰਦਰਜੀਤ ਉਰਫ਼ ਮਨੀ ਖ਼ਿਲਾਫ਼ ਅਰੈਸਟ ਵਾਰੰਟ ਜਾਰੀ ਕਰਵਾਏ ਗਏ ਹਨ। ਇਸ ਮਾਮਲੇ 'ਚ ਪੁਲਿਸ ਵਲੋਂ ਮਿੱਢੀ ਨਾਂ ਦੇ ਨੌਜਵਾਨ ਨੂੰ ਪੁਲਿਸ ਮੁਕਾਬਲੇ 'ਚ ਮਾਰਿਆ ਗਿਆ ਦੱਸਿਆ ਗਿਆ ਸੀ। ਜ਼ਿਕਰਯੋਗ ਹੈ ਕਿ ਮੋਹਾਲੀ ਦੇ ਸੋਹਾਣਾ ਇਲਾਕੇ 'ਚ 4 ਦਿਨਾਂ ਕਬੱਡੀ ਮੈਚ ਚੱਲ ਰਿਹਾ ਸੀ। ਇਸ ਦੌਰਾਨ ਕਰਨ ਪਾਠਕ ਸ਼ੂਟਰ, ਅਕਾਸ਼ਦੀਪ, ਤਰਨਦੀਪ ਅਤੇ ਅੱਦਿੱਤਿਆ ਕਪੂਰ ਉਕਤ ਕਬੱਡੀ ਕੱਪ 'ਚ ਪਹੁੰਚੇ ਅਤੇ ਉਹ ਰਾਣਾ ਬਲਾਚੌਰੀਆ ਦੇ ਸਿਰ 'ਚ ਗੋਲੀ ਮਾਰ ਕੇ ਮੌਕੇ ਤੋਂ ਫ਼ਰਾਰ ਹੋ ਗਏ ਸਨ। ਰਾਣਾ ਬਲਾਚੌਰੀਆ ਨੂੰ ਮੋਹਾਲੀ ਦੇ ਇਕ ਨਿੱਜੀ ਹਸਪਤਾਲ 'ਚ ਲਿਜਾਇਆ ਗਿਆ, ਜਿੱਥੇ ਇਲਾਜ ਦੌਰਾਨ ਰਾਣਾ ਬਲਾਚੌਰੀਆ ਦੀ ਮੌਤ ਹੋ ਗਈ। ਹਮਲਾਵਰ ਸੈਲਫੀ ਲੈਣ ਦੇ ਬਹਾਨੇ ਰਾਣਾ ਬਲਾਚੌਰੀਆ ਦੇ ਨੇੜੇ ਆਏ ਅਤੇ ਇਸ ਦੌਰਾਨ ਉਨ੍ਹਾਂ ਨੇ ਵਾਰਦਾਤ ਨੂੰ ਅੰਜਾਮ ਦਿੱਤਾ। ਕਤਲ ਦੀ ਵਾਰਦਾਤ ਤੋਂ ਕੁੱਝ ਦੇਰ ਬਾਅਦ ਉਕਤ ਕਬੱਡੀ ਮੈਚ 'ਚ ਪੰਜਾਬੀ ਗਾਇਕ ਮਨਕੀਰਤ ਔਲਖ ਨੇ ਵੀ ਆਉਣਾ ਸੀ, ਕਿਉਂਕਿ ਇਸ ਕਬੱਡੀ ਟੂਰਨਾਮੈਂਟ ਦੇ ਪ੍ਰਬੰਧਕ ਰੂਪਾ ਸੋਹਾਣਾ ਦੇ ਮਨਕੀਰਤ ਔਲਖ ਨਾਲ ਨੇੜਲੇ ਸਬੰਧ ਹਨ।

ਰਾਣਾ ਬਲਾਚੋਰੀਆ ਦਾ ਪੂਰਾ ਨਾਮ ਕੰਵਰ ਦਿਗਵਿਜੇ ਸਿੰਘ ਹੈ, ਜੋ ਕਿ ਇਕ ਕਬੱਡੀ ਪ੍ਰਮੋਟਰ ਹੈ ਅਤੇ ਖਿਡਾਰੀਆਂ ਨੂੰ ਮੈਚ ਖਿਡਾਉਣ ਲਈ ਲੈ ਕੇ ਆਉਂਦਾ ਸੀ। ਉਹ ਕਬੱਡੀ ਖਿਡਾਰੀ ਹੋਣ ਦੇ ਨਾਲ-ਨਾਲ ਐਕਟਿੰਗ ਵੀ ਕਰਦਾ ਸੀ। ਰਾਣਾ ਬਲਾਚੌਰੀਆ ਦਾ ਕਤਲ ਤੋਂ ਕਰੀਬ 10 ਦਿਨ ਪਹਿਲਾਂ ਵਿਆਹ ਹੋਇਆ ਸੀ। ਉਹ ਮੂਲ ਰੂਪ 'ਚ ਬਲਾਚੌਰ ਦਾ ਰਹਿਣ ਵਾਲਾ ਸੀ। ਇਸ ਹਮਲੇ ਦੀ ਜ਼ਿੰਮੇਵਾਰੀ ਸੋਸ਼ਲ ਮੀਡੀਆ 'ਤੇ ਬੰਬੀਹਾ ਗੈਂਗ ਨੇ ਲਈ ਸੀ।

# ਸ਼੍ਰੋਮਣੀ ਕਮੇਟੀ ਨੇ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਤੋਂ ਮੰਗੇ ਪਾਸਪੋਰਟ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ ਜੂਨ 2026 'ਚ ਪਾਕਿਸਤਾਨ ਭੇਜੇ ਜਾਣ ਵਾਲੇ ਜਥੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਸ਼ਰਧਾਲੂਆਂ ਪਾਸੋਂ ਪਾਸਪੋਰਟਾਂ ਦੀ ਮੰਗ ਕੀਤੀ ਹੈ। ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ 31 ਮਾਰਚ 2026 ਤੱਕ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ 'ਚ ਯਾਤਰਾ ਵਿਭਾਗ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੱਤਰ ਸ. ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮਨਾਉਣ ਲਈ ਪਾਕਿਸਤਾਨ ਵਿਖੇ ਸਿੱਖ ਸ਼ਰਧਾਲੂਆਂ ਦਾ ਜਥਾ ਭੇਜਿਆ ਜਾਂਦਾ ਹੈ ਅਤੇ ਇਸ ਵਾਰ ਇਹ ਜਥਾ ਜੂਨ ਮਹੀਨੇ ਪਾਕਿਸਤਾਨ ਭੇਜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਜਥੇ ਵਿਚ ਜਾਣ ਦੇ ਚਾਹਵਾਨ ਸ਼ਰਧਾਲੂ ਆਪਣੇ ਪਾਸਪੋਰਟ ਸ਼੍ਰੋਮਣੀ ਕਮੇਟੀ ਦੇ ਹਲਕਾ ਮੈਂਬਰ ਦੀ ਸਿਫਾਰਸ਼ ਸਹਿਤ 31 ਮਾਰਚ 2026 ਤੱਕ ਸ਼੍ਰੋਮਣੀ ਕਮੇਟੀ ਦਫ਼ਤਰ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਉਨ੍ਹਾਂ ਕਿਹਾ ਕਿ ਪਾਸਪੋਰਟ ਦੇ ਨਾਲ ਪਛਾਣ ਪੱਤਰ ਵਜੋਂ ਆਧਾਰ ਕਾਰਡ ਜਾਂ ਵੋਟਰ ਕਾਰਡ ਦੀ ਕਾਪੀ ਵੀ ਦਿੱਤੀ ਜਾਵੇ।

# ਪੰਜਾਬ ਤੇ ਹਰਿਆਣਾ ਹਾਈ ਕੋਰਟ ਵਲੋਂ ਰੈਪਰ ਬਾਦਸ਼ਾਹ ਦੀ ਗ੍ਰਿਫ਼ਤਾਰੀ 'ਤੇ ਰੋਕ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਗਾਇਕ ਤੇ ਰੈਪਰ ਬਾਦਸ਼ਾਹ ਨੂੰ ਟਟੀਹਰੀ ਗੀਤ ਦੇ ਮਾਮਲੇ 'ਚ ਰਾਹਤ ਦਿੱਤੀ ਹੈ। ਇਸ ਮਾਮਲੇ ਵਿਚ ਕਮਿਸ਼ਨ ਸਾਹਮਣੇ ਪੇਸ਼ ਨਾ ਹੋਣ 'ਤੇ ਹਰਿਆਣਾ ਮਹਿਲਾ ਕਮਿਸ਼ਨ ਨੇ ਬਾਦਸ਼ਾਹ ਦੀ ਗ੍ਰਿਫ਼ਤਾਰੀ ਦੇ ਹੁਕਮ ਦਿੱਤੇ ਸਨ। ਬਾਦਸ਼ਾਹ ਨੇ ਹਾਈਕੋਰਟ ਵਿਚ ਆਪਣੀ ਗ੍ਰਿਫਤਾਰੀ ਖਿਲਾਫ ਪਟੀਸ਼ਨ ਪਾਈ ਸੀ, ਜਿਸ ਉਤੇ ਫੈਸਲੈ ਕਰਦਿਆਂ ਹਾਈਕੋਰਟ ਨੇ ਬਾਦਸ਼ਾਹ ਦੀ ਗ੍ਰਿਫਤਾਰੀ 'ਤੇ ਫਿਲਹਾਲ ਰੋਕ ਲਗਾ ਦਿੱਤੀ ਹੈ। ਜ਼ਿਕਰਯੋਗ ਹੈ ਕਿ ਰੈਪਰ ਤੇ ਗਾਇਕ ਬਾਦਸ਼ਾਹ ਖਿਲਾਫ ਟਟੀਹਰੀ ਗੀਤ ਦੇ ਵਿਵਾਦਿਤ ਬੋਲਾਂ ਨੂੰ ਲੈ ਕੇ ਹਰਿਆਣਾ ਵਿਚ ਦੋ ਮਾਮਲੇ ਦਰਜ ਹਨ। ਹਾਈ ਕੋਰਟ ਦੇ ਹੁਕਮਾਂ ਤੋਂ ਬਾਅਦ ਪੁਲਿਸ ਹੁਣ ਉਸ ਖਿਲਾਫ ਜਾਰੀ ਲੁਕ ਆਊਟ ਨੋਟਿਸ ਨੂੰ ਵੀ ਵਾਪਸ ਲਵੇਗੀ। ਬਾਦਸ਼ਾਹ ਦੇ ਟਟੀਹਰੀ ਗਾਣੇ ਦੇ ਬੋਲਾਂ 'ਚ ਅਸ਼ਲੀਲਤਾ ਨੂੰ ਲੈ ਕੇ ਹਰਿਆਣਾ ਮਹਿਲਾ ਕਮਿਸ਼ਨ ਨੇ ਸਖਤ ਨੋਟਿਸ ਲਿਆ ਸੀ ਤੇ ਉਸਦੀ ਗ੍ਰਿਫਤਾਰੀ ਨੂੰ ਲੈ ਕੇ ਪੰਚਕੂਲਾ ਦੇ ਐੱਸ.ਐੱਸ.ਪੀ. ਨੂੰ ਹੁਕਮ ਕੀਤੇ ਸਨ। 'ਟਟੀਹਰੀ' ਗੀਤ ਦੇ ਵਿਵਾਦ ਨੂੰ ਲੈ ਕੇ ਹਰਿਆਣਾ ਮਹਿਲਾ ਕਮਿਸ਼ਨ ਨੇ ਬੌਲੀਵੁੱਡ ਸਿੰਗਰ ਅਤੇ ਰੈਪਰ ਬਾਦਸ਼ਾਹ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਦਿੱਤੇ ਸਨ। ਅਸਲ ਵਿਚ ਬਾਦਸ਼ਾਹ ਨੂੰ ਪਾਣੀਪਤ ਵਿਚ ਪੇਸ਼ ਹੋਣ ਲਈ ਕਿਹਾ ਗਿਆ ਸੀ ਪਰ ਉਹ ਉੱਥੇ ਨਹੀਂ ਪਹੁੰਚਿਆ। ਉਨ੍ਹਾਂ ਦੇ ਵਕੀਲਾਂ ਨੇ ਕਮਿਸ਼ਨ ਅੱਗੇ ਇਹ ਦਲੀਲ ਦਿੱਤੀ ਸੀ ਕਿ ਬਾਦਸ਼ਾਹ ਆਪਣੇ ਕਿਸੇ ਜ਼ਰੂਰੀ ਕੰਮ ਵਿਚ ਰੁੱਝਿਆ ਹੋਇਆ ਹੈ, ਜਿਸ ਕਰਕੇ ਉਹ ਨਹੀਂ ਆ ਸਕਿਆ ਅਤੇ ਉਸ ਨੇ ਪੇਸ਼ ਹੋਣ ਲਈ ਹੋਰ ਸਮਾਂ ਮੰਗਿਆ ਸੀ।

# ਦਾਦੂਵਾਲ ਵੱਲੋਂ ਮੀਰੀ-ਪੀਰੀ ਸੰਸਥਾ ਦੀ ਸੇਵਾ ਸੰਭਾਲਣ ਦਾ ਐਲਾਨ



**ਕੁਰੂਕਸ਼ੇਤਰ, (ਪੰਜਾਬ ਮੇਲ)-** ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ (ਐੱਚ.ਐੱਸ.ਜੀ.ਐੱਮ.ਸੀ.) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨਾਲ ਵਿਵਾਦ ਅਜੇ ਮੁੱਕਿਆ ਨਹੀਂ ਸੀ ਕਿ ਐੱਚ.ਐੱਸ.ਜੀ.ਐੱਮ.ਸੀ. ਦੇ ਸਾਬਕਾ ਪ੍ਰਧਾਨ ਅਤੇ ਨਾਮਜ਼ਦ ਮੈਂਬਰ ਬਲਜੀਤ ਸਿੰਘ ਦਾਦੂਵਾਲ ਅੱਜ ਦੁਪਹਿਰ ਵੇਲੇ ਮੀਰੀ-ਪੀਰੀ ਮੈਡੀਕਲ ਵਿਗਿਆਨ ਅਤੇ ਖੋਜ ਚੈਰੀਟੇਬਲ ਟਰੱਸਟ ਵਿਖੇ ਪ੍ਰਦਰਸ਼ਨਕਾਰੀ ਮੁਲਾਜ਼ਮਾਂ ਦਾ ਸਮਰਥਨ ਕਰਨ ਲਈ ਪੁੱਜ ਗਏ। ਇਸ ਦੌਰਾਨ ਅਚਾਨਕ ਉਨ੍ਹਾਂ ਨੇ ਸੰਸਥਾ ਦੀਆਂ ਸੇਵਾਵਾਂ ਸੰਭਾਲਣ ਦੇ ਆਪਣੇ ਇਰਾਦੇ ਦਾ ਐਲਾਨ ਕੀਤਾ।

ਉਪਰੰਤ ਟਰੱਸਟ ਅਧਿਕਾਰੀਆਂ ਅਤੇ ਬਲਜੀਤ ਸਿੰਘ ਦਾਦੂਵਾਲ ਵਿਚਕਾਰ ਤਕਰਾਰ ਹੋ ਗਈ। ਦੋਵੇਂ ਧਿਰਾਂ ਨਾਲ ਗੱਲਬਾਤ ਕਰਨ ਪੁੱਜੇ ਡੀ.ਐੱਸ.ਪੀ. ਰਾਮ ਕੁਮਾਰ ਨੇ ਮੀਟਿੰਗ ਰਾਹੀਂ ਮਾਮਲਾ ਸੁਲਝਾਉਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ, ਜਦੋਂ ਦਾਦੂਵਾਲ ਅੜੇ ਰਹੇ ਤਾਂ ਵੱਡੀ ਗਿਣਤੀ ਐੱਸ.ਜੀ.ਪੀ.ਸੀ. ਸਮਰਥਕ ਇਕੱਠੇ ਹੋ ਗਏ। ਉਨ੍ਹਾਂ ਦਾਦੂਵਾਲ ਅਤੇ ਉਨ੍ਹਾਂ ਦੇ ਸਮਰਥਕਾਂ ਨੂੰ ਪ੍ਰਸ਼ਾਸਨਿਕ ਦਫ਼ਤਰ ਤੋਂ ਬਾਹਰ ਕੱਢ ਦਿੱਤਾ। ਸ਼੍ਰੋਮਣੀ ਕਮੇਟੀ ਦੇ ਸਮਰਥਕ ਰਘੂਜੀਤ ਸਿੰਘ ਵਿਰਕ ਤੇ ਹੋਰਾਂ ਨੇ ਦਾਦੂਵਾਲ ਅਤੇ ਸਾਥੀਆਂ ਵਿਰੁੱਧ ਸ਼ਾਹਬਾਦ ਪੁਲਿਸ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਹੈ। ਬਲਜੀਤ ਸਿੰਘ ਦਾਦੂਵਾਲ ਨੇ ਦੱਸਿਆ ਕਿ ਸੰਸਥਾ ਐੱਚ.ਐੱਸ.ਜੀ.ਐੱਮ.ਸੀ. ਅਧੀਨ ਆਵੇਗੀ। ਅੱਜ, ਪ੍ਰਸ਼ਾਸਨ ਨੇ ਉਨ੍ਹਾਂ ਤੋਂ ਸਮਾਂ ਮੰਗਿਆ ਹੈ ਅਤੇ ਜ਼ਰੂਰੀ ਦਸਤਾਵੇਜ਼ ਪ੍ਰਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਸੰਗਤ ਨੂੰ ਸਪੱਸ਼ਟ ਹੋ ਗਿਆ ਹੈ ਕਿ ਕਿਹੜੇ ਮੈਂਬਰ ਹਰਿਆਣਾ ਦੀ ਸੰਗਤ ਦੇ ਨਾਲ ਖੜ੍ਹੇ ਹਨ ਅਤੇ ਕਿਹੜੇ ਬਾਦਲ ਪਰਿਵਾਰ ਦੇ ਨਾਲ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**



# ਵਿਸ਼ਵ ਦੇ 58 ਫੀਸਦੀ ਦੇਸ਼ਾਂ ਵੱਲੋਂ ਸਕੂਲਾਂ 'ਚ ਮੋਬਾਈਲ ਫੋਨਾਂ ਦੀ ਵਰਤੋਂ 'ਤੇ ਪਾਬੰਦੀ !

ਨਵੀਂ ਦਿੱਲੀ, (ਪੰਜਾਬ ਮੇਲ)- ਯੂਨੈਸਕੋ ਦੇ 'ਗਲੋਬਲ ਐਜੂਕੇਸ਼ਨ ਮਾਨੀਟਰਿੰਗ' (ਜੀ.ਈ.ਐੱਮ.) ਦਲ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ, ਦੁਨੀਆਂ ਭਰ ਦੇ 58 ਫੀਸਦੀ ਦੇਸ਼ਾਂ ਨੇ ਸਕੂਲਾਂ ਵਿਚ ਮੋਬਾਈਲ ਫੋਨਾਂ ਦੀ ਵਰਤੋਂ 'ਤੇ ਪਾਬੰਦੀ ਲਗਾ ਦਿੱਤੀ ਹੈ। ਇਹ ਕਦਮ ਕਲਾਸਾਂ ਵਿਚ ਵਿਦਿਆਰਥੀਆਂ ਦੇ ਧਿਆਨ ਭਟਕਣ ਅਤੇ 'ਸਾਈਬਰ ਬੁਲਿੰਗ' (ਆਨਲਾਈਨ ਧਮਕਾਉਣ) ਵਰਗੀਆਂ ਗੰਭੀਰ ਚਿੰਤਾਵਾਂ ਨੂੰ ਦੇਖਦੇ ਹੋਏ ਚੁੱਕਿਆ ਗਿਆ ਹੈ।

ਰਿਪੋਰਟ ਮੁਤਾਬਕ, ਸਕੂਲਾਂ 'ਚ ਫੋਨ ਬੈਨ ਕਰਨ ਦੇ ਮਾਮਲਿਆਂ 'ਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ। ਜੂਨ 2023 'ਚ ਸਿਰਫ 24 ਫੀਸਦੀ ਦੇਸ਼ਾਂ 'ਚ ਅਜਿਹੀ ਪਾਬੰਦੀ ਸੀ, ਜੋ 2025 ਦੀ ਸ਼ੁਰੂਆਤ ਤੱਕ 40 ਫੀਸਦੀ ਤੇ ਮਾਰਚ 2026 ਤੱਕ ਵਧ ਕੇ 58 ਫੀਸਦੀ (ਲਗਭਗ 114 ਸਿੱਖਿਆ ਪ੍ਰਣਾਲੀਆਂ) ਤੱਕ ਪਹੁੰਚ ਗਈ ਹੈ। ਹਾਲ ਹੀ 'ਚ ਬੋਲੀਵੀਆ, ਕੋਸਟਾ ਰੀਕਾ, ਕ੍ਰੋਏਸ਼ੀਆ, ਜਾਰਜੀਆ, ਮਾਲਦੀਵ ਤੇ ਮਾਲਟਾ ਵਰਗੇ ਦੇਸ਼ਾਂ ਨੇ ਵੀ ਰਾਸ਼ਟਰੀ ਪੱਧਰ 'ਤੇ ਪਾਬੰਦੀਆਂ ਲਾਗੂ ਕੀਤੀਆਂ ਹਨ।

ਰਿਪੋਰਟ 'ਚ ਸੋਸ਼ਲ ਮੀਡੀਆ ਦੇ ਖਤਰਨਾਕ ਪ੍ਰਭਾਵਾਂ ਬਾਰੇ ਵੀ ਚਿਤਾਵਨੀ ਦਿੱਤੀ ਗਈ ਹੈ।



- ਸੋਸ਼ਲ ਮੀਡੀਆ ਕਾਰਨ ਲੜਕਿਆਂ ਦੇ ਮੁਕਾਬਲੇ ਲੜਕੀਆਂ ਵਿੱਚ ਖਾਣ-ਪੀਣ ਦੇ ਵਿਕਾਰ ਪੈਦਾ ਹੋਣ ਦੀ ਸੰਭਾਵਨਾ ਦੁੱਗਣੀ ਹੁੰਦੀ ਹੈ।
- ਫੇਸਬੁੱਕ ਦੇ ਇੱਕ ਅਧਿਐਨ ਅਨੁਸਾਰ, ਇੰਸਟਾਗ੍ਰਾਮ ਦੀ ਵਰਤੋਂ ਕਰਨ ਵਾਲੀਆਂ 32 ਫੀਸਦੀ ਕਿਸ਼ੋਰ ਲੜਕੀਆਂ ਆਪਣੇ ਸਰੀਰ ਨੂੰ ਲੈ ਕੇ ਅਸੰਤੁਸ਼ਟ ਮਹਿਸੂਸ ਕਰਦੀਆਂ ਹਨ।
- ਰਿਪੋਰਟ ਵਿਚ ਕਿਹਾ ਗਿਆ ਹੈ ਕਿ ਟਿਕਟੋਕ ਦਾ ਐਲਗੋਰਿਦਮ ਕਿਸ਼ੋਰਾਂ ਨੂੰ ਹਰ 39 ਸੈਕਿੰਡ ਵਿਚ 'ਸਰੀਰਕ ਦਿੱਖ' ਨਾਲ ਜੁੜੀ ਸਮੱਗਰੀ ਅਤੇ ਹਰ ਅੱਠ ਮਿੰਟ ਵਿਚ ਖਾਣ-ਪੀਣ ਦੇ ਵਿਕਾਰਾਂ ਨਾਲ ਸਬੰਧਤ ਸਮੱਗਰੀ ਦਿਖਾਉਂਦਾ ਹੈ।

ਫਰਾਂਸ ਵਰਗੇ ਦੇਸ਼ਾਂ 'ਚ ਇਸ ਮੁੱਦੇ 'ਤੇ ਹਾਲੇ ਵੀ ਬਹਿਸ ਜਾਰੀ ਹੈ, ਜਿੱਥੇ ਪਹਿਲਾਂ ਹੀ ਪ੍ਰਾਇਮਰੀ ਅਤੇ ਮਿਡਲ ਸਕੂਲਾਂ 'ਚ ਫੋਨ ਦੀ ਵਰਤੋਂ 'ਤੇ ਰੋਕ ਹੈ ਤੇ ਹੁਣ ਹੋਰ ਸਖ਼ਤ ਨਿਯਮਾਂ 'ਤੇ ਵਿਚਾਰ ਕੀਤਾ ਜਾ ਰਿਹਾ ਹੈ। ਅਮਰੀਕਾ 'ਚ ਕੋਈ ਰਾਸ਼ਟਰੀ ਪਾਬੰਦੀ ਨਹੀਂ ਹੈ, ਪਰ ਇਸਦੇ 39 ਰਾਜਾਂ ਨੇ ਆਪਣੇ ਪੱਧਰ 'ਤੇ ਨਿਯਮ ਜਾਂ ਪਾਬੰਦੀਆਂ ਲਾਗੂ ਕੀਤੀਆਂ ਹਨ।

ਦੂਜੇ ਪਾਸੇ, ਕੁਝ ਦੇਸ਼ ਜਿਵੇਂ ਕਿ ਕੋਲੰਬੀਆ, ਇਸਟੋਨੀਆ, ਪੋਲੈਂਡ ਅਤੇ ਫਿਲੀਪੀਨਜ਼ ਨੇ ਸਖ਼ਤ ਰਾਸ਼ਟਰੀ ਪਾਬੰਦੀ ਦੀ ਬਜਾਏ ਅਜਿਹੇ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ, ਜੋ ਸਕੂਲਾਂ ਨੂੰ ਖੁਦ ਫੋਨ ਦੀ ਵਰਤੋਂ ਸੀਮਤ ਕਰਨ ਵਾਲੀਆਂ ਨੀਤੀਆਂ ਬਣਾਉਣ ਦੀ ਇਜਾਜ਼ਤ ਦਿੰਦੇ ਹਨ। ਜ਼ਿਆਦਾਤਰ ਮਾਮਲਿਆਂ 'ਚ, ਬੀਮਾਰ ਜਾਂ ਦਿਵਿਆਂਗ ਵਿਦਿਆਰਥੀਆਂ ਨੂੰ ਵਿਸ਼ੇਸ਼ ਹਾਲਤਾਂ 'ਚ ਫੋਨ ਦੀ ਵਰਤੋਂ ਦੀ ਛੋਟ ਦਿੱਤੀ ਜਾਂਦੀ ਹੈ।

# ਮੱਧ ਪੂਰਬ ਤਣਾਅ: ਇੰਡੀਗੋ ਤੇ ਏਅਰ ਇੰਡੀਆ ਚਲਾਉਣਗੇ ਉਡਾਣਾਂ, ਯਾਤਰੀਆਂ ਲਈ ਯਾਤਰਾ ਐਡਵਾਇਜ਼ਰੀ ਜਾਰੀ

ਨਵੀਂ ਦਿੱਲੀ, (ਪੰਜਾਬ ਮੇਲ)- ਇੰਡੀਗੋ ਨੇ ਕਿਹਾ ਕਿ ਉਸਦੀਆਂ ਟੀਮਾਂ ਯਾਤਰੀਆਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਦਿਨ-ਰਾਤ ਕੰਮ ਕਰ ਰਹੀਆਂ ਹਨ ਅਤੇ ਉਹ ਅਨਿਸ਼ਚਿਤ ਸਥਿਤੀਆਂ ਦੇ ਵਿਚਕਾਰ ਆਪਣੀ ਮੰਜ਼ਿਲ 'ਤੇ ਪਹੁੰਚ ਸਕਦੇ ਹਨ।

ਮੱਧ ਪੂਰਬ ਵਿਚ ਤੇਜ਼ੀ ਨਾਲ ਬਦਲਦੀ ਸਥਿਤੀ ਦੌਰਾਨ, ਭਾਰਤੀ ਏਅਰਲਾਈਨਾਂ ਨੇ 22 ਮਾਰਚ ਨੂੰ ਸੀਮਤ ਪਰ ਚੱਲ ਰਹੇ ਉਡਾਣ ਸੰਚਾਲਨ ਦਾ ਐਲਾਨ ਕੀਤਾ ਹੈ ਅਤੇ ਯਾਤਰੀਆਂ ਨੂੰ ਆਖਰੀ ਸਮੇਂ ਵਿਚ ਤਬਦੀਲੀਆਂ ਦੀ ਸੰਭਾਵਨਾ ਬਾਰੇ ਸੁਚੇਤ ਰਹਿਣ ਲਈ ਕਿਹਾ ਗਿਆ ਹੈ।

ਘੱਟ ਕੀਮਤ ਵਾਲੀ ਵਾਹਕ ਇੰਡੀਗੋ ਨੇ ਕਿਹਾ ਹੈ ਕਿ ਉਹ 22 ਮਾਰਚ ਨੂੰ ਚੋਣਵੀਆਂ ਉਡਾਣਾਂ ਚਲਾਏਗੀ ਅਤੇ ਯਾਤਰੀਆਂ ਨੂੰ ਹਵਾਈ ਅੱਡੇ 'ਤੇ ਜਾਣ ਤੋਂ ਪਹਿਲਾਂ ਉਡਾਣ ਦੀ ਸਥਿਤੀ ਦੀ ਜਾਂਚ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ।

ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟ ਕਰਨਾ ਇਹ ਇਸ ਲਈ ਹੈ, ਤਾਂ ਜੋ ਯਾਤਰੀਆਂ ਨੂੰ ਸਹਾਇਤਾ ਮਿਲ ਸਕੇ ਅਤੇ ਅਨਿਸ਼ਚਿਤ ਸਥਿਤੀ ਦੇ ਵਿਚਕਾਰ ਆਪਣੇ ਪਰਿਵਾਰਾਂ ਨੂੰ ਮਿਲ ਸਕਣ।

ਏਅਰਲਾਈਨ ਨੇ ਕਿਹਾ,



"ਇੰਡੀਗੋ ਵਿਖੇ ਸਾਡੀਆਂ ਟੀਮਾਂ ਸਾਡੇ ਗਾਹਕਾਂ ਦਾ ਸਮਰਥਨ ਕਰਨ ਅਤੇ ਮੱਧ ਪੂਰਬ ਵਿਚ ਬਦਲਦੀ ਸਥਿਤੀ ਦਾ ਜਵਾਬ ਦੇਣ ਲਈ ਵਚਨਬੱਧ ਹਨ। ਅਸੀਂ ਆਪਣੇ ਅਜ਼ੀਜ਼ਾਂ ਨੂੰ ਦੁਬਾਰਾ ਮਿਲਾਉਣ ਲਈ ਦਿਨ-ਰਾਤ ਕੰਮ ਕਰ ਰਹੇ ਹਾਂ।" ਇੰਡੀਗੋ ਦੇ ਗਾਹਕਾਂ ਅਤੇ ਚਾਲਕ ਦਲ ਦੀ ਸੁਰੱਖਿਆ ਅਤੇ ਤੰਦਰੁਸਤੀ ਨੂੰ ਤਰਜੀਹ ਦੇ ਕੇ ਸੁਰੱਖਿਅਤ ਅਤੇ ਸਰਲ ਏਅਰਲਾਈਨ ਨੇ ਅੱਗੇ ਕਿਹਾ ਕਿ ਇੱਕ ਵਧੀਆ ਯਾਤਰਾ ਅਨੁਭਵ ਪ੍ਰਦਾਨ ਕਰਨ ਲਈ ਵਚਨਬੱਧ ਹੈ।

ਦੂਜੇ ਪਾਸੇ, ਏਅਰ ਇੰਡੀਆ ਅਤੇ ਏਅਰ ਇੰਡੀਆ ਐਕਸਪ੍ਰੈੱਸ ਨੇ ਇੱਕ ਸਾਂਝੇ ਬਿਆਨ ਵਿਚ ਕਿਹਾ ਹੈ ਕਿ ਉਹ ਮੱਧ ਪੂਰਬ ਖੇਤਰ ਲਈ ਅਤੇ ਆਉਣ ਵਾਲੀਆਂ ਲਗਭਗ 50 'ਨਿਯਮਤ ਅਤੇ ਵਿਸ਼ੇਸ਼' ਉਡਾਣਾਂ ਚਲਾਉਣਗੇ। ਏਅਰਲਾਈਨ ਨੇ ਕਿਹਾ, "ਏਅਰ ਇੰਡੀਆ ਅਤੇ ਏਅਰ ਇੰਡੀਆ ਐਕਸਪ੍ਰੈੱਸ ਪੱਛਮੀ ਏਸ਼ੀਆ ਖੇਤਰ ਲਈ ਅਤੇ ਜਾਣ ਵਾਲੀਆਂ ਉਡਾਣਾਂ ਸਾਂਝੇ ਤੌਰ 'ਤੇ ਚਲਾਉਣਗੇ। ਇਹ 50 ਨਿਯਮਤ ਅਤੇ ਗੈਰ-ਨਿਯਮਿਤ ਉਡਾਣਾਂ ਚਲਾਉਣਗੇ।"

ਇਹ ਦੋਵੇਂ ਏਅਰਲਾਈਨਾਂ ਜੇਦਾਹ ਅਤੇ ਮਸਕਟ ਵਰਗੇ ਪ੍ਰਮੁੱਖ ਸਥਾਨਾਂ ਲਈ ਨਿਯਮਤ ਸੇਵਾਵਾਂ ਜਾਰੀ ਰੱਖਣਗੀਆਂ। ਭਾਰਤ ਅਤੇ ਜੇਦਾਹ ਵਿਚਕਾਰ ਕੁੱਲ 20 ਉਡਾਣਾਂ ਚਲਾਈਆਂ ਜਾਣਗੀਆਂ, ਜਿਨ੍ਹਾਂ ਵਿਚ ਦਿੱਲੀ ਅਤੇ ਮੁੰਬਈ ਤੋਂ ਏਅਰ ਇੰਡੀਆ ਦੀਆਂ ਵਾਪਸੀ ਦੀਆਂ ਉਡਾਣਾਂ ਵੀ ਸ਼ਾਮਲ ਹਨ। ਜਦੋਂ ਕਿ ਏਅਰ ਇੰਡੀਆ ਐਕਸਪ੍ਰੈੱਸ ਬੰਗਲੌਰ, ਮੰਗਲੌਰ ਅਤੇ ਕੋਝੀਕੋਡ ਤੋਂ ਸੇਵਾਵਾਂ ਚਲਾਏਗੀ। ਏਅਰ ਇੰਡੀਆ ਐਕਸਪ੍ਰੈੱਸ ਦਿੱਲੀ, ਕੋਚੀ, ਮੁੰਬਈ ਅਤੇ ਕੰਨੂਰ ਵਰਗੇ ਭਾਰਤੀ ਸ਼ਹਿਰਾਂ ਨੂੰ ਮਸਕਟ ਨਾਲ ਜੋੜਦੀ ਹੈ।

ਇਨ੍ਹਾਂ ਨਿਯਮਤ ਸੇਵਾਵਾਂ ਤੋਂ ਇਲਾਵਾ, ਏਅਰਲਾਈਨ ਯੂ.ਏ.ਈ. ਅਤੇ ਸਾਊਦੀ ਅਰਬ ਵਿਚ ਮੰਜ਼ਿਲਾਂ ਲਈ ਲਗਭਗ 30 ਰੂਟ ਚਲਾਉਂਦੀ ਹੈ ਅਤੇ ਗੈਰ-ਨਿਯਮਿਤ ਉਡਾਣਾਂ ਵੀ ਚਲਾਏਗੀ।

ਇਹ ਵਿਸ਼ੇਸ਼ ਉਡਾਣਾਂ ਸਲਾਟਾਂ ਦੀ ਉਪਲਬਧਤਾ ਅਤੇ ਰਵਾਨਗੀ ਬਿੰਦੂਆਂ 'ਤੇ ਮੌਜੂਦਾ ਸ਼ਰਤਾਂ ਦੇ ਅਧੀਨ ਹੋਣਗੀਆਂ ਅਤੇ ਭਾਰਤੀ ਅਤੇ ਸਥਾਨਕ ਅਧਿਕਾਰੀਆਂ ਦੀ ਪ੍ਰਵਾਨਗੀ ਨਾਲ ਚਲਾਈਆਂ ਜਾਣਗੀਆਂ।



# ਕੈਗ ਰਿਪੋਰਟ ’ਚ ਕੇਜਰੀਵਾਲ ਦੇ ‘ਸਰਕਾਰੀ ਬੰਗਲੇ’ ’ਚ ਬੇਨਿਯਮੀਆਂ ਦੇ ਦੋਸ਼

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਵਿਧਾਨ ਸਭਾ ਵਿਚ ਸੋਮਵਾਰ ਨੂੰ ਪੇਸ਼ ਕੀਤੀ ਗਈ ਕੈਗ ਰਿਪੋਰਟ ਅਨੁਸਾਰ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਸਾਬਕਾ ਸਰਕਾਰੀ ਰਿਹਾਇਸ਼ 6 ਫਲੈਗਸਟਾਫ ਰੋਡ ਦੇ ਨਵੀਨੀਕਰਨ ਦਾ ਕੰਮ 33.66 ਕਰੋੜ ਰੁਪਏ ਵਿਚ ਪੂਰਾ ਹੋਇਆ, ਜੋ ਕਿ ਅਨੁਮਾਨਿਤ ਲਾਗਤ ਤੋਂ 342 ਫੀਸਦੀ ਵੱਧ ਸੀ। ਸੀ.ਐੱਮ. ਰੇਖਾ ਗੁਪਤਾ ਵੱਲੋਂ ਵਿਧਾਨ ਸਭਾ ’ਚ ਪੇਸ਼ ਕੀਤੀ ਗਈ ਕੈਗ ਦੀ 2022 ਦੀ ਰਿਪੋਰਟ ’ਚ ਕਿਹਾ ਗਿਆ ਹੈ ਕਿ 33.66 ਕਰੋੜ ਰੁਪਏ ਵਿਚੋਂ 18.88 ਕਰੋੜ ਰੁਪਏ ਵੱਖ-ਵੱਖ ਵਸਤੂਆਂ ’ਤੇ ਖਰਚ ਕੀਤੇ ਗਏ ਸਨ। ਇਸ ਰਿਹਾਇਸ਼ ’ਚ ਅਰਵਿੰਦ ਕੇਜਰੀਵਾਲ ਸਾਲ 2015 ਤੋਂ 2024 ਤੱਕ ਦਿੱਲੀ ਦੇ ਮੁੱਖ ਮੰਤਰੀ ਵਜੋਂ ਰਹੇ।

ਰਿਪੋਰਟ ’ਚ ਦੋਸ਼ ਲਾਇਆ ਗਿਆ ਹੈ ਕਿ ਲੋਕ ਨਿਰਮਾਣ ਵਿਭਾਗ ਵੱਲੋਂ ਬੰਗਲੇ ’ਚ ਵਾਧੂ ਕਮਰੇ ਮੁਹੱਈਆ ਕਰਵਾਉਣ ਦੇ ਨਾਲ-ਨਾਲ ਉੱਥੇ ਸਥਿਤ ਕੈਂਪ ਦਫ਼ਤਰ ਅਤੇ ਸਟਾਫ਼ ਬਲਾਕ ’ਚ ਕੀਤੀਆਂ ਗਈਆਂ ਤਬਦੀਲੀਆਂ ਵਿਚ ਕਈ ਬੇਨਿਯਮੀਆਂ ਪਾਈਆਂ ਗਈਆਂ ਹਨ। ਇਸ ਵਿਚ ਕਿਹਾ ਗਿਆ ਹੈ ਕਿ 9.34 ਕਰੋੜ ਰੁਪਏ ਦੀ ਪ੍ਰਸ਼ਾਸਨਿਕ ਪ੍ਰਵਾਨਗੀ ਅਤੇ ਖਰਚੇ ਦੀ ਮਨਜ਼ੂਰੀ ਕੰਮ ਪੂਰਾ ਹੋਣ ਦੇ ਦੋ ਮਹੀਨਿਆਂ ਤੋਂ ਵੱਧ ਸਮੇਂ ਬਾਅਦ ਦਿੱਤੀ ਗਈ, ਜਿਸ ਨਾਲ ਬਿਨਾਂ ਕਿਸੇ ਅਗਾਊਂ ਇਜਾਜ਼ਤ ਦੇ ਦੇਣਦਾਰੀ ਪੈਦਾ ਹੋ ਗਈ।

ਕੈਗ ਦੀ ਰਿਪੋਰਟ ਅਨੁਸਾਰ ਆਡਿਟ ’ਚ ਪਾਇਆ ਗਿਆ ਕਿ ਸਟਾਫ਼ ਬਲਾਕ ਅਤੇ ਕੈਂਪ ਦਫ਼ਤਰ ਦੀ ਉਸਾਰੀ ਲਈ ਪ੍ਰਵਾਨਿਤ 19.87 ਕਰੋੜ ਰੁਪਏ ’ਚੋਂ ਫੰਡਾਂ ਨੂੰ ਹੋਰ ਕੰਮਾਂ ’ਚ ਲਗਾ ਦਿੱਤਾ ਗਿਆ। ਸਟਾਫ਼ ਬਲਾਕ ਦੀ ਉਸਾਰੀ ਨਹੀਂ ਹੋਈ ਅਤੇ ਉਸ ਰਕਮ ਨਾਲ ਸਹਾਇਕਾਂ ਲਈ 7 ਕੁਆਰਟਰ ਅਜਿਹੀ ਥਾਂ ’ਤੇ ਬਣਾਏ ਗਏ, ਜੋ ਮੂਲ ਕੰਮ ਨਾਲ ਸਬੰਧਤ ਨਹੀਂ ਸਨ। ਕੈਗ ਰਿਪੋਰਟ ’ਚ ਕਿਹਾ ਗਿਆ ਹੈ ਕਿ ਕੈਂਪ ਆਫ਼ਿਸ ਦਾ ਸਰੂਪ ਸਥਾਈ ਤੋਂ ਅਰਧ-ਸਥਾਈ ਢਾਂਚੇ ਵਿਚ ਬਦਲ ਦਿੱਤਾ ਗਿਆ ਸੀ। ਅੰਤ ’ਚ ਫੰਡ ਖ਼ਤਮ ਹੋ ਜਾਣ ਕਾਰਨ ਕੈਂਪ ਆਫ਼ਿਸ ਦਾ ਸਿਰਫ਼ ਕੱਚਾ ਢਾਂਚਾ ਹੀ ਪੂਰਾ ਹੋ ਸਕਿਆ ਅਤੇ ਜੂਨ 2023 ’ਚ ਪੀ.ਡਬਲਯੂ.ਡੀ. ਵੱਲੋਂ ਕੰਮ ਬੰਦ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ।

# ਬੀ.ਬੀ.ਐੱਮ.ਬੀ. ਤੇ ਪੰਜਾਬ ਸਰਕਾਰ ਵਿਚਾਲੇ ਨਵਾਂ ਟਕਰਾਅ

**▪ ਜ਼ਮੀਨ ਲੀਜ਼ ’ਤੇ ਦੇਣ ਦਾ ਵਿਰੋਧ; ਪ੍ਰਾਜੈਕਟ ਤੋਂ ਇਲਾਵਾ ਬਾਕੀ ਜ਼ਮੀਨ ਪੰਜਾਬ ਦੀ ਹੋਣ ਦਾ ਦਾਅਵਾ**




**ਰੋਪੜ, (ਪੰਜਾਬ ਮੇਲ)-** ਪੰਜਾਬ ਸਰਕਾਰ ਅਤੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ.) ਵਿਚਾਲੇ ਮੁੱਖ ਪ੍ਰਾਜੈਕਟ ਟਾਊਨਸ਼ਿਪਾਂ ’ਚ ਜ਼ਮੀਨ ਦੀ ਮਾਲਕੀ ਅਤੇ ਉਸ ਨੂੰ ਲੀਜ਼ ’ਤੇ ਦੇਣ ਦੇ ਮਾਮਲੇ ਵਿਚ ਨਵਾਂ ਟਕਰਾਅ ਪੈਦਾ ਹੋ ਗਿਆ ਹੈ। ਸੂਬਾ ਸਰਕਾਰ ਨੇ ਸਾਫ਼ ਕੀਤਾ ਹੈ ਕਿ ਬੋਰਡ ਕੋਲ ਅਜਿਹੀਆਂ ਜਾਇਦਾਦਾਂ ਲਈ ਲੀਜ਼ ਨੀਤੀ ਬਣਾਉਣ ਦਾ ਕੋਈ ਅਧਿਕਾਰ ਨਹੀਂ ਹੈ।

ਬੀ.ਬੀ.ਐੱਮ.ਬੀ. ਦੇ ਚੇਅਰਮੈਨ ਨੂੰ ਭੇਜੇ ਪੱਤਰ ਵਿਚ ਪੰਜਾਬ ਸਰਕਾਰ ਨੇ ਤਰਕ ਦਿੱਤਾ ਹੈ ਕਿ ਨੰਗਲ, ਤਲਵਾੜਾ ਅਤੇ ਸੂਬੇ ਦੇ ਹੋਰ ਖੇਤਰਾਂ ਵਿਚ ਸਥਿਤ ਜ਼ਮੀਨ ਪੰਜਾਬ ਦੀ ਹੈ, ਨਾ ਕਿ ਬੀ.ਬੀ.ਐੱਮ.ਬੀ. ਦੀ।

ਦੱਸਣਯੋਗ ਹੈ ਕਿ ਇਕੱਲੇ ਨੰਗਲ ਕਸਬੇ ਵਿਚ ਹੀ ਬੋਰਡ ਦੀ ਜ਼ਮੀਨ 800 ਏਕੜ ਤੋਂ ਵੱਧ ਹੈ। ਸੂਬੇ ਦੇ ਜਲ ਸਰੋਤ ਵਿਭਾਗ ਵੱਲੋਂ ਜਾਰੀ ਇਹ ਪੱਤਰ ਬੀ.ਬੀ.ਐੱਮ.ਬੀ. ਦੀ ਉਸ ਤਜਵੀਜ਼ਤ ਲੀਜ਼ ਨੀਤੀ ਦੇ ਸੰਦਰਭ ਵਿਚ ਹੈ, ਜੋ ਨਿੱਜੀ ਕਾਬਜ਼ਕਾਰਾਂ ਲਈ ਤਿਆਰ ਕੀਤੀ ਗਈ ਸੀ।

ਸੂਬਾ ਸਰਕਾਰ ਨੇ ਪੰਜਾਬ ਪੁਨਰਗਠਨ ਐਕਟ-1966 ਦੀਆਂ ਧਾਰਾਵਾਂ ਦਾ ਹਵਾਲਾ ਦਿੱਤਾ ਹੈ। ਧਾਰਾ 48 (1) ਅਨੁਸਾਰ, ਅਣਵੰਡੇ ਪੰਜਾਬ ਦੀ ਜ਼ਮੀਨ ਉਸ ਉੱਤਰਾਧਿਕਾਰੀ ਰਾਜ ਦੀ ਹੁੰਦੀ ਹੈ, ਜਿਸ ਵਿਚ ਉਹ ਸਥਿਤ ਹੈ। ਸਰਕਾਰ ਨੇ ਦਾਅਵਾ ਕੀਤਾ ਹੈ ਕਿ ਐਕਟ ਦੀਆਂ ਧਾਰਾਵਾਂ 6, 48 (1) ਅਤੇ 48 (6) ਅਨੁਸਾਰ, ਅਜਿਹੀ ਜ਼ਮੀਨ ਦੀ ਮਾਲਕੀ ਅਤੇ ਪ੍ਰਬੰਧਨ ਪੰਜਾਬ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਪੰਜਾਬ ਸਰਕਾਰ ਵੱਲੋਂ ਭੇਜੇ ਗਏ ਪੱਤਰ ਵਿਚ ਇਸ ਗੱਲ ’ਤੇ ਜ਼ੋਰ ਦਿੱਤਾ ਗਿਆ ਹੈ ਕਿ ਐਕਟ ਦੀ ਧਾਰਾ 79 ਤਹਿਤ ਗਠਿਤ ਬੀ.ਬੀ.ਐੱਮ.ਬੀ. ਨੂੰ ਸਿਰਫ਼ ਭਾਖੜਾ-ਨੰਗਲ ਅਤੇ ਬਿਆਸ ਪ੍ਰਾਜੈਕਟ ਦੇ ਕੰਮਾਂ ਨੂੰ ਚਲਾਉਣ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਨ ਦਾ ਹੀ ਅਖ਼ਤਿਆਰ ਹੈ। ਪੱਤਰ ਵਿਚ ਕਿਹਾ ਗਿਆ ਹੈ, “ਬੀ.ਬੀ.ਐੱਮ.ਬੀ. ਸਿਰਫ਼ ਉਨ੍ਹਾਂ ਜਾਇਦਾਦਾਂ ਦਾ ਪ੍ਰਬੰਧਨ ਕਰ ਸਕਦੀ ਹੈ, ਜੋ ਇਸ ਦੇ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਜ਼ਰੂਰੀ ਹਨ। ਉਸ ਦਾਇਰੇ ਤੋਂ ਬਾਹਰ ਦੀ ਕੋਈ ਵੀ ਜ਼ਮੀਨ ਸੂਬਾ ਸਰਕਾਰ ਦੇ ਕੰਟਰੋਲ ਹੇਠ ਰਹਿੰਦੀ ਹੈ।”

# ਸਰੀ ਪੁਲਿਸ ਵੱਲੋਂ ਵਿਦੇਸ਼ੀ ਵਿਦਿਆਰਥੀਆਂ ਨੂੰ ‘ਹਥਿਆਰ’ ਬਣਾਉਣ ਵਾਲੇ ਗੈਂਗਸਟਰਾਂ ’ਤੇ ਸ਼ਿਕੰਜਾ

ਸਰੀ/ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਦਾ ਸਰੀ ਸ਼ਹਿਰ, ਜੋ ਕਿ ਪਿਛਲੇ ਕੁਝ ਸਮੇਂ ਤੋਂ ਜਬਰਨ ਵਸੂਲੀ ਦੇ ਸੰਕਟ ਦਾ ਕੇਂਦਰ ਬਣਿਆ ਹੋਇਆ ਸੀ, ਦੀ ਸਥਿਤੀ ਵਿਚ ਸੁਧਾਰ ਦੇਖਣ ਨੂੰ ਮਿਲ ਰਿਹਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਅਧਿਕਾਰੀਆਂ ਵੱਲੋਂ ਡੀਪੋਰਟੇਸ਼ਨ (ਦੇਸ਼ ਨਿਕਾਲਾ) ਵਰਗੇ ਸਖ਼ਤ ਕਦਮਾਂ ਦੀ ਵਰਤੋਂ ਕਾਰਨ ਜਬਰਨ ਵਸੂਲੀ ਨਾਲ ਜੁੜੀਆਂ ਗੋਲੀਬਾਰੀ ਦੀਆਂ ਘਟਨਾਵਾਂ ਵਿਚ ਲਗਾਤਾਰ ਕਮੀ ਦੇਖੀ ਜਾ ਰਹੀ ਹੈ।

ਸਰੀ ਪੁਲਿਸ ਸਰਵਿਸ ਦੇ ਮੁੱਖ ਕਾਂਸਟੇਬਲ ਨੋਰਮ ਲਿਪਿੰਸਕੀ ਅਨੁਸਾਰ, ਮਾਰਚ ਮਹੀਨੇ ਵਿਚ ਹੁਣ ਤੱਕ ਜਬਰਨ ਵਸੂਲੀ ਨਾਲ ਜੁੜੀ ਗੋਲੀਬਾਰੀ ਦੀ ਕੋਈ ਵੀ ਘਟਨਾ ਸਾਹਮਣੇ ਨਹੀਂ ਆਈ ਹੈ, ਜਦੋਂ ਕਿ ਜਨਵਰੀ ਵਿਚ ਅਜਿਹੀਆਂ 10 ਅਤੇ ਫਰਵਰੀ ਵਿਚ ਇੱਕ ਘਟਨਾ ਵਾਪਰੀ ਸੀ। ਹਾਲਾਂਕਿ, ਇਸ ਮਹੀਨੇ ਜਬਰਨ ਵਸੂਲੀ ਦੇ ਚਾਰ ਮਾਮਲੇ ਜ਼ਰੂਰ ਦਰਜ ਕੀਤੇ ਗਏ ਹਨ।

ਰਿਪੋਰਟਾਂ ’ਚ ਇਹ ਖੁਲਾਸਾ ਹੋਇਆ ਹੈ ਕਿ ਅਪਰਾਧਿਕ ਗੈਂਗਾਂ ਵੱਲੋਂ ਕੌਮਾਂਤਰੀ ਵਿਦਿਆਰਥੀਆਂ ਨੂੰ ‘ਪਿਆਦਿਆਂ’ ਵਜੋਂ ਵਰਤਿਆ ਜਾ ਰਿਹਾ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**



# ਕੈਨੇਡਾ ਇਮੀਗ੍ਰੇਸ਼ਨ ਵਿਭਾਗ ਵੱਲੋਂ ਵਰਕ ਪਰਮਿਟ ਅਤੇ ਸੁਪਰ ਵੀਜ਼ਾ ਨਾਲ ਸੰਬੰਧਤ 2 ਨਵੇਂ ਨਿਯਮ ਲਾਗੂ

## ਬਿਨਾਂ ਵਰਕ ਪਰਮਿਟ ਤੋਂ ਦਾਖਲ ਹੋ ਸਕਣਗੇ ਵਿਦੇਸ਼ੀ ਨਾਗਰਿਕ

ਵਿਨੀਪੈੱਗ, (ਪੰਜਾਬ ਮੇਲ)- ਕੈਨੇਡਾ ਵਿਚ ਇਮੀਗ੍ਰੇਸ਼ਨ ਵਿਭਾਗ ਵੱਲੋਂ ਵਰਕ ਪਰਮਿਟ ਅਤੇ ਸੁਪਰ ਵੀਜ਼ਾ ਨਾਲ ਸਬੰਧਿਤ ਦੋ ਨਵੇਂ ਨਿਯਮ ਲਿਆਂਦੇ ਗਏ ਹਨ, ਜਿਨ੍ਹਾਂ ਰਾਹੀਂ ਨੌਜਵਾਨਾਂ ਅਤੇ ਬਜ਼ੁਰਗਾਂ ਦਾ ਕੈਨੇਡਾ ਆਉਣਾ ਸੌਖਾ ਹੋ ਗਿਆ ਹੈ। ਬਿਜ਼ਨਸ ਵਿਜ਼ਟਰ ਵਜੋਂ ਕੈਨੇਡਾ ਆਉਣ ਦੇ ਇਛੁੱਕ ਵਿਦੇਸ਼ੀ ਨਾਗਰਿਕਾਂ ਵਾਸਤੇ ਲਾਜ਼ਮੀ ਹੈ ਕਿ ਉਹ ਇਮੀਗ੍ਰੇਸ਼ਨ ਐਂਡ ਰਫ਼ਿਊਜੀ ਪ੍ਰੋਟੈਕਸ਼ਨ ਰੈਗੂਲੇਸ਼ਨ ਅਧੀਨ ਸ਼ਰਤਾਂ ਪੂਰੀਆਂ ਕਰਦੇ ਹੋਣ। ਸ਼ਰਤਾਂ ਪੂਰੀਆਂ ਕਰਨ ਵਾਲੇ ਵਿਦੇਸ਼ੀ ਨਾਗਰਿਕ ਬਗੈਰ ਵਰਕ ਪਰਮਿਟ ਤੋਂ ਮੁਲਕ 'ਚ ਦਾਖਲ ਹੋ ਸਕਦੇ ਹਨ।

ਬਿਜ਼ਨਸ ਵਿਜ਼ਟਰ ਵੀਜ਼ਾ ਲਈ ਵਿਦੇਸ਼ੀ ਨਾਗਰਿਕ ਅਤੇ ਉਨ੍ਹਾਂ ਦੇ ਇੰਪਲਾਇਰ ਤਜ਼ਰਬੇਕਾਰ ਇਮੀਗ੍ਰੇਸ਼ਨ ਵਕੀਲਾਂ ਦੀਆਂ ਸੇਵਾਵਾਂ ਵੀ ਲੈ ਸਕਦੇ ਹਨ, ਪਰ ਕਿਸੇ ਵਿਦੇਸ਼ੀ ਨਾਗਰਿਕ ਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੋਣਾ ਚਾਹੀਦਾ।

ਇਮੀਗ੍ਰੇਸ਼ਨ ਵਿਭਾਗ ਵੱਲੋਂ ਨਵੇਂ ਨਿਯਮਾਂ ਅਨੁਸਾਰ ਬਿਜ਼ਨਸ ਵਿਜ਼ਟਰ ਵੀਜ਼ਾ ਲਈ ਅਰਜ਼ੀ ਦਾਖਲ ਕਰਦਿਆਂ ਸਾਬਿਤ ਕਰਨਾ ਹੋਵੇਗਾ




ਕਿ ਕੈਨੇਡਾ ਵਿਚ ਰਿਹਾਇਸ਼ ਦਾ ਸਾਰਾ ਖ਼ਰਚਾ ਤੁਹਾਡਾ ਇੰਪਲਾਇਰ ਬਰਦਾਸ਼ਤ ਕਰ ਰਿਹਾ ਹੈ ਅਤੇ ਬਿਨੈਕਾਰਾਂ ਨੂੰ ਆਪਣੀ ਆਮਦਨ ਦੇ ਸਬੂਤ ਵੀ ਪੇਸ਼ ਕਰਨੇ ਹੋਣਗੇ।

ਵੀਜ਼ਾ ਅਫ਼ਸਰਾਂ ਨੂੰ ਜਾਰੀ ਹਦਾਇਤਾਂ ਵਿਚ ਵੀਜ਼ਾ ਮਿਆਦ ਦਾ ਵੀ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਮੁਤਾਬਕ ਨਿਯਮ ਅਤੇ ਸ਼ਰਤਾਂ ਦੀ ਪਾਲਣਾ ਕਰਨ ਵਾਲਿਆਂ ਨੂੰ ਮਲਟੀਪਲ ਐਂਟਰੀ ਵੀਜ਼ਾ ਦਿੱਤਾ ਜਾ ਸਕਦਾ ਹੈ। ਮਲਟੀਪਲ ਐਂਟਰੀ ਵੀਜ਼ਾ ਵਾਸਤੇ ਲਾਜ਼ਮੀ ਹੈ ਕਿ ਸਬੰਧਿਤ ਵਿਦੇਸ਼ੀ ਨਾਗਰਿਕ ਸਿੱਧੇ ਤੌਰ 'ਤੇ ਕੈਨੇਡੀਅਨ ਕਿਰਤੀ ਬਾਜ਼ਾਰ ਵਿਚ ਦਾਖਲ ਨਾ ਹੋਵੇ, ਜਦਕਿ ਕਾਰੋਬਾਰੀ ਸਰਗਰਮੀਆਂ ਕੌਮਾਂਤਰੀ ਪੱਧਰ ਦੀਆਂ ਹੋਣੀਆਂ ਚਾਹੀਦੀਆਂ ਹਨ। ਵਿਦੇਸ਼ੀ ਨਾਗਰਿਕ ਨੂੰ ਮਿਲਣ ਵਾਲਾ ਮਿਹਨਤਾਨਾ ਮੁਢਲੇ ਤੌਰ 'ਤੇ ਕੈਨੇਡਾ ਤੋਂ ਜਾਰੀ ਨਹੀਂ ਹੋਣਾ ਚਾਹੀਦਾ ਅਤੇ ਕਾਰੋਬਾਰ ਦਾ ਮੁੱਖ ਸਰੋਤ ਕੈਨੇਡਾ ਤੋਂ ਬਾਹਰ ਮੌਜੂਦ ਹੋਣਾ ਲਾਜ਼ਮੀ ਹੈ।

ਮਿਸਾਲ ਵਜੋਂ ਕੈਨੇਡੀਅਨ ਵਸਤਾਂ ਦੀ ਖ਼ਰੀਦ ਜਾਂ ਸੇਵਾਵਾਂ ਦੀ ਸਿਖਲਾਈ ਦੇ ਮਕਸਦ ਤਹਿਤ ਬਿਜ਼ਨਸ ਵਿਜ਼ਟਰ ਵੀਜ਼ਾ ਹਾਸਲ ਕੀਤਾ ਜਾ ਸਕਦਾ ਹੈ, ਜਦਕਿ ਕੈਨੇਡੀਅਨ ਕੰਪਨੀ ਜਾਂ ਵਿਦੇਸ਼ੀ ਕੰਪਨੀ ਦੀ ਕੈਨੇਡੀਅਨ ਇਕਾਈ ਵਿਚ ਸਿਖਲਾਈ ਦੇ ਮਕਸਦ ਤਹਿਤ ਵੀ ਇਹ ਵੀਜ਼ਾ ਜਾਰੀ ਕੀਤਾ ਜਾਂਦਾ ਹੈ। ਇਸ ਤੋਂ ਇਲਾਵਾ ਕੈਨੇਡਾ ਵਿਚ ਵਸਤਾਂ ਦੀ ਵਿਕਰੀ ਜੋ ਸਿੱਧੇ ਤੌਰ 'ਤੇ ਆਮ ਲੋਕਾਂ ਨੂੰ ਨਾ ਵੇਚੀਆਂ ਜਾਣ, ਦੇ ਮਕਸਦ ਤਹਿਤ ਬਿਜ਼ਨਸ ਵਿਜ਼ਟਰ ਵੀਜ਼ਾ ਹਾਸਲ ਕੀਤਾ ਜਾ ਸਕਦਾ ਹੈ।

ਦੂਜੇ ਪਾਸੇ ਸੁਪਰ ਵੀਜ਼ਾ ਮਾਮਲੇ 'ਚ 31 ਮਾਰਚ ਤੋਂ ਨਵੇਂ ਨਿਯਮ ਲਾਗੂ ਹੋ ਰਹੇ ਹਨ, ਜਿਸ ਵਿਚ ਪਰਿਵਾਰਕ ਮੈਂਬਰਾਂ ਦੇ ਮੇਲ ਨੂੰ ਸੁਖਾਲਾ ਬਣਾਉਣ ਦਾ ਦਾਅਵਾ ਕੀਤਾ ਗਿਆ ਹੈ। ਸੁਪਰ ਵੀਜ਼ਾ ਇੱਕ ਮਲਟੀਪਲ ਐਂਟਰੀ ਵਿਜ਼ਟਰ ਵੀਜ਼ਾ ਹੈ, ਜੋ ਕੈਨੇਡੀਅਨ ਨਾਗਰਿਕਾਂ ਅਤੇ ਸਥਾਈ ਵਸਨੀਕਾਂ ਦੇ ਮਾਪਿਆਂ ਅਤੇ ਦਾਦਾ-ਦਾਦੀ ਨੂੰ ਲੰਬੇ ਸਮੇਂ ਲਈ ਕੈਨੇਡਾ ਵਿਚ ਆਪਣੇ ਪਰਿਵਾਰ ਨੂੰ ਮਿਲਣ ਦੀ ਆਗਿਆ ਦਿੰਦਾ ਹੈ। ਇਮੀਗ੍ਰੇਸ਼ਨ ਵਿਭਾਗ ਵੱਲੋਂ ਕੈਨੇਡੀਅਨ ਸਿਟੀਜ਼ਨ ਜਾਂ ਪਰਮਾਨੈਂਟ ਰੈਜ਼ੀਡੈਂਟ ਦੇ ਮਾਪਿਆਂ ਦੀ ਕਮਾਈ ਨੂੰ ਵੀ ਆਮਦਨ ਸ਼ਰਤ ਵਿਚ ਜੋੜਨ ਦੀ ਸਹੂਲਤ ਦਿੱਤੀ ਜਾ ਰਹੀ ਹੈ, ਜਿਸ ਨਾਲ ਸਪਾਂਸਰ 'ਤੇ ਜ਼ਿਆਦਾ ਬੋਝ ਨਹੀਂ ਪਵੇਗਾ।

# ਅੰਮ੍ਰਿਤਪਾਲ ਸਿੰਘ ਦੀ ਸੰਸਦ ਮੈਂਬਰੀ ਨੂੰ ਫਿਲਹਾਲ ਕੋਈ ਖ਼ਤਰਾ ਨਹੀਂ

**ਚੰਡੀਗੜ੍ਹ, (ਪੰਜਾਬ ਮੇਲ)-** ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਸੰਸਦ ਵਿਚ ਲਗਾਤਾਰ ਗੈਰ-ਹਾਜ਼ਰੀ 59 ਦਿਨਾਂ ਤੱਕ ਪਹੁੰਚ ਗਈ ਹੈ, ਪਰ ਮੰਗਲਵਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਗਿਆ ਕਿ ਉਨ੍ਹਾਂ ਦੀ ਮੈਂਬਰੀ ਨੂੰ ਫਿਲਹਾਲ ਕੋਈ ਤੁਰੰਤ ਖ਼ਤਰਾ ਨਹੀਂ ਹੈ। ਅਦਾਲਤ ਨੂੰ ਜਾਣਕਾਰੀ ਦਿੱਤੀ ਗਈ ਕਿ ਉਹ ਅਜੇ ਵੀ ਛੁੱਟੀ ਲਈ ਅਰਜ਼ੀ ਦੇ ਸਕਦੇ ਹਨ, ਜਿਸ ਨੂੰ ਆਮ ਤੌਰ 'ਤੇ ਸਬੰਧਤ ਸੰਸਦ ਕਮੇਟੀ ਵੱਲੋਂ ਪ੍ਰਵਾਨ ਕਰ ਲਿਆ ਜਾਂਦਾ ਹੈ।

ਚੀਫ਼ ਜਸਟਿਸ ਸ਼ੀਲ ਨਾਗੂ ਦੀ ਅਗਵਾਈ ਵਾਲੇ ਬੈਂਚ ਅੱਗੇ ਐਡੀਸ਼ਨਲ ਸਾਲਿਸਟਰ ਜਨਰਲ ਸਤਿਆਪਾਲ ਜੈਨ ਨੇ ਦੱਸਿਆ ਕਿ ਮੰਗਲਵਾਰ ਗੈਰ-ਹਾਜ਼ਰੀ ਦਾ 60ਵਾਂ ਦਿਨ ਹੈ। ਨਿਯਮਾਂ ਅਨੁਸਾਰ ਜੇਕਰ ਕੋਈ ਮੈਂਬਰ ਲਗਾਤਾਰ 60 ਬੈਠਕਾਂ ਵਿਚ ਗੈਰ-ਹਾਜ਼ਰ ਰਹਿੰਦਾ ਹੈ, ਤਾਂ ਸੰਸਦ ਉਸ ਦੀ ਸੀਟ ਖਾਲੀ ਐਲਾਨ ਸਕਦੀ ਹੈ।

ਹਾਲਾਂਕਿ, ਜੈਨ ਨੇ ਸਪੱਸ਼ਟ ਕੀਤਾ ਕਿ ਇਹ ਨਿਯਮ ਪੂਰੀ ਤਰ੍ਹਾਂ ਸਖ਼ਤ ਨਹੀਂ ਹੈ। ਉਨ੍ਹਾਂ ਦੱਸਿਆ ਕਿ ਸੰਸਦ ਦੀ ਇੱਕ 'ਕੰਡੋਨੇਸ਼ਨ ਆਫ ਐਬਸੈਂਸ' (ਗੈਰ-ਹਾਜ਼ਰੀ ਮੁਆਫ਼ੀ) ਕਮੇਟੀ ਹੁੰਦੀ ਹੈ, ਜੋ ਬਿਮਾਰੀ, ਹਾਦਸੇ ਜਾਂ ਹਿਰਾਸਤ ਵਰਗੇ ਹਾਲਾਤਾਂ 'ਤੇ ਵਿਚਾਰ ਕਰਕੇ ਛੁੱਟੀ ਮਨਜ਼ੂਰ ਕਰ ਸਕਦੀ ਹੈ।

# ਕੈਨੇਡਾ ਸਰਕਾਰ ਵੱਲੋਂ 2 ਪੰਜਾਬੀ ਗੈਂਗਸਟਰ ਡਿਪੋਰਟ



**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਸਰਕਾਰ ਨੇ ਸੰਗਠਿਤ ਅਪਰਾਧ ਅਤੇ ਜਬਰਨ ਵਸੂਲੀ ਦੇ ਮਾਮਲਿਆਂ 'ਚ ਸ਼ਾਮਲ ਵਿਦੇਸ਼ੀ ਨਾਗਰਿਕਾਂ ਵਿਰੁੱਧ ਆਪਣੀ ਮੁਹਿੰਮ ਤੇਜ਼ ਕਰ ਦਿੱਤੀ ਹੈ। ਇਸੇ ਕੜੀ ਤਹਿਤ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ.ਬੀ.ਐੱਸ.ਏ.) ਨੇ ਪੰਜਾਬੀ ਮੂਲ ਦੇ ਦੋ ਗੈਂਗਸਟਰਾਂ, ਅਰਸ਼ਦੀਪ ਸਿੰਘ ਅਤੇ ਸੁਖਨਾਜ਼ ਸਿੰਘ ਸੰਧੂ ਨੂੰ ਦੇਸ਼ ਨਿਕਾਲਾ ਦੇ ਕੇ ਭਾਰਤ ਵਾਪਸ ਭੇਜ ਦਿੱਤਾ ਹੈ। ਏਜੰਸੀ ਨੇ 18 ਮਾਰਚ ਨੂੰ ਜਾਰੀ ਇੱਕ ਪ੍ਰੈੱਸ ਰਿਲੀਜ਼ ਵਿਚ ਸਪੱਸ਼ਟ ਕੀਤਾ ਹੈ ਕਿ ਅਪਰਾਧਿਕ ਗਤੀਵਿਧੀਆਂ ਵਿਚ ਸ਼ਾਮਲ ਕਿਸੇ ਵੀ ਵਿਦੇਸ਼ੀ ਨਾਗਰਿਕ ਨੂੰ ਕੈਨੇਡਾ ਵਿਚ ਰਹਿਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਅਰਸ਼ਦੀਪ ਸਿੰਘ ਸਾਲ 2022 ਵਿਚ ਸਟੱਡੀ ਪਰਮਿਟ 'ਤੇ ਸੁਨਹਿਰੀ ਭਵਿੱਖ ਦੇ ਸੁਪਨੇ ਲੈ ਕੇ ਕੈਨੇਡਾ ਪਹੁੰਚਿਆ ਸੀ, ਪਰ ਜਲਦੀ ਹੀ ਉਹ ਸਥਾਨਕ ਗੈਂਗਸਟਰਾਂ ਦੇ ਨੈੱਟਵਰਕ ਵਿਚ ਫਸ ਗਿਆ। ਨਵੰਬਰ 2025 ਵਿਚ ਉਸ ਦੀ ਗ੍ਰਿਫਤਾਰੀ ਤੋਂ ਬਾਅਦ ਹੋਈ ਜਾਂਚ ਵਿਚ ਖੁਲਾਸਾ ਹੋਇਆ ਕਿ ਉਹ ਜਬਰਨ ਵਸੂਲੀ, ਗੋਲੀਬਾਰੀ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਰਗੇ ਗੰਭੀਰ ਅਪਰਾਧਾਂ ਵਿਚ ਸ਼ਾਮਲ ਸੀ। ਕੈਨੇਡਾ ਦੇ ਇਮੀਗ੍ਰੇਸ਼ਨ ਅਤੇ ਰਫਿਊਜੀ ਬੋਰਡ (ਆਈ.ਆਰ.ਬੀ.) ਨੇ ਉਸ ਨੂੰ ਜਨਤਕ ਸੁਰੱਖਿਆ ਲਈ ਵੱਡਾ ਖ਼ਤਰਾ ਕਰਾਰ ਦਿੱਤਾ ਅਤੇ ਸਖ਼ਤ ਸੁਰੱਖਿਆ ਹੇਠ ਉਸ ਨੂੰ ਡਿਪੋਰਟ ਕਰ ਦਿੱਤਾ ਗਿਆ। ਦੂਜੇ ਮਾਮਲੇ ਵਿਚ ਸੁਖਨਾਜ਼ ਸਿੰਘ ਸੰਧੂ, ਜੋ 2016 ਤੋਂ ਅਸਥਾਈ ਨਿਵਾਸੀ ਵਜੋਂ ਕੈਨੇਡਾ ਵਿਚ ਰਹਿ ਰਿਹਾ ਸੀ, ਨੂੰ ਵੀ ਸੰਗਠਿਤ ਅਪਰਾਧ ਐਕਟ ਤਹਿਤ ਦੋਸ਼ੀ ਪਾਏ ਜਾਣ ਤੋਂ ਬਾਅਦ ਦੇਸ਼ ਨਿਕਾਲਾ ਦੇ ਦਿੱਤਾ ਗਿਆ ਹੈ।

ਕੈਨੇਡਾ ਸਰਕਾਰ ਦੀ ਇਹ ਕਾਰਵਾਈ ਉਨ੍ਹਾਂ ਭਾਰਤੀ ਕਾਰੋਬਾਰੀਆਂ ਦੀਆਂ ਸ਼ਿਕਾਇਤਾਂ ਤੋਂ ਬਾਅਦ ਸ਼ੁਰੂ ਹੋਈ ਹੈ, ਜਿਨ੍ਹਾਂ ਨੂੰ ਸਥਾਨਕ ਗੈਂਗਾਂ ਵੱਲੋਂ ਧਮਕੀ ਭਰੇ ਫੋਨ ਆ ਰਹੇ ਸਨ। ਮੌਜੂਦਾ ਅੰਕੜਿਆਂ ਅਨੁਸਾਰ ਕੈਨੇਡਾ ਹਰ ਹਫ਼ਤੇ ਔਸਤਨ 400 ਅਜਿਹੇ ਲੋਕਾਂ ਨੂੰ ਦੇਸ਼ ਵਿਚੋਂ ਕੱਢ ਰਿਹਾ ਹੈ, ਜੋ ਜਾਂ ਤਾਂ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ ਜਾਂ ਅਪਰਾਧਾਂ ਵਿਚ ਸ਼ਾਮਲ ਹਨ। ਏਜੰਸੀ ਨੇ ਹੁਣ ਤੱਕ 372 ਮਾਮਲਿਆਂ ਦੀ ਜਾਂਚ ਸ਼ੁਰੂ ਕੀਤੀ ਹੈ, ਜਿਨ੍ਹਾਂ ਵਿਚੋਂ 35 ਅਪਰਾਧੀਆਂ ਨੂੰ ਪਹਿਲਾਂ ਹੀ ਬਾਹਰ ਕੱਢਿਆ ਜਾ ਚੁੱਕਾ ਹੈ। ਇਸ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਕੈਨੇਡੀਅਨ ਸਰਕਾਰ ਨੇ "ਕੈਨੇਡਾ ਬਾਰਡਰ ਪਲਾਨ" ਤਹਿਤ 30.4 ਮਿਲੀਅਨ ਡਾਲਰ ਦਾ ਵਿਸ਼ੇਸ਼ ਬਜਟ ਰੱਖਿਆ ਹੈ ਅਤੇ 1,000 ਨਵੇਂ ਸਰਹੱਦੀ ਅਧਿਕਾਰੀਆਂ ਦੀ ਭਰਤੀ ਪ੍ਰਕਿਰਿਆ ਵੀ ਸ਼ੁਰੂ ਕਰ ਦਿੱਤੀ ਹੈ। ਸਰਕਾਰ ਦਾ ਟੀਚਾ ਸਾਲਾਨਾ 20,000 ਅਪਰਾਧੀ ਜਾਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਨਿਕਾਲਾ ਦੇਣਾ ਹੈ।




# ਯੂ.ਕੇ. 'ਚ ਅੰਤਰਰਾਸ਼ਟਰੀ ਮਨੀ ਲਾਂਡਰਿੰਗ ਅਤੇ ਮਾਈਗ੍ਰੇਂਟ ਸਮੱਗਲਿੰਗ ਨੈੱਟਵਰਕ ਦਾ ਪਰਦਾਫਾਸ਼

**ਲੰਡਨ, (ਪੰਜਾਬ ਮੇਲ)-** ਯੂਨਾਈਟਡ ਕਿੰਗਡਮ ਵਿਚ ਇੱਕ ਵੱਡੇ ਅੰਤਰਰਾਸ਼ਟਰੀ ਮਨੀ ਲਾਂਡਰਿੰਗ ਅਤੇ ਮਾਈਗ੍ਰੇਂਟ ਸਮੱਗਲਿੰਗ ਨੈੱਟਵਰਕ ਦਾ ਖੁਲਾਸਾ ਹੋਇਆ, ਜਿਸ ਵਿਚ ਜਾਂਚਕਾਰਾਂ ਦੇ ਮੁਤਾਬਕ ਲਗਭਗ 42 ਮਿਲੀਅਨ ਪਾਊਂਡ ਤੋਂ ਵੱਧ ਨਕਦੀ ਯੂ.ਕੇ. ਤੋਂ ਦੁਬਈ ਤੱਕ ਪਹੁੰਚਾਈ ਗਈ। ਇਹ ਕਾਰਵਾਈ 2017 ਤੋਂ 2019 ਦੇ ਦਰਮਿਆਨ ਚੱਲਦੀ ਰਹੀ ਅਤੇ ਇਸਦਾ ਕੇਂਦਰ ਪੱਛਮੀ ਲੰਡਨ ਦੇ ਇਲਾਕੇ ਹਾਉਂਸਲੋ, ਹੈਜ਼ ਅਤੇ ਸਾਊਥਾਲ ਮੰਨੇ ਗਏ।

ਇਸ ਮਾਮਲੇ ਦੀ ਜਾਂਚ ਨੈਸ਼ਨਲ ਕ੍ਰਾਈਮ ਏਜੰਸੀ (ਐੱਨ.ਸੀ.ਏ.) ਨੇ ਕੀਤੀ। ਜਾਂਚ ਵਿਚ ਸਾਹਮਣੇ ਆਇਆ ਕਿ ਗੈਂਗ ਦੇ ਮੈਂਬਰ ਵਾਰ-ਵਾਰ ਲੰਡਨ ਤੋਂ ਦੁਬਈ ਲਈ ਉਡਾਣਾਂ ਕਰਦੇ ਅਤੇ ਆਪਣੇ ਨਾਲ ਵੱਡੀ ਮਾਤਰਾ ਵਿਚ ਨਕਦੀ ਲੈ ਕੇ ਜਾਂਦੇ। 2017 ਵਿਚ ਹੀ ਇਸ ਨੈੱਟਵਰਕ ਨਾਲ ਜੁੜੇ ਲੋਕਾਂ ਨੇ 58 ਵਾਰ ਦੁਬਈ ਦੀ ਯਾਤਰਾ ਕੀਤੀ।

ਹਵਾਈ ਅੱਡਿਆਂ 'ਤੇ ਕਈ ਵਾਰ ਅਧਿਕਾਰੀਆਂ ਨੇ ਲੋਕਾਂ ਨੂੰ ਰੋਕਿਆ ਅਤੇ ਲਗਭਗ 1.5 ਮਿਲੀਅਨ ਪਾਊਂਡ ਨਕਦੀ ਜ਼ਬਤ ਵੀ ਕੀਤੀ, ਪਰ ਜਾਂਚਕਾਰਾਂ ਦਾ ਮੰਨਣਾ ਹੈ ਕਿ ਜ਼ਿਆਦਾਤਰ ਪੈਸਾ ਵਿਦੇਸ਼ ਭੇਜਣ ਵਿਚ ਗੈਂਗ ਕਾਮਯਾਬ ਰਹੀ। ਇਹ ਰਕਮ ਯੂ.ਕੇ. ਵਿਚ ਹੋ ਰਹੀ ਕਲਾਸ ਏ ਡਰੱਗ ਤਸਕਰੀ ਅਤੇ ਗੈਰਕਾਨੂੰਨੀ ਮਾਈਗ੍ਰੇਸ਼ਨ ਕਾਰੋਬਾਰ ਨਾਲ ਜੁੜੀ ਹੋਈ ਮੰਨੀ ਗਈ।

2019 ਵਿਚ ਇੱਕ ਵੱਡਾ ਮਾਮਲਾ ਸਾਹਮਣੇ ਆਇਆ, ਜਦੋਂ 17 ਮਾਈਗ੍ਰੈਂਟਸ ਨੂੰ ਟਾਇਰਾਂ ਵਾਲੀ ਵੈਨ ਦੇ ਪਿੱਛੇ ਲੁਕਾ ਕੇ ਯੂ.ਕੇ. ਲਿਆਂਦਾ



ਚੋਣਾਂ ਦੇ ਐਲਾਨ ਸਮੇਂ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ (ਵਿਚਾਲੇ), ਚੋਣ ਕਮਿਸ਼ਨਰ ਸੁਖਬ*ਰ ਸਿੰਘ ਸੰਧੂ (ਖੱਬੇ) ਤੇ ਵਿਵੇਕ ਜੋਸ਼ੀ।

ਜਾ ਰਿਹਾ ਸੀ। ਇਸ ਵਿਚ 5 ਬੱਚੇ ਅਤੇ ਇੱਕ ਗਰਭਵਤੀ ਔਰਤ ਵੀ ਸ਼ਾਮਲ ਸਨ। ਡੱਚ ਪੁਲਿਸ ਨੇ **Hook of Holland** ਨੇੜੇ ਵੈਨ ਰੋਕ ਕੇ ਇਸ ਯਤਨ ਨੂੰ ਨਾਕਾਮ ਕੀਤਾ।

ਜਾਂਚ ਤੋਂ ਬਾਅਦ ਲੰਡਨ ਵਿਚ ਕਈ ਥਾਵਾਂ 'ਤੇ ਛਾਪੇ ਮਾਰੇ ਗਏ ਅਤੇ 16 ਲੋਕਾਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ ਵਿਚ ਪੇਸ਼ ਕੀਤਾ ਗਿਆ। **Croydon Crown Court** ਵਿਚ ਦੋ ਟਰਾਇਲਾਂ ਤੋਂ ਬਾਅਦ ਸਾਰੇ ਦੋਸ਼ੀਆਂ ਨੂੰ ਮਨੀ ਲਾਂਡਰਿੰਗ ਅਤੇ ਗੈਰਕਾਨੂੰਨੀ ਇਮੀਗ੍ਰੇਸ਼ਨ ਸਹਾਇਤਾ ਦੇ ਦੋਸ਼ਾਂ ਵਿਚ ਦੋਸ਼ੀ ਕਰਾਰ ਦਿੱਤਾ ਗਿਆ।

ਐੱਨ.ਸੀ.ਏ. ਅਨੁਸਾਰ ਇਹ ਯੂ.ਕੇ. ਦੇ ਸਭ ਤੋਂ ਵੱਡੇ ਕੈਸ਼ ਕੂਰਿਅਰ ਮਨੀ ਲਾਂਡਰਿੰਗ ਕੇਸਾਂ ਵਿਚੋਂ ਇੱਕ ਸੀ, ਜਿਸ ਨੇ ਦਰਸਾਇਆ ਕਿ ਸੰਗਠਿਤ ਅਪਰਾਧਕ ਗਿਰੋਹ ਆਮ ਹਵਾਈ ਯਾਤਰਾ ਦੀ ਵਰਤੋਂ ਕਰਕੇ ਵੱਡੀ ਰਕਮ ਸਰਹੱਦਾਂ ਤੋਂ ਬਾਹਰ ਭੇਜ ਰਹੇ ਸਨ।

ਯੂਨਾਈਟਿਡ ਕਿੰਗਡਮ ਵਿਚ ਇੱਕ ਵੱਡੇ ਅੰਤਰਰਾਸ਼ਟਰੀ ਅਪਰਾਧਿਕ ਨੈੱਟਵਰਕ ਨੂੰ ਅਦਾਲਤ ਨੇ ਸਖ਼ਤ ਸਜ਼ਾਵਾਂ ਸੁਣਾਈਆਂ ਹਨ, ਜਿਸ ਦੇ ਬਾਰੇ ਜਾਂਚਕਾਰਾਂ ਨੇ ਦੱਸਿਆ ਕਿ ਇਸ ਗਿਰੋਹ ਨੇ ਲਗਭਗ 70 ਮਿਲੀਅਨ ਪਾਊਂਡ ਤੋਂ ਵੱਧ ਨਕਦੀ ਯੂ.ਕੇ. ਤੋਂ ਦੁਬਈ ਤੱਕ ਪਹੁੰਚਾਈ।

ਇਹ ਨੈੱਟਵਰਕ ਪੱਛਮੀ ਲੰਡਨ ਦੇ ਇਲਾਕਿਆਂ ਹਾਉਂਸਲੋ, ਹੈਜ਼ ਅਤੇ ਸਾਊਥਾਲ ਵਿਚ ਸਰਗਰਮ ਸੀ ਅਤੇ ਇਸਦੀ ਕਾਰਵਾਈ 2017 ਤੋਂ 2019 ਤੱਕ ਚੱਲਦੀ ਰਹੀ। ਜਾਂਚ ਨੈਸ਼ਨਲ ਕ੍ਰਾਈਮ ਏਜੰਸੀ (ਐੱਨ.ਸੀ.ਏ.) ਨੇ ਕਈ ਸਾਲਾਂ ਦੀ ਇੰਟੈਲੀਜੈਂਸ, ਫਲਾਈਟ ਰਿਕਾਰਡ, ਕੈਸ਼ ਡਿਕਲੇਰੇਸ਼ਨ ਅਤੇ ਨਿਗਰਾਨੀ ਦੇ ਆਧਾਰ 'ਤੇ ਕੀਤੀ।

ਜਾਂਚਕਾਰਾਂ ਦੇ ਮੁਤਾਬਕ ਗੈਂਗ ਦੇ ਮੈਂਬਰ ਵਾਰ-ਵਾਰ ਯੂ.ਕੇ. ਤੋਂ ਦੁਬਈ ਤੱਕ ਉਡਾਣਾਂ ਕਰਦੇ ਅਤੇ ਆਪਣੇ ਨਾਲ ਬੈਗਾਂ ਵਿਚ ਵੱਡੀ ਮਾਤਰਾ ਵਿਚ ਨਕਦੀ ਲੈ ਜਾਂਦੇ। ਇਹ ਨਕਦੀ ਮੁੱਖ ਤੌਰ 'ਤੇ ਡਰੱਗ ਤਸਕਰੀ ਅਤੇ ਗੈਰਕਾਨੂੰਨੀ ਮਾਈਗ੍ਰੇਸ਼ਨ ਕਾਰੋਬਾਰ ਤੋਂ ਆਉਣ ਵਾਲੀ ਕਮਾਈ ਮੰਨੀ ਗਈ।

ਇਸ ਨੈੱਟਵਰਕ ਦਾ ਮੁੱਖ ਚਿਹਰਾ ਚਰਨ ਸਿੰਘ (44) ਸੀ, ਜਿਸ ਨੂੰ ਜਾਂਚਕਾਰਾਂ ਨੇ ਮਨੀ ਲਾਂਡਰਿੰਗ ਸਕੀਮ ਦਾ ਮੁੱਖ ਆਰਗੇਨਾਈਜ਼ਰ ਦੱਸਿਆ। ਉਸ ਦੇ ਨਾਲ ਕਈ ਹੋਰ ਮੈਂਬਰ ਵੀ ਨਕਦੀ ਨੂੰ ਯੂ.ਕੇ. ਤੋਂ ਬਾਹਰ ਭੇਜਣ ਵਿਚ ਸ਼ਾਮਲ ਸਨ।

ਮਾਮਲੇ ਨਾਲ ਜੁੜੇ ਲੋਕਾਂ ਨੇ ਸੈਂਕੜਿਆਂ ਅੰਤਰਰਾਸ਼ਟਰੀ ਯਾਤਰਾਂ ਕੀਤੀਆਂ। ਕਈ ਵਾਰ ਹਵਾਈ ਅੱਡਿਆਂ 'ਤੇ ਅਧਿਕਾਰੀਆਂ ਨੇ ਸ਼ੱਕ ਦੇ ਆਧਾਰ 'ਤੇ ਲੋਕਾਂ ਨੂੰ ਰੋਕਿਆ ਅਤੇ ਕੁਝ ਰਕਮ ਜ਼ਬਤ ਵੀ ਕੀਤੀ, ਪਰ ਜਾਂਚ ਤੋਂ ਪਤਾ ਲੱਗਾ ਕਿ ਜ਼ਿਆਦਾਤਰ ਪੈਸਾ ਵਿਦੇਸ਼ ਭੇਜਿਆ ਜਾ ਚੁੱਕਾ ਸੀ।

ਅਦਾਲਤ 'ਚ ਟਰਾਇਲ ਤੋਂ ਬਾਅਦ ਇਸ ਮਾਮਲੇ ਨਾਲ ਜੁੜੇ ਕਈ ਦੋਸ਼ੀਆਂ ਨੂੰ ਮਿਲਾ ਕੇ 70 ਸਾਲ ਤੋਂ ਵੱਧ ਦੀ ਕੁੱਲ ਕੈਦ ਦੀ ਸਜ਼ਾ ਸੁਣਾਈ ਗਈ।

ਐੱਨ.ਸੀ.ਏ. ਅਧਿਕਾਰੀਆਂ ਨੇ ਕਿਹਾ ਕਿ ਇਹ ਕੇਸ ਦਰਸਾਉਂਦਾ ਹੈ ਕਿ ਸੰਗਠਿਤ ਅਪਰਾਧਿਕ ਗਿਰੋਹ ਕਿਵੇਂ ਡਰੱਗ ਤਸਕਰੀ ਅਤੇ ਗੈਰਕਾਨੂੰਨੀ ਇਮੀਗ੍ਰੇਸ਼ਨ ਤੋਂ ਆਏ ਪੈਸੇ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਲਾਂਡਰ ਕਰਦੇ ਹਨ।

ਜਾਂਚਕਾਰਾਂ ਦਾ ਕਹਿਣਾ ਹੈ ਕਿ ਇਸ ਤਰ੍ਹਾਂ ਦੇ ਨੈੱਟਵਰਕਾਂ ਨੂੰ ਤੋੜਨਾ ਸੰਗਠਿਤ ਅਪਰਾਧ ਖ਼ਿਲਾਫ਼ ਲੜਾਈ ਵਿਚ ਬਹੁਤ ਮਹੱਤਵਪੂਰਨ ਹੈ।


MATRIMONIAL

Jatt Sikh, Chatha, Age 33yrs, height 6'-1",
American born boy, Fully family values known,
Gursikh Lawyer boy, working in Los Angeles
county as Lawyer supervisor, looking for an
educated & beautiful girl in California.
for more information Contact at : 818-645-9810
895


# ਕੈਨੇਡੀਅਨ ਪੁਲਿਸ ਅਫਸਰ ਵੱਲੋਂ ਭਾਰਤ 'ਤੇ ਲੱਗੇ ਗੰਭੀਰ ਦੋਸ਼ ਸਿਰੇ ਤੋਂ ਖਾਰਿਜ

**ਕਿਹਾ : ਭਾਰਤੀ ਏਜੰਟਾਂ ਤੋਂ ਕੈਨੇਡੀਅਨਾਂ ਨੂੰ ਕੋਈ ਖਤਰਾ ਨਹੀਂ**



**ਓਟਾਵਾ, (ਪੰਜਾਬ ਮੇਲ)-** ਭਾਰਤ ਅਤੇ ਕੈਨੇਡਾ ਦੇ ਸਬੰਧਾਂ ਵਿਚ ਲੰਬੇ ਸਮੇਂ ਤੋਂ ਚੱਲ ਰਹੀ ਖਿੱਚੋਤਾਣ ਤੋਂ ਬਾਅਦ ਹੁਣ ਇੱਕ ਬਹੁਤ ਹੀ ਅਹਿਮ ਅਤੇ ਸਕਾਰਾਤਮਕ ਖ਼ਬਰ ਸਾਹਮਣੇ ਆਈ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਕੈਨੇਡੀਅਨ ਪੁਲਿਸ ਅਫਸਰ ਨੇ ਭਾਰਤ 'ਤੇ ਲੱਗੇ ਗੰਭੀਰ ਦੋਸ਼ਾਂ ਨੂੰ ਸਿਰੇ ਤੋਂ ਖਾਰਿਜ ਕਰ ਦਿੱਤਾ ਹੈ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ (ਆਰ.ਸੀ.ਐੱਮ.ਪੀ.) ਦੇ ਕਮਿਸ਼ਨਰ ਮਾਈਕ ਡੁਹੇਮੇ ਨੇ ਸਪੱਸ਼ਟ ਕੀਤਾ ਹੈ ਕਿ ਕੈਨੇਡਾ ਵਿਚ ਰਹਿਣ ਵਾਲੇ ਲੋਕਾਂ ਨੂੰ ਭਾਰਤ ਸਰਕਾਰ ਦੇ ਕਿਸੇ ਵੀ ਏਜੰਟ ਤੋਂ ਕੋਈ ਖ਼ਤਰਾ ਨਹੀਂ ਹੈ।

ਜ਼ਿਕਰਯੋਗ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਮਾਮਲੇ ਵਿਚ ਭਾਰਤ 'ਤੇ ਲਗਾਏ ਗਏ ਦੋਸ਼ਾਂ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਰਿਸ਼ਤੇ ਬੇਹੱਦ ਖ਼ਰਾਬ ਹੋ ਗਏ ਸਨ। ਹਾਲਾਂਕਿ ਕੈਨੇਡਾ ਦੇ ਮੌਜੂਦਾ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਹਾਲੀਆ ਭਾਰਤ ਫੇਰੀ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਜੰਮੀ ਬਰਫ਼ ਪਿਘਲਦੀ ਨਜ਼ਰ ਆ ਰਹੀ ਹੈ। ਇਸ ਫੇਰੀ ਨੂੰ ਰਿਸ਼ਤਿਆਂ ਨੂੰ ਮੁੜ ਲੀਹ 'ਤੇ ਲਿਆਉਣ ਲਈ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ। ਇੱਕ ਸਮਾਂ ਸੀ, ਜਦੋਂ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ਦੌਰਾਨ ਕੈਨੇਡਾ ਨੇ ਹਰਦੀਪ ਸਿੰਘ ਨਿੱਝਰ ਦੇ ਕਤਲ ਨੂੰ ਸਿੱਧੇ ਤੌਰ 'ਤੇ ਭਾਰਤੀ ਏਜੰਸੀਆਂ ਨਾਲ ਜੋੜਿਆ ਸੀ। ਹਾਲਾਂਕਿ ਕਮਿਸ਼ਨਰ ਮਾਈਕ ਡੁਹੇਮੇ ਨੇ ਹੁਣ ਆਪਣਾ ਸਟੈਂਡ ਬਦਲ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਵੇਲੇ ਉਪਲਬਧ ਲਿੰਕ ਕਿਸੇ ਵਿਦੇਸ਼ੀ ਸੰਸਥਾ ਜਾਂ ਭਾਰਤ ਸਰਕਾਰ ਨਾਲ ਨਹੀਂ ਜੁੜੇ ਹੋਏ ਹਨ। ਉਨ੍ਹਾਂ ਇਹ ਵੀ ਸਵੀਕਾਰ ਕੀਤਾ ਕਿ 2024 ਵਿਚ ਉਨ੍ਹਾਂ ਵੱਲੋਂ ਦਿੱਤੇ ਗਏ ਬਿਆਨ ਉਸ ਸਮੇਂ ਦੀ ਸੀਮਤ ਜਾਂਚ 'ਤੇ ਆਧਾਰਿਤ ਸਨ, ਪਰ ਮੌਜੂਦਾ ਸਥਿਤੀ ਅਤੇ ਸਬੂਤ ਬਿਲਕੁਲ ਵੱਖਰੇ ਹਨ। ਇੱਕ ਵਿਸ਼ੇਸ਼ ਇੰਟਰਵਿਊ ਵਿਚ ਕਮਿਸ਼ਨਰ ਡੁਹੇਮੇ ਨੇ ਕਿਹਾ ਕਿ ਭਾਵੇਂ ਡਰਾਉਣ-ਧਮਕਾਉਣ ਅਤੇ ਪ੍ਰੇਸ਼ਾਨ ਕਰਨ ਦੀਆਂ ਘਟਨਾਵਾਂ ਹੋ ਰਹੀਆਂ ਹਨ, ਪਰ ਇਨ੍ਹਾਂ ਦਾ ਸਬੰਧ ਕਿਸੇ ਵਿਦੇਸ਼ੀ ਸਰਕਾਰ ਨਾਲ ਹੋਣ ਦੇ ਸਬੂਤ ਪੁਲਿਸ ਕੋਲ ਨਹੀਂ ਹਨ।

ਸਰੀ, ਬਰੈਂਪਟਨ ਅਤੇ ਕੈਲਗਰੀ ਵਰਗੇ ਸ਼ਹਿਰਾਂ ਵਿਚ ਚੱਲ ਰਹੇ ਫਿਰੌਤੀ ਦੇ ਮਾਮਲਿਆਂ ਬਾਰੇ ਬੋਲਦਿਆਂ ਕਮਿਸ਼ਨਰ ਨੇ ਕਿਹਾ ਕਿ ਹਰ ਫਿਰੌਤੀ ਦੇ ਕੇਸ ਨੂੰ ਸਿੱਧੇ ਤੌਰ 'ਤੇ ਬਿਸ਼ਨੋਈ ਗੈਂਗ ਨਾਲ ਨਹੀਂ ਜੋੜਿਆ ਜਾ ਸਕਦਾ। ਕਈ ਮਾਮਲਿਆਂ ਵਿਚ ਲੋਕ ਸਿਰਫ਼ ਉਸ ਦੇ ਨਾਮ ਦੀ ਵਰਤੋਂ ਕਰ ਰਹੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਨ੍ਹਾਂ ਅਪਰਾਧਿਕ ਗਤੀਵਿਧੀਆਂ ਅਤੇ ਭਾਰਤ ਸਰਕਾਰ ਵਿਚਕਾਰ ਕੋਈ ਵੀ ਪੁਸ਼ਟ ਸਬੰਧ ਨਹੀਂ ਮਿਲਿਆ ਹੈ।

ਕਮਿਸ਼ਨਰ ਨੇ ਦੱਖਣੀ ਏਸ਼ੀਆਈ ਭਾਈਚਾਰੇ ਦੀ ਸੁਰੱਖਿਆ ਬਾਰੇ ਗੱਲ ਕਰਦਿਆਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਕਿਸੇ ਵੀ ਤਰ੍ਹਾਂ ਦੀ ਸ਼ੱਕੀ ਗਤੀਵਿਧੀ ਦੇਖਦੇ ਹਨ, ਤਾਂ ਤੁਰੰਤ ਰਿਪੋਰਟ ਕਰਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਘਟਨਾਵਾਂ ਦੀ ਰਿਪੋਰਟ ਨਹੀਂ ਕੀਤੀ ਜਾਂਦੀ, ਉਦੋਂ ਤੱਕ ਪੁਲਿਸ ਲਈ ਕਾਰਵਾਈ ਕਰਨਾ ਮੁਸ਼ਕਲ ਹੁੰਦਾ ਹੈ।

# ਟੋਰਾਂਟੋ ਪੁਲਿਸ ਸਰਵਿਸ ਦਾ ਅਫਸਰ ਗੰਭੀਰ ਦੋਸ਼ਾਂ ਕਾਰਨ ਗ੍ਰਿਫ਼ਤਾਰ



**ਓਨਟਾਰੀਓ, (ਪੰਜਾਬ ਮੇਲ)-** ਕੈਨੇਡਾ ਦੇ ਓਨਟਾਰੀਓ ਸੂਬੇ 'ਚ ਇੱਕ ਹੈਰਾਨੀਜਨਕ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਟੋਰਾਂਟੋ ਪੁਲਿਸ ਸਰਵਿਸ ਦੇ ਇੱਕ ਅਫਸਰ ਨੂੰ ਗੰਭੀਰ ਦੋਸ਼ਾਂ ਕਾਰਨ ਗ੍ਰਿਫ਼ਤਾਰ ਕੀਤਾ ਗਿਆ ਹੈ। ਰਿਪੋਰਟਾਂ ਮੁਤਾਬਕ 39 ਸਾਲਾ ਫਰਹਾਨ ਅਲੀ, ਜੋ ਮਾਰਖਮ ਦਾ ਰਹਿਣ ਵਾਲਾ ਹੈ, ਨੂੰ ਪੀਲ ਰੀਜਨਲ ਪੁਲਿਸ ਨੇ ਜਾਂਚ ਤੋਂ ਬਾਅਦ ਕਾਬੂ ਕੀਤਾ। ਪੁਲਿਸ ਦੇ ਅਨੁਸਾਰ ਉਸ 'ਤੇ ਤਿੰਨ ਗਿਣਤੀ ਸੈਕਸੂਅਲ ਅਸਾਲਟ, ਤਿੰਨ ਗਿਣਤੀ ਅਸਾਲਟ ਅਤੇ ਚਾਰ ਗਿਣਤੀ ਮਿਸ ਚੀਫ਼ ਦੇ ਦੋਸ਼ ਲਗਾਏ ਗਏ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਮਾਮਲਾ ਉਸਦੇ ਆਫ-ਡਿਊਟੀ ਸਮੇਂ ਨਾਲ ਜੁੜਿਆ ਹੋਇਆ ਹੈ। ਟੋਰਾਂਟੋ ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਮਾਮਲਾ ਅਦਾਲਤ ਵਿਚ ਹੋਣ ਕਰਕੇ ਕਾਨੂੰਨੀ ਪ੍ਰਕਿਰਿਆ ਮੁਤਾਬਕ ਉਸਨੂੰ ਤਨਖਾਹ ਸਮੇਤ ਸਸਪੈਂਡ ਕੀਤਾ ਗਿਆ ਹੈ ਅਤੇ ਫਿਲਹਾਲ ਉਹ ਡਿਊਟੀ 'ਤੇ ਨਹੀਂ ਰਹੇਗਾ। ਹੁਣ ਇਸ ਕੇਸ ਦੀ ਕਾਰਵਾਈ ਅਦਾਲਤ ਵਿਚ ਹੋਵੇਗੀ ਅਤੇ ਜਾਂਚ ਏਜੰਸੀਆਂ ਵੱਲੋਂ ਹੋਰ ਜਾਣਕਾਰੀ ਜਾਰੀ ਕੀਤੀ ਜਾ ਸਕਦੀ ਹੈ।

# ਕੈਨੇਡਾ ਵੱਲੋਂ 2026-2027 ਦੀ ਇਮੀਗ੍ਰੇਸ਼ਨ ਨੀਤੀ 'ਚ ਵੱਡੇ ਬਦਲਾਅ; ਇਮੀਗ੍ਰੇਸ਼ਨ ਕੋਟੇ 'ਚ ਭਾਰੀ ਕਟੌਤੀ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੀ ਮਾਰਕ ਕਾਰਨੀ ਸਰਕਾਰ ਨੇ ਆਪਣੀ 2026-2027 ਦੀ ਇਮੀਗ੍ਰੇਸ਼ਨ ਨੀਤੀ 'ਚ ਵੱਡੇ ਬਦਲਾਅ ਕੀਤੇ ਹਨ। ਨਵੀਂ ਯੋਜਨਾ ਤਹਿਤ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਵਿਦੇਸ਼ੀ ਕਾਮਿਆਂ ਦੀ ਗਿਣਤੀ ਵਿਚ ਵੱਡੀ ਕਟੌਤੀ ਕੀਤੀ ਜਾਵੇਗੀ। ਕੈਨੇਡਾ ਦੀ ਕਾਰਨੀ ਸਰਕਾਰ ਨੇ ਇਹ ਫ਼ੈਸਲਾ ਦੇਸ਼ ਦੀ ਆਰਥਿਕਤਾ ਨੂੰ ਸੰਤੁਲਿਤ ਕਰਨ ਅਤੇ ਬਾਹਰੀ ਨਿਰਭਰਤਾ ਦੇ ਦੋਸ਼ਾਂ ਨੂੰ ਹੱਲ ਕਰਨ ਲਈ ਕੀਤਾ ਹੈ।

ਕੈਨੇਡਾ ਦੀ ਇਸ ਨਵੀਂ ਯੋਜਨਾ ਦਾ ਮੁੱਖ ਉਦੇਸ਼ ਦੇਸ਼ ਵਿਚ ਕੌਮਾਂਤਰੀ ਵਰਕਰਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਨੂੰ ਘਟਾਉਣਾ ਹੈ। ਸਰਕਾਰ ਨੇ ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਵਿਭਾਗ (ਆਈ.ਆਰ.ਸੀ.ਸੀ.) ਰਾਹੀਂ 2026-27 ਲਈ ਇੱਕ ਨਵੀਂ ਇਮੀਗ੍ਰੇਸ਼ਨ ਰਣਨੀਤੀ ਜਾਰੀ ਕੀਤੀ ਹੈ। ਇਸ ਰਣਨੀਤੀ ਦੇ ਤਹਿਤ 2015 ਵਿਚ ਜਿੱਥੇ 6.73 ਅਸਥਾਈ ਨਿਵਾਸੀਆਂ ਨੂੰ ਇਜ਼ਾਜਤ ਦਿੱਤੀ ਗਈ ਸੀ, ਉੱਥੇ 2026 'ਚ ਇਹ ਗਿਣਤੀ ਘਟਾ ਕੇ ਲਗਭਗ 3.85 ਲੱਖ ਕਰ ਦਿੱਤੀ ਜਾਵੇਗੀ। ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਮੇਟਲੇਜ-ਡਿਆਬ ਨੇ ਹਾਊਸ ਆਫ ਕਾਮਨਜ਼ ਨੂੰ ਦੱਸਿਆ ਕਿ ਇਸ ਯੋਜਨਾ ਦਾ ਉਦੇਸ਼ ਇਮੀਗ੍ਰੇਸ਼ਨ ਪ੍ਰਣਾਲੀ 'ਤੇ ਨਿਯੰਤਰਣ ਬਹਾਲ ਕਰਨਾ ਅਤੇ ਇਸਨੂੰ ਇੱਕ ਟਿਕਾਊ ਪੱਧਰ 'ਤੇ ਵਾਪਸ ਲਿਆਉਣਾ ਹੈ।


Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA



Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ ਪੁਲਿਸ ਵੱਲੋਂ ਪੰਜਾਬੀ ਵਿਦਿਆਰਥੀ ਦੇ ਕਤਲ ਮਾਮਲੇ 'ਚ 18 ਸਾਲਾ ਨੌਜਵਾਨ ਗ੍ਰਿਫ਼ਤਾਰ



**ਅਲਬਰਟਾ, (ਪੰਜਾਬ ਮੇਲ)**- ਕੈਨੇਡਾ ਦੇ ਅਲਬਰਟਾ ਸੂਬੇ ਵਿਚ ਇੱਕ ਪੰਜਾਬੀ ਵਿਦਿਆਰਥੀ ਬੀਰਇੰਦਰ ਸਿੰਘ ਦੇ ਦਿਨ-ਦਿਹਾੜੇ ਹੋਏ ਕਤਲ ਦੇ ਮਾਮਲੇ ਵਿਚ ਪੁਲਿਸ ਨੇ ਇੱਕ 18 ਸਾਲਾ ਨੌਜਵਾਨ ਨੂੰ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਕਤਲ ਦੇ ਦੋਸ਼ ਆਇਦ ਕੀਤੇ ਹਨ। ਰਾਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਮੰਗਲਵਾਰ ਨੂੰ ਜਾਣਕਾਰੀ ਦਿੱਤੀ ਕਿ ਮੁਲਜ਼ਮ ਦੀ ਪਛਾਣ ਜਿਮੀ ਗੈਸਨਰ ਵਜੋਂ ਹੋਈ ਹੈ, ਜੋ ਲੌਇਡਮਿੰਸਟਰ ਦਾ ਰਹਿਣ ਵਾਲਾ ਹੈ।

ਜ਼ਿਕਰਯੋਗ ਹੈ ਕਿ 14 ਮਾਰਚ ਨੂੰ ਦੁਪਹਿਰ 3 ਵਜੇ ਦੇ ਕਰੀਬ ਐਡਮਿੰਟਨ ਦੇ ਦੱਖਣ ਵਿਚ ਸਥਿਤ ਲੇਡੁਕ ਨੇੜੇ ਹਾਈਵੇਅ 2, ਜਦੋਂ ਬੀਰਇੰਦਰ ਸਿੰਘ ਆਪਣੇ ਦੋ ਦੋਸਤਾਂ ਨਾਲ ਹੌਂਡਾ ਸਿਵਿਕ ਕਾਰ 'ਚ ਜਾ ਰਿਹਾ ਸੀ ਕਿ ਇੱਕ ਸਲੇਟੀ ਰੰਗ ਦੇ ਪਿਕਅੱਪ ਟਰੱਕ ਨੇ ਉਨ੍ਹਾਂ ਦੀ ਕਾਰ ਦੇ ਨੇੜੇ ਆ ਕੇ ਗੋਲੀਆਂ ਚਲਾ ਦਿੱਤੀਆਂ। ਗੋਲੀ ਲੱਗਣ ਕਾਰਨ ਗੰਭੀਰ ਜ਼ਖ਼ਮੀ ਹੋਏ ਬੀਰਇੰਦਰ ਸਿੰਘ ਨੇ ਦਮ ਤੋੜ ਦਿੱਤਾ।

ਪੁਲਿਸ ਨੇ ਮੁਲਜ਼ਮ ਜਿਮੀ ਗੈਸਨਰ ਨੂੰ ਸ਼ਨੀਵਾਰ ਨੂੰ ਸਸਕੈਚਵਨ ਦੇ ਕੈਨੋ ਲੇਕ ਦੇ ਨੇੜਿਓਂ ਗ੍ਰਿਫ਼ਤਾਰ ਕਰ ਲਿਆ ਹੈ ਤੇ ਉਸ ਨੂੰ ਹੁਣ ਵਾਪਸ ਅਲਬਰਟਾ ਲਿਆਂਦਾ ਜਾ ਰਿਹਾ ਹੈ, ਜਿੱਥੇ ਉਸ ਨੂੰ ਲੇਡੁਕ ਕੋਰਟ ਆਫ਼ ਜਸਟਿਸ ਵਿਚ ਪੇਸ਼ ਕੀਤਾ ਜਾਵੇਗਾ। ਪੁਲਿਸ ਅਨੁਸਾਰ ਮੁਲਜ਼ਮ 'ਤੇ ਦੂਜੇ ਦਰਜੇ ਦੇ ਕਤਲ ਦਾ ਮਾਮਲਾ ਦਰਜ ਕੀਤਾ ਗਿਆ ਹੈ।

ਬੀਰਇੰਦਰ ਸਿੰਘ, ਜੋ ਤਿੰਨ ਸਾਲ ਪਹਿਲਾਂ ਕੈਨੇਡਾ ਆਇਆ ਸੀ, ਇੱਕ ਅੰਮ੍ਰਿਤਧਾਰੀ ਸਿੱਖ ਸੀ। ਇਸ ਘਟਨਾ ਦੇ ਹਾਲਾਤਾਂ ਨੂੰ ਦੇਖਦੇ ਹੋਏ ਸਿੱਖ ਜਥੇਬੰਦੀਆਂ ਨੇ ਪੁਲਿਸ ਨੂੰ ਇਸ ਮਾਮਲੇ ਦੀ 'ਨਫ਼ਰਤ ਤੋਂ ਪ੍ਰੇਰਿਤ ਅਪਰਾਧ' ਵਜੋਂ ਜਾਂਚ ਕਰਨ ਦੀ ਅਪੀਲ ਕੀਤੀ ਹੈ। ਹਾਲਾਂਕਿ, ਆਰ.ਸੀ.ਐੱਮ.ਪੀ. ਦੇ ਬੁਲਾਰੇ ਨੇ ਕਿਹਾ ਹੈ ਕਿ ਅਜੇ ਤੱਕ ਕਤਲ ਦਾ ਮਕਸਦ ਸਪੱਸ਼ਟ ਨਹੀਂ ਹੋਇਆ ਹੈ ਅਤੇ ਜਾਂਚ ਅਜੇ ਵੀ ਜਾਰੀ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਉਹ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਦੇ ਹਨ, ਪਰ ਜਾਂਚ ਦੀ ਨਿੱਜਤਾ ਬਣਾਈ ਰੱਖਣ ਲਈ ਅਜੇ ਜ਼ਿਆਦਾ ਜਾਣਕਾਰੀ ਸਾਂਝੀ ਨਹੀਂ ਕੀਤੀ ਜਾ ਸਕਦੀ।

# ਫਿਨਲੈਂਡ ਲਗਾਤਾਰ ੯ਵੀਂ ਵਾਰ ਦੁਨੀਆਂ ਦਾ ਸਭ ਤੋਂ ਖੁਸ਼ਹਾਲ ਦੇਸ਼



**ਹੈਲਸਿੰਕੀ, (ਪੰਜਾਬ ਮੇਲ)**- ਵੀਰਵਾਰ ਨੂੰ ਜਾਰੀ ਕੀਤੀ ਗਈ ਵਰਲਡ ਹੈਪੀਨੈੱਸ ਰਿਪੋਰਟ 2026 'ਚ ਫਿਨਲੈਂਡ ਨੇ ਇੱਕ ਵਾਰ ਫਿਰ ਬਾਜ਼ੀ ਮਾਰਦਿਆਂ ਲਗਾਤਾਰ ਨੌਵੇਂ ਸਾਲ ਦੁਨੀਆਂ ਦੇ ਸਭ ਤੋਂ ਖੁਸ਼ਹਾਲ ਦੇਸ਼ ਦਾ ਖਿਤਾਬ ਹਾਸਲ ਕੀਤਾ ਹੈ। ਆਕਸਫੋਰਡ ਯੂਨੀਵਰਸਿਟੀ ਦੇ 'ਵੈਲਬੀਇੰਗ ਰਿਸਰਚ ਸੈਂਟਰ' ਵੱਲੋਂ ਤਿਆਰ ਕੀਤੀ ਇਸ ਸਾਲਾਨਾ ਰਿਪੋਰਟ ਵਿਚ ਆਈਸਲੈਂਡ, ਡੈਨਮਾਰਕ, ਸਵੀਡਨ ਅਤੇ ਨਾਰਵੇ ਵਰਗੇ ਨੌਰਡਿਕ ਦੇਸ਼ ਵੀ ਚੋਟੀ ਦੇ 10 ਸਥਾਨਾਂ ਵਿਚ ਸ਼ਾਮਲ ਹਨ। ਰਿਪੋਰਟ ਮੁਤਾਬਕ ਇਨ੍ਹਾਂ ਦੇਸ਼ਾਂ ਵਿਚ ਸਮਾਜਿਕ ਸੁਰੱਖਿਆ ਅਤੇ ਜੀਵਨ ਪੱਧਰ ਬਿਹਤਰ ਹੋਣ ਕਾਰਨ ਲੋਕ ਵਧੇਰੇ ਸੰਤੁਸ਼ਟ ਹਨ।

ਹਾਲਾਂਕਿ, ਇਸ ਰਿਪੋਰਟ ਵਿਚ ਨੌਜਵਾਨਾਂ ਦੀ ਮਾਨਸਿਕ ਸਥਿਤੀ ਨੂੰ ਲੈ ਕੇ ਗੰਭੀਰ ਚਿੰਤਾ ਪ੍ਰਗਟਾਈ ਗਈ ਹੈ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਅਮਰੀਕਾ, ਕੈਨੇਡਾ,

## ■ ਸੋਸ਼ਲ ਮੀਡੀਆ ਦੀ ਵਧਦੀ ਵਰਤੋਂ ਕਾਰਨ ਨੌਜਵਾਨਾਂ ਦੀ ਮਾਨਸਿਕ ਸਿਹਤ 'ਚ ਗਿਰਾਵਟ

ਆਸਟ੍ਰੇਲੀਆ ਅਤੇ ਪੱਛਮੀ ਯੂਰਪ ਦੇ ਦੇਸ਼ਾਂ ਵਿਚ 25 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਦੀ ਖੁਸ਼ਹਾਲੀ ਵਿਚ ਭਾਰੀ ਗਿਰਾਵਟ ਆਈ ਹੈ। ਇਸ ਦਾ ਮੁੱਖ ਕਾਰਨ ਸੋਸ਼ਲ ਮੀਡੀਆ 'ਤੇ ਬਿਤਾਇਆ ਜਾਣ ਵਾਲਾ ਲੰਬਾ ਸਮਾਂ ਮੰਨਿਆ ਜਾ ਰਿਹਾ ਹੈ।

ਮਾਹਿਰਾਂ ਅਨੁਸਾਰ, ਸੋਸ਼ਲ ਮੀਡੀਆ ਦੀ ਬਹੁਤ ਜ਼ਿਆਦਾ ਵਰਤੋਂ ਖਾਸ ਕਰਕੇ ਕਿਸ਼ੋਰ ਕੁੜੀਆਂ ਦੀ ਮਾਨਸਿਕ ਸਿਹਤ 'ਤੇ ਮਾਰੂ ਅਸਰ ਪਾ ਰਹੀ ਹੈ, ਜਿਸ ਕਾਰਨ ਪਿਛਲੇ ਇੱਕ ਦਹਾਕੇ ਵਿਚ ਉਨ੍ਹਾਂ ਦੇ ਜੀਵਨ ਦੇ ਮੁਲਾਂਕਣ ਵਿਚ ਨਿਰਾਸ਼ਾ ਦੇਖਣ ਨੂੰ ਮਿਲੀ ਹੈ।

# ਕੋਲੰਬੀਆ 'ਚ ਫੌਜੀ ਜਹਾਜ਼ ਹੋਇਆ ਕ੍ਰੈਸ਼; 66 ਫ਼ੌਜੀ ਜਵਾਨਾਂ ਦੀ ਹੋਈ ਮੌਤ

**ਕੋਲੰਬੀਆ, (ਪੰਜਾਬ ਮੇਲ)**- ਸੋਮਵਾਰ ਨੂੰ ਦੱਖਣੀ ਅਮਰੀਕਾ ਦੇ ਕੋਲੰਬੀਆ ਦੇ ਪੁਤੁਮਾਯੋ ਇਲਾਕੇ ਇਕ ਫ਼ੌਜੀ ਜਹਾਜ਼ ਭਿਆਨਕ ਹਾਦਸੇ ਦਾ ਸ਼ਿਕਾਰ ਹੋ ਕੇ ਕ੍ਰੈਸ਼ ਹੋ ਗਿਆ ਸੀ, ਜਿਸ ਮਗਰੋਂ ਹੁਣ ਤੱਕ ਹਾਦਸੇ 'ਚ ਮਰਨ ਵਾਲਿਆਂ ਦੀ ਗਿਣਤੀ 66 ਤੱਕ ਪਹੁੰਚ ਗਈ ਹੈ।

ਮਿਲੀ ਜਾਣਕਾਰੀ ਅਨੁਸਾਰ ਇਹ ਹਾਦਸਾ ਉਸ ਵੇਲੇ ਵਾਪਰਿਆ, ਜਦੋਂ ਕੋਲੰਬੀਆਈ ਹਵਾਈ ਫ਼ੌਜ ਦਾ ਇੱਕ ਸੀ-130 ਹਰਕੂਲਸ ਟ੍ਰਾਂਸਪੋਰਟ ਜਹਾਜ਼ ਟੇਕਆਫ਼ ਕਰਨ ਦੇ ਕੁਝ ਦੇਰ ਬਾਅਦ ਹੀ ਕ੍ਰੈਸ਼ ਹੋ ਗਿਆ। ਇਸ ਜਹਾਜ਼ ਨੇ ਪੇਰੂ ਦੀ ਸਰਹੱਦ ਨੇੜੇ ਸਥਿਤ ਪੋਰਟੋ ਲੇਗੁਈਜ਼ਾਮੋ ਤੋਂ ਟੇਕਆਫ਼ ਕੀਤਾ ਸੀ ਤੇ ਸਿਰਫ਼ 1.5 ਕਿਲੋਮੀਟਰ ਬਾਅਦ ਹੀ ਜਹਾਜ਼ ਦਾ ਸੰਤੁਲਨ ਵਿਗੜ ਗਿਆ। ਜਹਾਜ਼ ਦਾ ਇੱਕ ਵਿੰਗ ਦਰੱਖਤ ਨਾਲ ਟਕਰਾ ਗਿਆ ਤੇ ਉਹ ਜੰਗਲ ਵਿਚ ਜਾ ਡਿੱਗਿਆ। ਜਹਾਜ਼ ਵਿਚ ਫ਼ੌਜੀ ਜਵਾਨਾਂ ਦੇ ਨਾਲ-ਨਾਲ ਭਾਰੀ ਮਾਤਰਾ ਵਿਚ ਗੋਲਾ-ਬਾਰੂਦ ਅਤੇ



ਵਿਸਫੋਟਕ ਵੀ ਲਿਜਾਇਆ ਜਾ ਰਿਹਾ ਸੀ। ਹਾਦਸੇ ਤੋਂ ਬਾਅਦ ਜਹਾਜ਼ ਨੂੰ ਲੱਗੀ ਅੱਗ ਕਾਰਨ ਇਹ ਧਮਾਕੇ ਹੋਏ, ਜਿਸ ਨਾਲ ਬਚਾਅ ਕਾਰਜਾਂ ਵਿਚ ਭਾਰੀ ਮੁਸ਼ਕਲ ਆਈ।

ਜਹਾਜ਼ ਵਿਚ ਕੁੱਲ 125 ਲੋਕ ਸਵਾਰ ਸਨ, ਜਿਨ੍ਹਾਂ ਵਿਚ 114 ਫ਼ੌਜੀ ਜਵਾਨ ਅਤੇ 11 ਕਰੂ ਮੈਂਬਰ ਸ਼ਾਮਲ ਸਨ। ਇਸ ਹਾਦਸੇ 'ਚ ਹੁਣ ਤੱਕ ਘੱਟੋ-ਘੱਟ 66 ਲੋਕਾਂ ਦੀ ਮੌਤ ਹੋ ਗਈ ਹੈ, ਜਦਕਿ 50 ਤੋਂ ਵੱਧ ਲੋਕ ਜ਼ਖ਼ਮੀ ਹੋਏ ਹਨ, ਜਿਨ੍ਹਾਂ 'ਚੋਂ ਕਈਆਂ ਦੀ ਹਾਲਤ ਅਤਿ ਗੰਭੀਰ ਦੱਸੀ ਜਾ ਰਹੀ ਹੈ। ਸਥਾਨਕ ਲੋਕਾਂ ਨੇ ਸਭ ਤੋਂ ਪਹਿਲਾਂ ਮੌਕੇ 'ਤੇ ਪਹੁੰਚ ਕੇ ਜ਼ਖ਼ਮੀਆਂ ਨੂੰ ਮੋਟਰਸਾਈਕਲਾਂ ਰਾਹੀਂ ਨੇੜਲੀਆਂ ਕਲੀਨਿਕਾਂ ਤੱਕ ਪਹੁੰਚਾਇਆ। ਬਾਅਦ ਵਿਚ ਫ਼ੌਜੀ ਹੈਲੀਕਾਪਟਰਾਂ ਰਾਹੀਂ ਗੰਭੀਰ ਜ਼ਖ਼ਮੀਆਂ ਨੂੰ ਰਾਜਧਾਨੀ ਬੋਗੋਟਾ ਭੇਜਿਆ ਗਿਆ, ਜਿੱਥੇ ਉਨ੍ਹਾਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇਸ ਹਾਦਸੇ 'ਤੇ ਕੋਲੰਬੀਆ ਦੇ ਰਾਸ਼ਟਰਪਤੀ ਗੁਸਤਾਵੋ ਪੇਤਰੋ ਨੇ ਡੂੰਘਾ ਦੁੱਖ ਜਤਾਇਆ ਹੈ।

ਹਰਕੂਲਸ ਸੀ-130 ਜਹਾਜ਼ ਭਾਵੇਂ ਦੁਨੀਆਂ ਭਰ ਵਿਚ ਭਰੋਸੇਮੰਦ ਮੰਨੇ ਜਾਂਦੇ ਹਨ, ਪਰ ਪੁਰਾਣੇ ਮਾਡਲਾਂ ਦੀ ਮੇਨਟੇਨੈਂਸ ਅਤੇ ਖ਼ਰਾਬ ਮੌਸਮ ਅਕਸਰ ਅਜਿਹੇ ਹਾਦਸਿਆਂ ਦਾ ਕਾਰਨ ਬਣਦੇ ਹਨ। ਫਿਲਹਾਲ ਜਾਂਚ ਟੀਮਾਂ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਵਿਚ ਜੁਟੀਆਂ ਹੋਈਆਂ ਹਨ, ਪਰ ਫ਼ੌਜੀ ਜਵਾਨਾਂ ਦੇ ਵੱਡੇ ਪੱਧਰ 'ਤੇ ਹੋਏ ਇਸ ਜਾਨੀ ਨੁਕਸਾਨ ਕਾਰਨ ਪੂਰੀ ਦੁਨੀਆਂ 'ਚ ਸੋਗ ਦੀ ਲਹਿਰ ਦੌੜ ਗਈ ਹੈ।

# ਭਾਰਤ ਦਾ ਮੋਸਟ ਵਾਂਟੇਡ ਡਰੱਗ ਮਾਫੀਆ ਜਸਵਿੰਦਰ ਉਰਫ 'ਜੈਜ਼' ਦੁਬਈ 'ਚ ਗ੍ਰਿਫ਼ਤਾਰ

**ਆਬੂ ਧਾਬੀ, (ਪੰਜਾਬ ਮੇਲ)**- ਭਾਰਤ ਦੀਆਂ ਸੁਰੱਖਿਆ ਏਜੰਸੀਆਂ ਨੂੰ ਇੱਕ ਵੱਡੀ ਸਫਲਤਾ ਮਿਲੀ ਹੈ। ਭਾਰਤ ਦੇ ਸਭ ਤੋਂ ਵੱਡੇ ਡਰੱਗ ਸਿੰਡੀਕੇਟ ਦੇ ਮਾਸਟਰਮਾਈਂਡ ਜਸਵਿੰਦਰ ਉਰਫ਼ 'ਜੈਜ਼' ਨੂੰ ਦੁਬਈ 'ਚ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਭਾਰਤੀ ਏਜੰਸੀਆਂ ਵੱਲੋਂ ਦਿੱਤੇ ਗਏ ਇਨਪੁਟਸ ਦੇ ਆਧਾਰ 'ਤੇ ਇੰਟਰਪੋਲ ਨੇ ਕਾਰਵਾਈ ਕਰਦੇ ਹੋਏ ਇਸ ਮੋਸਟ ਵਾਂਟੇਡ ਅਪਰਾਧੀ ਨੂੰ ਦਬੋਚ ਲਿਆ ਹੈ।

ਜਸਵਿੰਦਰ ਮੂਲ ਰੂਪ 'ਚ ਪੰਜਾਬ ਦਾ ਰਹਿਣ ਵਾਲਾ ਹੈ, ਪਰ ਉਸ ਕੋਲ ਬ੍ਰਿਟਿਸ਼ ਨਾਗਰਿਕਤਾ ਹੈ। ਉਹ ਲੰਬੇ ਸਮੇਂ ਤੋਂ ਭਾਰਤ ਦੇ ਸਭ ਤੋਂ ਵੱਡੇ ਡਰੱਗ ਨੈੱਟਵਰਕ ਨੂੰ ਚਲਾ ਰਿਹਾ ਸੀ। ਨਾਰਕੋਟਿਕਸ ਕੰਟਰੋਲ ਬਿਊਰੋ (ਐੱਨ.ਸੀ.ਬੀ.) ਨੇ ਉਸ ਦੇ ਖਿਲਾਫ ਪਹਿਲਾਂ ਹੀ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਹੋਇਆ ਸੀ। ਸੁਰੱਖਿਆ ਏਜੰਸੀਆਂ ਕਾਫੀ ਸਮੇਂ ਤੋਂ ਉਸ ਦੀ ਭਾਲ ਵਿਚ ਸਨ, ਪਰ ਉਹ ਹਰ ਵਾਰ ਚਕਮਾ ਦੇ ਕੇ ਫਰਾਰ ਹੋ ਜਾਂਦਾ ਸੀ।

ਜੈਜ਼ ਨੂੰ ਤਿੰਨ ਦਿਨ ਪਹਿਲਾਂ ਦੁਬਈ ਹਵਾਈ ਅੱਡੇ ਤੋਂ ਨਿਕਲਦੇ ਸਮੇਂ ਹਿਰਾਸਤ ਵਿਚ ਲਿਆ ਗਿਆ ਸੀ। ਇਸ ਸਮੇਂ ਉਹ ਤਿੰਨ ਦਿਨਾਂ ਦੀ ਪੁਲਿਸ ਹਿਰਾਸਤ ਵਿਚ ਹੈ। ਹੁਣ ਭਾਰਤੀ ਏਜੰਸੀਆਂ ਉਸ ਨੂੰ ਭਾਰਤ ਲਿਆਉਣ ਦੀ ਤਿਆਰੀ ਕਰ ਰਹੀਆਂ ਹਨ। ਸੂਤਰਾਂ ਅਨੁਸਾਰ ਜੈਜ਼ ਤੋਂ ਪੁੱਛਗਿੱਛ ਦੌਰਾਨ ਡਰੱਗ ਤਸਕਰੀ ਦੇ ਇੱਕ ਬਹੁਤ ਵੱਡੇ ਨੈੱਟਵਰਕ ਦਾ ਖੁਲਾਸਾ ਹੋਣ ਦੀ ਉਮੀਦ ਹੈ।

ਸੂਤਰਾਂ ਦੇ ਹਵਾਲੇ ਨਾਲ ਇਹ ਚਰਚਾ ਵੀ ਹੈ ਕਿ ਜਸਵਿੰਦਰ ਕਥਿਤ ਤੌਰ 'ਤੇ ਅਮਰੀਕੀ ਖੁਫੀਆ ਏਜੰਸੀ ਸੀ.ਆਈ.ਏ. ਲਈ ਵੀ ਕੰਮ ਕਰਦਾ ਸੀ, ਹਾਲਾਂਕਿ ਅਜੇ ਤੱਕ ਇਸ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋਈ ਹੈ। ਭਾਰਤ ਲਿਆਉਣ ਤੋਂ ਬਾਅਦ ਪੁੱਛਗਿੱਛ ਦੌਰਾਨ ਹੀ ਇਸ ਗੱਲ ਦਾ ਸਪੱਸ਼ਟ ਪਤਾ ਲੱਗ ਸਕੇਗਾ।

# ਪਾਕਿਸਤਾਨ ਦੁਨੀਆਂ ਦਾ ਸਭ ਤੋਂ ਪ੍ਰਦੂਸ਼ਿਤ ਦੇਸ਼ ਕਰਾਰ

**ਸਿੰਗਾਪੁਰ, (ਪੰਜਾਬ ਮੇਲ)**- ਪਾਕਿਸਤਾਨ ਨੂੰ 2025 ਵਿਚ ਸੰਸਾਰ ਦਾ ਸਭ ਤੋਂ ਵੱਧ ਪ੍ਰਦੂਸ਼ਿਤ ਦੇਸ਼ ਕਰਾਰ ਦਿੱਤਾ ਗਿਆ ਹੈ। ਇੱਥੇ ਪੀ.ਐੱਮ. 2.5 ਦੇ ਨੁਕਸਾਨਦੇਹ ਕਣਾਂ ਦੀ ਮਾਤਰਾ ਵਿਸ਼ਵ ਸਿਹਤ ਸੰਸਥਾ (ਡਬਲਯੂ.ਐੱਚ.ਓ.) ਦੇ ਤੈਅ ਮਾਪਦੰਡਾਂ ਨਾਲੋਂ 13 ਗੁਣਾ ਜ਼ਿਆਦਾ ਦਰਜ ਕੀਤੀ ਗਈ ਹੈ।

ਸਵਿਸ ਏਅਰ ਕੁਆਲਿਟੀ ਮੌਨੀਟਰਿੰਗ ਫਰਮ ਆਈਕਿਊ ਏਅਰ ਨੇ ਆਪਣੀ ਸਾਲਾਨਾ ਰਿਪੋਰਟ ਵਿਚ ਦੱਸਿਆ ਹੈ ਕਿ ਪਿਛਲੇ ਸਾਲ ਸਿਰਫ਼ 13 ਦੇਸ਼ ਅਤੇ ਖੇਤਰ ਹੀ ਡਬਲਯੂ.ਐੱਚ.ਓ. ਦੇ ਮਿਆਰ (5 ਮਾਈਕ੍ਰੋਗ੍ਰਾਮ ਪ੍ਰਤੀ ਘਣ ਮੀਟਰ ਤੋਂ ਘੱਟ) ਨੂੰ ਪੂਰਾ ਕਰ ਸਕੇ ਹਨ, ਜੋ ਕਿ 2024 ਵਿਚ ਸਿਰਫ਼ ਸੱਤ ਸਨ।

ਰਿਪੋਰਟ ਮੁਤਾਬਕ ਨਿਗਰਾਨੀ ਹੇਠਲੇ ਕੁੱਲ 143 ਗਏ ਮੁਲਕਾਂ ਅਤੇ ਖੇਤਰਾਂ ਵਿਚੋਂ 130 ਦੇਸ਼ ਡਬਲਯੂ.ਐੱਚ.ਓ. ਦੇ ਦਿਸ਼ਾ-ਨਿਰਦੇਸ਼ਾਂ 'ਤੇ ਖਰੇ ਨਹੀਂ ਉਤਰੇ। ਸਭ ਤੋਂ ਪ੍ਰਦੂਸ਼ਿਤ ਦੇਸ਼ਾਂ ਦੀ ਸੂਚੀ ਵਿਚ ਬੰਗਲਾਦੇਸ਼ ਦੂਜੇ ਅਤੇ ਤਜਾਕਿਸਤਾਨ ਤੀਜੇ ਨੰਬਰ 'ਤੇ ਰਿਹਾ। ਚਾਡ ਜੋ 2024 ਵਿਚ ਸਭ ਤੋਂ ਪ੍ਰਦੂਸ਼ਿਤ ਦੇਸ਼ ਸੀ, 2025 ਵਿਚ ਚੌਥੇ ਨੰਬਰ 'ਤੇ ਆ ਗਿਆ; ਹਾਲਾਂਕਿ ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸੁਧਾਰ ਪ੍ਰਦੂਸ਼ਣ ਘਟਣ ਕਾਰਨ ਨਹੀਂ, ਸਗੋਂ ਡੇਟਾ ਦੀ ਘਾਟ ਕਾਰਨ ਹੋ ਸਕਦਾ ਹੈ। ਪਿਛਲੇ ਮਾਰਚ ਵਿਚ ਅਮਰੀਕਾ ਨੇ ਬਜਟ ਦੀ ਘਾਟ ਦਾ ਹਵਾਲਾ ਦਿੰਦਿਆਂ ਹੋਏ ਆਪਣੇ ਦੂਤਘਰਾਂ ਤੋਂ ਇਕੱਤਰ ਕੀਤੇ ਜਾਣ



ਵਾਲੇ ਵਿਸ਼ਵਵਿਆਪੀ ਪ੍ਰਦੂਸ਼ਣ ਡੇਟਾ ਪ੍ਰੋਗਰਾਮ ਨੂੰ ਬੰਦ ਕਰ ਦਿੱਤਾ ਸੀ। ਰਿਪੋਰਟ ਦੀ ਮੁੱਖ ਲੇਖਕਾ ਕ੍ਰਿਸਟੀ ਚੈਸਟਰ ਸ਼ਰੋਡਰ ਨੇ ਕਿਹਾ ਕਿ ਮਾਰਚ ਵਿਚ ਡੇਟਾ ਗੁੰਮ ਹੋਣ ਕਾਰਨ ਅਜਿਹਾ ਲੱਗਿਆ ਕਿ ਚਾਡ ਵਿਚ ਪ੍ਰਦੂਸ਼ਣ ਘਟਿਆ ਹੈ, ਪਰ ਅਸਲ ਵਿਚ ਸੱਚਾਈ ਦਾ ਪਤਾ ਨਹੀਂ ਲਗਾਇਆ ਜਾ ਸਕਦਾ।

## ਭਾਰਤ 6ਵਾਂ ਸਭ ਤੋਂ ਪ੍ਰਦੂਸ਼ਿਤ ਦੇਸ਼

ਨਵੀਂ ਦਿੱਲੀ: ਵਰਲਡ ਏਅਰ ਕੁਆਲਿਟੀ ਰਿਪੋਰਟ 2025 ਅਨੁਸਾਰ, ਹਵਾ ਪ੍ਰਦੂਸ਼ਣ (ਪੀ.ਐੱਮ. 2.5) ਦੇ ਮਾਮਲੇ 'ਚ ਭਾਰਤ ਦੁਨੀਆਂ ਦਾ ਛੇਵਾਂ ਸਭ ਤੋਂ ਪ੍ਰਦੂਸ਼ਿਤ ਦੇਸ਼ ਮੰਨਿਆ ਗਿਆ ਹੈ। ਉੱਤਰ ਪ੍ਰਦੇਸ਼ ਦਾ ਲੋਨੀ ਕਸਬਾ ਪੂਰੀ ਦੁਨੀਆਂ ਵਿਚ ਸਭ ਤੋਂ ਪ੍ਰਦੂਸ਼ਿਤ ਰਿਹਾ ਹੈ, ਦਿੱਲੀ ਚੌਥੇ ਨੰਬਰ 'ਤੇ ਹੈ। ਯੂ.ਪੀ. ਦੇ ਗਾਜ਼ੀਆਬਾਦ ਜ਼ਿਲ੍ਹੇ ਵਿਚ ਪੈਂਦਾ ਕਸਬਾ ਲੋਨੀ ਦਿੱਲੀ ਦੀ ਹੱਦ ਨਾਲ ਲੱਗਦਾ ਹੈ ਤੇ ਦਿੱਲੀ ਐੱਨ.ਸੀ.ਆਰ. ਦਾ ਹਿੱਸਾ ਹੈ।

RESIDENTIAL, COMMERCIAL AND SOLAR FARMS
with Singhsloar High performance Bifacial Smart Panels
ਅਮਰੀਕਾ ਦੇ ਕਿਸੇ ਵੀ ਹਿੱਸੇ ਆਪਣੇ ਘਰ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ


ਬਿਜਲੀ ਦੇ ਬਿੱਲ ਤੋਂ ਹਮੇਸ਼ਾ ਲਈ ਛੁਟਕਾਰਾ
ਸਿਰਫ਼ ਇਕ ਕਾਲ - ਵੱਡੀ ਬੱਚਤ
510-706-1300
singhsolarusa@gmail.com

# ਮੱਧ ਪੂਰਬ ਤਣਾਅ : ਟਰੰਪ ਵੱਲੋਂ 5 ਦਿਨਾਂ ਲਈ ਜੰਗ ਮੁਲਤਵੀ !

**ਵਾਸ਼ਿੰਗਟਨ, (ਪੰਜਾਬ ਮੇਲ)-** ਪਿਛਲੇ ਕਰੀਬ 3 ਹਫ਼ਤਿਆਂ ਤੋਂ ਮਿਡਲ ਈਸਟ 'ਚ ਛਿੜੀ ਭਿਆਨਕ ਜੰਗ ਦੌਰਾਨ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਹੈ ਕਿ ਅਮਰੀਕਾ ਅਤੇ ਇਰਾਨ ਵਿਚਾਲੇ ਜਾਰੀ ਜੰਗ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਬਹੁਤ ਹੀ ਚੰਗੇ ਤਰੀਕੇ ਦੀ ਗੱਲਬਾਤ ਸ਼ੁਰੂ ਹੋ ਗਈ ਹੈ।

ਰਾਸ਼ਟਰਪਤੀ ਟਰੰਪ ਨੇ ਸੋਸ਼ਲ ਮੀਡੀਆ ਰਾਹੀਂ ਜਾਣਕਾਰੀ ਦਿੱਤੀ ਕਿ ਪਿਛਲੇ 2 ਦਿਨਾਂ ਤੋਂ ਦੋਵਾਂ ਦੇਸ਼ਾਂ ਵਿਚਾਲੇ ਗੱਲਬਾਤ ਚੱਲ ਰਹੀ ਹੈ। ਇਸ ਗੱਲਬਾਤ ਦੇ ਹਾਂ-ਪੱਖੀ ਰੁਝਾਨ ਨੂੰ ਦੇਖਦਿਆਂ ਟਰੰਪ ਨੇ ਅਮਰੀਕੀ ਰੱਖਿਆ ਵਿਭਾਗ ਨੂੰ ਹਦਾਇਤ ਦਿੱਤੀ ਹੈ ਕਿ ਇਰਾਨ ਦੇ ਪਾਵਰ ਪਲਾਂਟਾਂ 'ਤੇ ਕੀਤੇ ਜਾਣ ਵਾਲੇ ਸਾਰੇ ਫੌਜੀ ਹਮਲਿਆਂ ਨੂੰ 5 ਦਿਨਾਂ ਲਈ ਮੁਲਤਵੀ ਕਰ ਦਿੱਤਾ ਜਾਵੇ। ਟਰੰਪ ਨੇ ਕਿਹਾ ਕਿ ਇਹ ਗੱਲਬਾਤ ਪੂਰੇ ਹਫ਼ਤੇ ਜਾਰੀ ਰਹੇਗੀ ਅਤੇ ਉਨ੍ਹਾਂ ਨੂੰ ਉਮੀਦ ਹੈ ਕਿ ਇਸ ਨਾਲ ਦੁਸ਼ਮਣੀ ਦਾ ਪੱਕਾ ਹੱਲ ਨਿਕਲ ਸਕਦਾ ਹੈ। ਟਰੰਪ ਦੇ ਇਸ ਫੈਸਲੇ ਨਾਲ ਕੌਮਾਂਤਰੀ ਬਾਜ਼ਾਰ ਵਿਚ ਕੱਚੇ ਤੇਲ ਦੀਆਂ ਵਧ ਰਹੀਆਂ ਕੀਮਤਾਂ ਨੂੰ ਠੱਲ੍ਹ ਪੈਣ ਦੀ ਉਮੀਦ ਹੈ ਅਤੇ ਦੁਨੀਆਂ ਭਰ ਨੇ ਇਸ ਦਾ ਸਵਾਗਤ ਕੀਤਾ ਹੈ।

ਜ਼ਿਕਰਯੋਗ ਹੈ ਕਿ ਇਰਾਨ ਵੱਲੋਂ ਹੋਰਮੁਜ਼ ਖਾੜੀ ਨੂੰ ਬੰਦ ਕੀਤੇ ਜਾਣ ਮਗਰੋਂ ਟਰੰਪ ਨੇ ਇਰਾਨ ਨੂੰ ਇਸ ਰਸਤੇ ਨੂੰ ਮੁੜ ਖੋਲ੍ਹਣ ਲਈ 48 ਘੰਟੇ ਦਾ ਅਲਟੀਮੇਟਮ ਦਿੱਤਾ ਸੀ ਤੇ ਕਿਹਾ ਕਿ ਜੇਕਰ ਇਰਾਨ ਨੇ ਹਾਰਮੁਜ਼ ਰਸਤਾ ਨਾ ਖੋਲ੍ਹਿਆ ਤਾਂ ਅਮਰੀਕਾ ਇਰਾਨ ਦੇ ਪਾਵਰ ਪਲਾਂਟਾਂ ਨੂੰ ਉਡਾ ਦੇਵੇਗਾ। ਅਜਿਹੀ ਸਥਿਤੀ 'ਚ ਪਾਵਰ ਪਲਾਂਟਾਂ 'ਤੇ ਹਮਲਾ ਨਾ ਕਰਨਾ ਕਿਤੇ ਨਾ ਕਿਤੇ ਦੁਨੀਆਂ ਭਰ ਲਈ ਰਾਹਤ ਦੀ ਗੱਲ ਹੈ। ਹੁਣ ਦੇਖਣਾ ਹੋਵੇਗਾ ਕਿ ਦੋਵਾਂ ਧਿਰਾਂ ਵਿਚਾਲੇ ਚੱਲ ਰਹੀ ਗੱਲਬਾਤ ਜੰਗ ਨੂੰ ਖ਼ਤਮ ਕਰਦੀ ਹੈ ਜਾਂ ਆਉਣ ਵਾਲੇ ਸਮੇਂ 'ਚ ਹਮਲੇ ਹੋਰ ਤੇਜ਼ ਹੋਣਗੇ।

# ਪੰਜਾਬ ਪਹਿਲੀ ਵਾਰ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਕਰੇਗਾ ਮੇਜ਼ਬਾਨੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਖੇਡਾਂ ਨੂੰ ਪ੍ਰਫੁੱਲਤ ਕਰ ਰਹੀ ਹੈ ਅਤੇ ਇਸੇ ਸਦਕਾ ਪੰਜਾਬ ਪਹਿਲੀ ਵਾਰ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੀ ਮੇਜ਼ਬਾਨੀ ਕਰੇਗਾ। ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ ਦੇ ਨਾਲ-ਨਾਲ ਪੰਜਾਬ 40 ਸਾਲਾਂ ਬਾਅਦ ਨੈਸ਼ਨਲ ਬੈਡਮਿੰਟਨ ਚੈਂਪੀਅਨਸ਼ਿਪ ਅੰਡਰ-13 ਦੀ ਮੇਜ਼ਬਾਨੀ ਵੀ ਕਰੇਗਾ। ਮੁੱਖ ਮੰਤਰੀ ਭਗਵੰਤ ਮਾਨ ਨੇ ਪੱਤਰਕਾਰਾਂ ਨਾਲ

**■ ਹਾਕੀ ਏਸ਼ੀਅਨ ਚੈਂਪੀਅਨਜ਼ ਟਰਾਫੀ 'ਚ ਭਾਰਤ ਸਮੇਤ 6 ਟੀਮਾਂ ਹਿੱਸਾ ਲੈਣਗੀਆਂ**

ਗੱਲਬਾਤ ਕਰਦਿਆਂ ਕਿਹਾ, "ਏਸ਼ਿਆਈ ਖੇਡਾਂ 3-4 ਅਕਤੂਬਰ ਨੂੰ ਸਮਾਪਤ ਹੋਣਗੀਆਂ ਅਤੇ ਹਾਕੀ ਦੀਆਂ ਚੋਟੀ ਦੀਆਂ 6 ਟੀਮਾਂ ਇਨ੍ਹਾਂ ਖੇਡਾਂ ਵਿਚ ਹਿੱਸਾ ਲੈਣਗੀਆਂ। ਪੰਜਾਬ ਨੂੰ ਪਹਿਲੀ ਵਾਰ ਇਸ ਕੌਮਾਂਤਰੀ ਮੁਕਾਬਲੇ ਦੀ ਮੇਜ਼ਬਾਨੀ ਕਰਨ ਦਾ ਮੌਕਾ ਮਿਲਿਆ ਹੈ ਅਤੇ ਖੇਡਾਂ ਦੇ ਖੇਤਰ ਵਿਚ ਇਹ ਵੱਡੀ ਪ੍ਰਾਪਤੀ ਹੈ।" ਹਾਕੀ ਮੈਚ ਮੁਹਾਲੀ ਦੇ ਬਲਬੀਰ ਸਿੰਘ ਸੀਨੀਅਰ ਹਾਕੀ ਸਟੇਡੀਅਮ ਅਤੇ ਜਲੰਧਰ ਦੇ ਸੁਰਜੀਤ ਹਾਕੀ ਸਟੇਡੀਅਮ 'ਚ ਹੋਣਗੇ। ਇਸ ਤੋਂ ਇਲਾਵਾ ਸੂਬੇ ਨੂੰ ਚਾਰ ਦੇਸ਼ਾਂ ਦੇ ਇੱਕ ਹੋਰ ਕੌਮਾਂਤਰੀ ਮੁਕਾਬਲੇ ਦੀ ਮਨਜ਼ੂਰੀ ਦਿੱਤੀ ਗਈ ਹੈ, ਜਿਸ ਨਾਲ ਸੂਬੇ ਵਿਚ ਹਾਕੀ ਨੂੰ ਹੋਰ ਹੁਲਾਰਾ ਦੇਵੇਗਾ।

# ਇਜ਼ਰਾਇਲ ਅਤੇ ਇਰਾਨ ਵਿਚਕਾਰ ਤਣਾਅ ਖਤਰਨਾਕ ਪੱਧਰ 'ਤੇ ਪਹੁੰਚਿਆ

**ਤਹਿਰਾਨ, (ਪੰਜਾਬ ਮੇਲ)-** ਅਮਰੀਕਾ, ਇਜ਼ਰਾਇਲ ਅਤੇ ਇਰਾਨ ਵਿਚਕਾਰ ਤਣਾਅ ਖ਼ਤਰਨਾਕ ਪੱਧਰ 'ਤੇ ਪਹੁੰਚ ਚੁੱਕਾ ਹੈ। ਦੁਨੀਆਂ ਭਰ ਦੀਆਂ ਨਜ਼ਰਾਂ ਇਸ ਵਕਤ ਇਸ ਸੰਘਰਸ਼ 'ਤੇ ਟਿਕੀਆਂ ਹੋਈਆਂ ਹਨ, ਕਿਉਂਕਿ ਇਹ ਟਕਰਾਅ ਕਿਸੇ ਵੀ ਸਮੇਂ ਵੱਡੀ ਜੰਗ ਦਾ ਰੂਪ ਧਾਰ ਸਕਦਾ ਹੈ।



ਇਜ਼ਰਾਇਲ ਅਤੇ ਇਰਾਨ ਵਿਚਕਾਰ ਟੈਂਸ਼ਨ ਬਹੁਤ ਤੇਜ਼ੀ ਨਾਲ ਵਧ ਰਹੀ ਹੈ। ਇਰਾਨ ਆਪਣੇ ਸਮਰਥਕ ਗਰੁੱਪਾਂ — ਜਿਵੇਂ ਕਿ ਹਿਜਬੁੱਲਾ ਅਤੇ ਯਮਨ ਦੇ ਹੂਤੀ ਬਾਗੀਆਂ ਰਾਹੀਂ ਇਜ਼ਰਾਇਲ 'ਤੇ ਦਬਾਅ ਬਣਾਉਂਦਾ ਆ ਰਿਹਾ ਹੈ। ਹਾਲੀਆ ਦਿਨਾਂ ਵਿਚ ਡਰੋਨ ਹਮਲੇ ਅਤੇ ਮਿਜ਼ਾਈਲ ਅਟੈਕ ਦੇ ਕੇਸ ਵੀ ਵਧੇ ਹਨ, ਜਿਸ ਨਾਲ ਸਥਿਤੀ ਹੋਰ ਭੜਕ ਗਈ ਹੈ। ਇਸ ਦੌਰਾਨ ਅਮਰੀਕਾ ਨੇ ਇਜ਼ਰਾਇਲ ਨੂੰ ਪੂਰਾ ਸਹਿਯੋਗ ਦੇਣ ਦਾ ਐਲਾਨ ਕੀਤਾ ਹੈ। ਅਮਰੀਕਾ ਨੇ ਮਿਡਲ ਈਸਟ ਵਿਚ ਆਪਣੀ ਫੌਜੀ ਮੌਜੂਦਗੀ ਵਧਾ ਦਿੱਤੀ ਹੈ ਅਤੇ ਨੌਸੈਨਾ ਦੇ ਜਹਾਜ਼ ਅਤੇ ਜੰਗੀ ਹਵਾਈ ਜਹਾਜ਼ ਵੀ ਤੈਨਾਤ ਕੀਤੇ ਗਏ ਹਨ।

ਮਾਹਿਰਾਂ ਦੇ ਮੁਤਾਬਕ, ਇਸ ਵੇਲੇ ਤਿੰਨ ਸੰਭਾਵਨਾਵਾਂ ਸਾਹਮਣੇ ਆ ਰਹੀਆਂ ਹਨ, ਜਿਸ ਵਿਚ ਛੋਟੇ ਪੱਧਰ 'ਤੇ ਹਮਲੇ, ਡਰੋਨ ਸਟਰਾਈਕ ਅਤੇ ਪ੍ਰਾਕਸੀ ਵਾਰ ਜਾਰੀ ਰਹੇਗੀ। ਇਹ ਸਭ ਤੋਂ ਵੱਧ ਸੰਭਾਵਨਾ ਵਾਲਾ ਸਿਨਾਰਿਓ ਮੰਨਿਆ ਜਾ ਰਿਹਾ ਹੈ।

ਜੇਕਰ ਕੋਈ ਵੱਡਾ ਹਮਲਾ ਜਾਂ ਗਲਤੀ ਹੋ ਜਾਂਦੀ ਹੈ, ਤਾਂ ਅਮਰੀਕਾ ਸਿੱਧਾ ਜੰਗ ਵਿਚ ਉਤਰ ਸਕਦਾ ਹੈ। ਇਸ ਸਥਿਤੀ ਵਿਚ ਇਹ ਸੰਘਰਸ਼ ਵਿਸ਼ਵ ਪੱਧਰ ਦੀ ਜੰਗ ਦਾ ਰੂਪ ਵੀ ਲੈ ਸਕਦਾ ਹੈ। ਕੁਝ ਦੇਸ਼ ਅਤੇ ਯੂ.ਐੱਨ. ਇਸ ਮਾਮਲੇ ਨੂੰ ਸ਼ਾਂਤੀ ਨਾਲ ਸੁਲਝਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਮੌਜੂਦਾ ਹਾਲਾਤਾਂ ਵਿਚ ਇਹ ਰਾਹ ਮੁਸ਼ਕਲ ਦਿਖਾਈ ਦੇ ਰਿਹਾ ਹੈ।

ਹੁਣ ਗੱਲ ਕਰਦੇ ਹਾਂ ਇਸ ਸੰਘਰਸ਼ ਦੇ ਦੁਨੀਆ 'ਤੇ ਅਸਰ ਦੀ...

ਜੇ ਇਹ ਟਕਰਾਅ ਵਧਦਾ ਹੈ, ਤਾਂ ਸਭ ਤੋਂ ਪਹਿਲਾਂ ਅਸਰ ਪਵੇਗਾ ਤੇਲ ਦੀਆਂ ਕੀਮਤਾਂ 'ਤੇ। ਮਿਡਲ ਈਸਟ ਦੁਨੀਆਂ ਦਾ ਸਭ ਤੋਂ ਵੱਡਾ ਤੇਲ ਉਤਪਾਦਨ ਖੇਤਰ ਹੈ ਅਤੇ ਜੰਗ ਦੀ ਸਥਿਤੀ ਵਿਚ ਤੇਲ ਦੀ ਸਪਲਾਈ ਪ੍ਰਭਾਵਿਤ ਹੋ ਸਕਦੀ ਹੈ। ਇਸ ਨਾਲ ਅਮਰੀਕਾ ਸਮੇਤ ਦੁਨੀਆਂ ਭਰ ਵਿਚ ਮਹਿੰਗਾਈ ਵਧ ਸਕਦੀ ਹੈ।

ਇਸ ਤੋਂ ਇਲਾਵਾ, ਗਲੋਬਲ ਟਰੇਡ ਅਤੇ ਸ਼ਿਪਿੰਗ 'ਤੇ ਵੀ ਵੱਡਾ ਅਸਰ ਪੈ ਸਕਦਾ ਹੈ। ਰੈੱਡ ਸੀ ਅਤੇ ਹੋਰ ਸਮੁੰਦਰੀ ਰੂਟ ਪਹਿਲਾਂ ਹੀ ਖਤਰੇ ਵਿਚ ਹਨ, ਜਿੱਥੇ ਕਈ ਜਹਾਜ਼ਾਂ 'ਤੇ ਹਮਲੇ ਹੋ ਚੁੱਕੇ ਹਨ।

ਅਮਰੀਕਾ ਵਿਚ ਇਸ ਮਾਮਲੇ ਦਾ ਪਾਲਿਟਿਕਲ ਅਸਰ ਵੀ ਹੋ ਸਕਦਾ ਹੈ, ਖਾਸ ਕਰਕੇ ਆਉਣ ਵਾਲੀਆਂ ਚੋਣਾਂ ਨੂੰ ਧਿਆਨ ਵਿਚ ਰੱਖਦੇ ਹੋਏ।

ਮਾਹਿਰਾਂ ਦਾ ਕਹਿਣਾ ਹੈ ਕਿ ਹਾਲੇ ਵੀ ਡਿਪਲੋਮੈਸੀ ਦਾ ਦਰਵਾਜ਼ਾ ਖੁੱਲ੍ਹਾ ਹੈ, ਪਰ ਜੇ ਕੋਈ ਵੱਡੀ ਗਲਤੀ ਜਾਂ ਸਿੱਧਾ ਹਮਲਾ ਹੋ ਜਾਂਦਾ ਹੈ, ਤਾਂ ਸਥਿਤੀ ਕਾਬੂ ਤੋਂ ਬਾਹਰ ਵੀ ਜਾ ਸਕਦੀ ਹੈ। ਇਸ ਸਮੇਂ ਦੁਨੀਆਂ ਦੀਆਂ ਵੱਡੀਆਂ ਤਾਕਤਾਂ ਇਸ ਸੰਘਰਸ਼ ਨੂੰ ਵੱਡੀ ਜੰਗ ਬਣਨ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੀਆਂ ਹਨ।

"ਮੱਧ ਪੂਰਬ ਦੀ ਇਹ ਤਣਾਓ ਭਰੀ ਸਥਿਤੀ ਕਿਸੇ ਵੀ ਵੇਲੇ ਵੱਡੇ ਟਕਰਾਅ ਵਿਚ ਬਦਲ ਸਕਦੀ ਹੈ। ਦੁਨੀਆਂ ਦੀਆਂ ਨਜ਼ਰਾਂ ਹੁਣ ਇਸ ਗੱਲ 'ਤੇ ਹਨ ਕਿ ਕੀ ਇਹ ਸੰਘਰਸ਼ ਜੰਗ 'ਚ ਤਬਦੀਲ ਹੁੰਦਾ ਹੈ ਜਾਂ ਡਿਪਲੋਮੈਸੀ ਨਾਲ ਹੱਲ ਨਿਕਲਦਾ ਹੈ।"

# ਇਜ਼ਰਾਈਲ ਤੇ ਲਿਬਨਾਨ ਵਿਚਾਲੇ ਜੰਗ ਕਾਰਨ ਹਜ਼ਾਰਾਂ ਲੋਕਾਂ ਦੀ ਗਈ ਜਾਨ

**ਲਿਬਨਾਨ, (ਪੰਜਾਬ ਮੇਲ)-** ਇਸ ਜੰਗ ਵਿਚ ਹੁਣ ਤੱਕ 2,000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਇਰਾਨ ਵੱਲੋਂ ਕੀਤੇ ਗਏ ਮਿਜ਼ਾਈਲ ਹਮਲਿਆਂ ਵਿਚ ਦੱਖਣੀ ਇਜ਼ਰਾਈਲ ਦੇ ਕਈ ਇਲਾਕੇ ਪ੍ਰਭਾਵਿਤ ਹੋਏ ਹਨ, ਜਿੱਥੇ 175 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ। ਦੂਜੇ ਪਾਸੇ, ਇਜ਼ਰਾਈਲ ਨੇ ਲਿਬਨਾਨ ਦੇ ਦੱਖਣੀ ਹਿੱਸੇ 'ਚ ਪੁਲਾਂ ਅਤੇ ਨਾਗਰਿਕ ਢਾਂਚੇ 'ਤੇ ਹਮਲੇ ਤੇਜ਼ ਕਰ ਦਿੱਤੇ ਹਨ। ਲਿਬਨਾਨ ਦੇ ਰਾਸ਼ਟਰਪਤੀ ਨੇ ਇਨ੍ਹਾਂ ਹਮਲਿਆਂ ਨੂੰ ਜ਼ਮੀਨੀ ਹਮਲੇ ਦੀ



ਤਿਆਰੀ ਦੱਸਿਆ ਹੈ। ਇਜ਼ਰਾਈਲ ਦਾ ਕਹਿਣਾ ਹੈ ਕਿ ਉਹ ਹਿਜ਼ਬੁੱਲਾ ਅਤੇ ਇਰਾਨ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਕਮਜ਼ੋਰ ਕਰਨ ਲਈ ਇਹ ਕਦਮ ਚੁੱਕ ਰਿਹਾ ਹੈ। ਲਿਬਨਾਨ ਵਿਚ ਹੁਣ ਤੱਕ 1,000 ਤੋਂ ਵੱਧ ਮੌਤਾਂ ਹੋ ਚੁੱਕੀਆਂ ਹਨ ਅਤੇ ਲੱਖਾਂ ਲੋਕ ਆਪਣੇ ਘਰ ਛੱਡਣ ਲਈ ਮਜਬੂਰ ਹੋ ਗਏ ਹਨ।

ਸਫਾ 1 ਦਾ ਬਾਕੀ

## ਅਮਰੀਕਾ 'ਚ 'ਸਰਕਾਰੀ ਸ਼ੱਟਡਾਊਨ'; ਹਵਾਈ ਅੱਡਿਆਂ 'ਤੇ ਲੱਗੀਆਂ ਲੰਬੀਆਂ ਕਤਾਰਾਂ

ਦੱਸ ਦਈਏ ਕਿ ਸਰਕਾਰੀ ਤਾਲਾਬੰਦੀ ਕਾਰਨ ਟਰਾਂਸਪੋਰਟੇਸ਼ਨ ਸਕਿਓਰਿਟੀ ਐਡਮਿਨਿਸਟ੍ਰੇਸ਼ਨ (TSA) ਦੇ ਮੁਲਾਜ਼ਮਾਂ ਨੂੰ ਤਨਖਾਹਾਂ ਨਹੀਂ ਮਿਲ ਰਹੀਆਂ, ਜਿਸ ਕਾਰਨ ਵੱਡੀ ਗਿਣਤੀ 'ਚ ਸੁਰੱਖਿਆ ਕਰਮੀ ਕੰਮ 'ਤੇ ਨਹੀਂ ਆ ਰਹੇ। ਇਸ ਕਾਰਨ ਅਮਰੀਕਾ ਦੇ ਮੁੱਖ ਹਵਾਈ ਅੱਡਿਆਂ 'ਤੇ ਮੁਸਾਫਰਾਂ ਦੀਆਂ ਲੰਬੀਆਂ ਕਤਾਰਾਂ ਲੱਗ ਗਈਆਂ ਹਨ ਅਤੇ ਉਡਾਣਾਂ 'ਚ ਭਾਰੀ ਦੇਰੀ ਹੋ ਰਹੀ ਹੈ। ਯਾਤਰੀਆਂ ਨੂੰ ਘੰਟਿਆਂਬੱਧੀ ਇੰਤਜ਼ਾਰ ਕਰਨਾ ਪੈ ਰਿਹਾ ਹੈ, ਜਿਸ ਕਾਰਨ 'ਟਰੈਵਲ ਚਾਓਸ' (ਯਾਤਰਾ ਦਾ ਉਜਾੜਾ) ਵਰਗੇ ਹਾਲਾਤ ਬਣੇ ਹੋਏ ਹਨ।

ਵਿਰੋਧੀ ਧਿਰ ਵੱਲੋਂ ਟਰੰਪ ਦੇ ਇਸ ਫੈਸਲੇ ਦੀ ਸਖ਼ਤ ਨਿਖੇਧੀ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ICE ਦਾ ਕੰਮ ਹਵਾਈ ਅੱਡਿਆਂ ਦੀ ਸੁਰੱਖਿਆ ਚੈੱਕ ਕਰਨਾ ਨਹੀਂ ਹੈ।

ਰਾਸ਼ਟਰਪਤੀ ਟਰੰਪ ਨੇ ਸ਼ਟਡਾਊਨ ਅਤੇ ਇਸ ਤੋਂ ਬਾਅਦ ਫੰਡਿੰਗ ਦੀ ਘਾਟ ਲਈ ਡੈਮੋਕ੍ਰੇਟਿਕ ਸਿਆਸਤਦਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ - ਜਿਸ ਕਾਰਨ ਬਸੰਤ ਰੁੱਤ ਦੀਆਂ ਛੁੱਟੀਆਂ ਦੇ ਯਾਤਰਾ ਸੀਜ਼ਨ ਦੇ ਸ਼ੁਰੂ ਹੋਣ ਦੇ ਨਾਲ ਹਵਾਈ ਅੱਡਿਆਂ ਵਿਚ ਸਟਾਫ ਦੀ ਘਾਟ ਅਤੇ ਗੈਰਹਾਜ਼ਰੀ ਵਿਚ ਚਿੰਤਾਜਨਕ ਵਾਧਾ ਹੋਇਆ ਹੈ।

## ਟਰੰਪ ਦੀ ਸਖਤ ਵੀਜ਼ਾ ਨੀਤੀ: ਭਾਰਤ ਤੇ ਚੀਨ ਦੇ ਵੀਜ਼ਿਆਂ 'ਚ 2.5 ਲੱਖ ਦੀ ਕਟੌਤੀ

ਸਟੱਡੀ ਵੀਜ਼ਿਆਂ ਦੀ ਗੱਲ ਕੀਤੀ ਜਾਵੇ, ਤਾਂ ਜਨਵਰੀ 2024 ਤੋਂ ਅਗਸਤ 2024 ਦਰਮਿਆਨ 3 ਲੱਖ 45 ਹਜ਼ਾਰ ਕੌਮਾਂਤਰੀ ਵਿਦਿਆਰਥੀਆ ਨੂੰ ਅਮਰੀਕਾ ਆਉਣ ਦੀ ਇਜਾਜ਼ਤ ਦਿੱਤੀ ਗਈ ਪਰ ਟਰੰਪ ਦੇ ਸੱਤਾ 'ਚ ਆਉਣ ਮਗਰੋਂ ਇਹ ਅੰਕੜਾ 2 ਲੱਖ 38 ਹਜ਼ਾਰ ਰਹਿ ਗਿਆ। ਮੰਗਣੀ ਕਰਵਾ ਕੇ ਅਮਰੀਕਾ ਆਉਣ ਵਾਲਿਆਂ ਦੇ ਵੀਜ਼ੇ ਅੱਧੇ ਰਹਿ ਗਏ ਕਿਉਂਕਿ ਬਾਇਡਨ ਸਰਕਾਰ ਨੇ 2024 ਦੇ ਪਹਿਲੇ ਅੱਠ ਮਹੀਨੇ ਦੌਰਾਨ 37 ਹਜ਼ਾਰ ਵੀਜ਼ੇ ਜਾਰੀ ਕੀਤੇ ਪਰ ਟਰੰਪ ਸਰਕਾਰ ਨੇ ਅੰਕੜਾ 19 ਹਜ਼ਾਰ ਤੋਂ ਵੀ ਹੇਠਾਂ ਲਿਆ ਦਿੱਤਾ ਹੈ। ਫ਼ੈਮਿਲੀ ਪਰੈਫ਼ਰੈਂਸ ਵੀਜ਼ਾ ਦਾ ਜ਼ਿਕਰ ਕੀਤਾ ਜਾਵੇ, ਤਾਂ ਯੂ.ਐੱਸ. ਸਿਟੀਜ਼ਨਜ਼ ਦੇ ਬਾਲਗ ਬੱਚਿਆਂ ਜਾਂ ਭੈਣ-ਭਰਾਵਾਂ ਨੂੰ ਮਿਲਦੇ ਵੀਜ਼ਿਆਂ ਵਿਚ 27 ਫ਼ੀਸਦੀ ਕਮੀ ਆਈ ਹੈ। ਵ੍ਹਾਈਟ ਹਾਊਸ ਦੀ ਸਪੋਕਸਪਰਸਨ ਐਬੀਗੇਲ ਜੈਕਸਨ ਤੋਂ ਜਦੋਂ ਇਨ੍ਹਾਂ ਅੰਕੜਿਆਂ ਬਾਰੇ ਪੁੱਛਿਆ ਗਿਆ, ਤਾਂ ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਅਮਰੀਕਾ ਵਾਸੀਆਂ ਨੇ ਆਪਣੇ ਹੱਕਾਂ ਦੀ ਰਾਖੀ ਵਾਸਤੇ ਚੁਣਿਆ ਹੈ। ਅਮਰੀਕਾ ਦਾ ਵੀਜ਼ਾ ਕਿਸੇ ਦਾ ਹੱਕ ਨਹੀਂ ਅਤੇ ਟਰੰਪ ਸਰਕਾਰ ਆਪਣੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਵੀਜ਼ੇ ਜਾਰੀ ਕਰ ਰਹੀ ਹੈ। ਇਥੇ ਦੱਸਣਾ ਬਣਦਾ ਹੈ ਕਿ ਦੁਨੀਆਂ ਦੇ 50 ਮੁਲਕਾਂ ਉੱਤੇ 15 ਹਜ਼ਾਰ ਡਾਲਰ ਬੌਂਡ ਵਾਲਾ ਨਿਯਮ ਲਾਗੂ ਹੋ ਗਿਆ ਹੈ ਅਤੇ ਇਨ੍ਹਾਂ ਮੁਲਕਾਂ ਤੋਂ ਵਿਜ਼ਟਰ ਵੀਜ਼ਾ ਜਾਂ ਬਿਜ਼ਨਸ ਵੀਜ਼ਾ ਦੀਆਂ ਅਰਜ਼ੀਆਂ ਪਹਿਲਾਂ ਹੀ ਸੀਮਤ ਹੋ ਚੁੱਕੀਆਂ ਹਨ।

ਇੰਮੀਗ੍ਰੇਸ਼ਨ ਐਂਡ ਕਸਮਟਜ਼ ਐਨਫ਼ੋਰਸਮੈਂਟ ਵਾਲਿਆਂ ਦਾ ਕਹਿਣਾ ਹੈ ਕਿ ਵਿਜ਼ਟਰ ਵੀਜ਼ਾ ਜਾਂ ਬਿਜ਼ਨਸ ਵੀਜ਼ਾ 'ਤੇ ਆਉਣ ਵਾਲੇ ਕੁਝ ਆਪਣੇ ਮੁਲਕ ਵਾਪਸੀ ਨਹੀਂ ਕਰਦੇ ਅਤੇ ਅਮਰੀਕਾ ਦੀਆਂ ਸਮਾਜਿਕ ਸੇਵਾਵਾਂ ਉਤੇ ਬੋਝ ਬਣ ਜਾਂਦੇ ਹਨ। ਅਜਿਹੇ ਲੋਕਾਂ ਨੂੰ ਫੜ ਕੇ ਡਿਪੋਰਟ ਕਰਨ ਦਾ ਔਸਤ ਖਰਚਾ 18 ਹਜ਼ਾਰ ਡਾਲਰ ਤੋਂ ਵੱਧ ਬਣਦਾ ਹੈ, ਜਿਸ ਦੇ ਮੱਦੇਨਜ਼ਰ 15 ਹਜ਼ਾਰ ਡਾਲਰ ਦਾ ਬੌਂਡ ਭਰਵਾਇਆ ਜਾ ਰਿਹਾ ਹੈ। ਵਿਦੇਸ਼ ਵਿਭਾਗ ਨੇ ਦੱਸਿਆ ਕਿ ਬੌਂਡ ਭਰਨ ਤੋਂ ਬਾਅਦ ਵਿਜ਼ਟਰ ਵੀਜ਼ਾ ਜਾਂ ਬਿਜ਼ਨਸ ਵੀਜ਼ਾ 'ਤੇ ਅਮਰੀਕਾ ਪੁੱਜੇ 97 ਫ਼ੀਸਦੀ ਨਾਗਰਿਕ ਤੈਅ ਸਮੇਂ ਦੇ ਅੰਦਰ ਵਾਪਸ ਚਲੇ ਗਏ ਪਰ ਇਸ ਦੇ ਉਲਟ ਇਨ੍ਹਾਂ ਮੁਲਕਾਂ ਦੇ ਹੀ 45 ਹਜ਼ਾਰ ਨਾਗਰਿਕਾਂ ਨੇ ਬਾਇਡਨ ਸਰਕਾਰ ਵੇਲੇ ਵੀਜ਼ਾ ਮਿਆਦ ਲੰਘਣ ਤੋਂ ਬਾਅਦ ਵੀ ਆਪਣੇ ਮੁਲਕ ਵਾਪਸੀ ਨਾ ਕੀਤੀ।

## ਅਦਾਲਤ ਵੱਲੋਂ ਭਗੌੜਾ 'ਆਪ' ਵਿਧਾਇਕ ਪਠਾਣਮਾਜਰਾ ਗ੍ਰਿਫ਼ਤਾਰ

ਐੱਸ.ਐੱਸ.ਪੀ. ਵਰੁਣ ਸ਼ਰਮਾ ਅਨੁਸਾਰ ਪਟਿਆਲਾ ਪੁਲਿਸ ਦੀ ਵਿਸ਼ੇਸ਼ ਟੀਮ ਨੇ ਪਿੱਛਾ ਕਰਦੇ ਹੋਏ ਗਵਾਲੀਅਰ ਦੇ ਇਲਾਕੇ ਤੋਂ ਵਿਧਾਇਕ ਨੂੰ ਕਾਬੂ ਕੀਤਾ ਹੈ ਅਤੇ ਹੁਣ ਉਸ ਨੂੰ ਪਟਿਆਲਾ ਲਿਆਂਦਾ ਜਾ ਰਿਹਾ ਹੈ। ਜਿੱਥੇ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਅਗਲੇਰੀ ਪੁੱਛਗਿੱਛ ਕੀਤੀ ਜਾਵੇਗੀ।

ਇਹ ਗ੍ਰਿਫ਼ਤਾਰੀ ਪੰਜਾਬ ਪੁਲਿਸ ਲਈ ਇੱਕ ਵੱਡੀ ਸਫਲਤਾ ਮੰਨੀ ਜਾ ਰਹੀ ਹੈ, ਕਿਉਂਕਿ ਪਿਛਲੇ 48 ਘੰਟਿਆਂ ਅੰਦਰ ਜੇਲ੍ਹ ਜਾਣ ਵਾਲੇ ਇਹ ਦੂਜੇ ਵਿਧਾਇਕ ਹਨ। ਇਸ ਤੋਂ ਪਹਿਲਾਂ ਸੋਮਵਾਰ ਨੂੰ ਸਾਬਕਾ ਜੇਲ੍ਹ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਖੁਦਕੁਸ਼ੀ ਲਈ ਉਕਸਾਉਣ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ। ਲਗਾਤਾਰ ਹੋ ਰਹੀਆਂ ਇਨ੍ਹਾਂ ਗ੍ਰਿਫ਼ਤਾਰੀਆਂ ਨਾਲ ਪੰਜਾਬ ਦੀ ਸਿਆਸਤ ਵਿਚ ਮੁੜ ਹਲਚਲ ਤੇਜ਼ ਹੋ ਗਈ ਹੈ।

## ਖੁਦਕੁਸ਼ੀ ਮਾਮਲਾ : ਅਦਾਲਤ ਨੇ ਸਾਬਕਾ ਮੰਤਰੀ ਲਾਲਜੀਤ ਭੁੱਲਰ ਦਾ ਦਿੱਤਾ ਰਿਮਾਂਡ

ਜ਼ਿਕਰਯੋਗ ਹੈ ਕਿ ਪੰਜਾਬ ਸਟੇਟ ਵੇਅਰਹਾਊਸਿੰਗ ਕਾਰਪੋਰੇਸ਼ਨ, ਅੰਮ੍ਰਿਤਸਰ ਦੇ ਜ਼ਿਲ੍ਹਾ ਮੈਨੇਜਰ ਗਗਨਦੀਪ ਸਿੰਘ ਰੰਧਾਵਾ ਵੱਲੋਂ ਜ਼ਹਿਰੀਲੀ ਚੀਜ਼ ਨਿਗਲ ਕੇ ਖ਼ੁਦਕੁਸ਼ੀ ਕਰ ਲਈ ਗਈ ਸੀ ਤੇ ਖ਼ੁਦਕੁਸ਼ੀ ਤੋਂ ਪਹਿਲਾਂ ਵੀਡੀਓ ਬਣਾ ਕੇ 'ਆਪ' ਸਰਕਾਰ ਦੇ ਮੰਤਰੀ ਲਾਲਜੀਤ ਸਿੰਘ ਭੁੱਲਰ ਨੂੰ ਇਸ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਇਸ ਮਾਮਲੇ ਵਿਚ ਪੀੜਤ ਪਰਿਵਾਰ ਤੇ ਵਿਰੋਧੀ ਧਿਰਾਂ ਦੀ ਜੱਦੋ-ਜਹਿਦ ਮਗਰੋਂ ਪਹਿਲਾਂ ਲਾਲਜੀਤ ਸਿੰਘ ਭੁੱਲਰ ਵੱਲੋਂ ਮੰਤਰੀ ਦੇ ਅਹੁਦੇ ਤੋਂ ਅਸਤੀਫ਼ਾ ਦਿੱਤਾ ਗਿਆ ਤੇ ਬੀਤੇ ਦਿਨੀਂ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਸੀ। ਪਰਿਵਾਰ ਨੇ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਉਣ ਦੀ ਮੰਗ ਕੀਤੀ ਹੈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**




# ਈਰਾਨ ਯੁੱਧ: ਇੱਕ ਤੇਲ ਯੁੱਧ, ਆਤਮਘਾਤੀ ਰਣਨੀਤੀਆਂ ਦਾ ਸਵਾਲ ਅਤੇ ਇੱਕ ਵਿਸ਼ਵਵਿਆਪੀ ਆਰਥਿਕ ਮੰਦੀ ਦਾ ਡਰ - ਇੱਕ ਵਿਆਪਕ ਅੰਤਰਰਾਸ਼ਟਰੀ ਦ੍ਰਿਸ਼ਟੀਕੋਣ ਵਿਸ਼ਲੇਸ਼ਣ

ਕੰਪਾਈਲਰ ਲੇਖਕ
ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425



ਪੰਜਾਬ ਮੇਲ USA

ਵਿਸ਼ਵਵਿਆਪੀ ਤੌਰ 'ਤੇ, ਪੱਛਮੀ ਏਸ਼ੀਆ (ਮੱਧ ਪੂਰਬ) ਦਹਾਕਿਆਂ ਤੋਂ ਵਿਸ਼ਵਵਿਆਪੀ ਰਾਜਨੀਤੀ, ਰਣਨੀਤਕ ਮੁਕਾਬਲੇ ਅਤੇ ਊਰਜਾ ਸੁਰੱਖਿਆ ਦਾ ਕੇਂਦਰ ਰਿਹਾ ਹੈ। ਅੱਜ, ਜਿਵੇਂ ਕਿ ਈਰਾਨ ਅਤੇ ਇਸਦੇ ਵਿਰੋਧੀ, ਖਾਸ ਕਰਕੇ ਸੰਯੁਕਤ ਰਾਜ, ਇਜ਼ਰਾਈਲ ਅਤੇ ਕਈ ਖਾੜੀ ਦੇਸ਼ ਆਹਮੋ-ਸਾਹਮਣੇ ਹਨ, ਇਹ ਟਕਰਾਅ ਸਿਰਫ਼ ਇੱਕ ਫੌਜੀ ਯੁੱਧ ਹੀ ਨਹੀਂ, ਸਗੋਂ ਇੱਕ ਤੇਲ ਯੁੱਧ, ਇੱਕ ਤੇਲ-ਆਧਾਰਿਤ ਆਰਥਿਕ ਯੁੱਧ ਵੀ ਬਣ ਗਿਆ ਹੈ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਾਨੀ, ਗੋਂਡੀਆ, ਮਹਾਰਾਸ਼ਟਰ, ਦਾ ਮੰਨਣਾ ਹੈ ਕਿ ਵਿਸ਼ਵਵਿਆਪੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਮੰਨੇ ਜਾਣ ਵਾਲੇ ਊਰਜਾ ਸਰੋਤਾਂ ਲਈ ਨਿਯੰਤਰਣ, ਸਪਲਾਈ ਅਤੇ ਕੀਮਤ ਨਿਰਧਾਰਤ ਕਰਨ ਦੀ ਖੇਡ ਹੁਣ ਇੱਕ ਹਥਿਆਰ ਬਣ ਗਈ ਹੈ। ਮੱਧ ਪੂਰਬ ਵਿਚ ਚੱਲ ਰਹੇ ਟਕਰਾਅ ਨੇ ਬੁੱਧਵਾਰ ਨੂੰ ਇੱਕ ਵੱਡਾ ਅਤੇ ਖ਼ਤਰਨਾਕ ਮੋੜ ਲੈ ਲਿਆ, ਜਦੋਂ ਈਰਾਨ ਦੇ ਵਿਸ਼ਾਲ ਪਾਰਸ ਗੈਸ ਖੇਤਰ 'ਤੇ ਹਮਲਾ ਕੀਤਾ ਗਿਆ। ਇਹ ਪਹਿਲੀ ਵਾਰ ਹੈ, ਜਦੋਂ ਖਾੜੀ ਖੇਤਰ ਵਿਚ ਈਰਾਨ ਦੇ ਊਰਜਾ ਬੁਨਿਆਦੀ ਢਾਂਚੇ ਦੇ ਕੁਝ ਹਿੱਸਿਆਂ ਨੂੰ ਸਿੱਧੇ ਤੌਰ 'ਤੇ ਨੁਕਸਾਨ ਪਹੁੰਚਿਆ ਹੈ। ਇਸ ਤੋਂ ਬਾਅਦ, ਉੱਥੇ ਕੰਮ ਕਰਨ ਵਾਲੇ ਕਰਮਚਾਰੀਆਂ ਨੂੰ ਸੁਰੱਖਿਅਤ ਜਗ੍ਹਾ 'ਤੇ ਭੇਜਿਆ ਗਿਆ ਅਤੇ ਅੱਗ ਬੁਝਾਉਣ ਲਈ ਐਮਰਜੈਂਸੀ ਟੀਮਾਂ ਤਾਇਨਾਤ ਕੀਤੀਆਂ ਗਈਆਂ। ਹਮਲੇ ਤੋਂ ਬਾਅਦ, ਈਰਾਨ ਨੇ ਸਖ਼ਤ ਰੁਖ਼ ਅਪਣਾਇਆ ਹੈ ਅਤੇ ਸਾਊਦੀ ਅਰਬ, ਯੂ.ਏ.ਈ. ਅਤੇ ਕਤਰ ਨੂੰ ਸਿੱਧੀ ਚੇਤਾਵਨੀ ਜਾਰੀ ਕੀਤੀ ਹੈ। ਈਰਾਨ ਦੇ ਰੈਵੋਲਿਊਸ਼ਨਰੀ ਗਾਰਡਜ਼ ਨੇ ਕਿਹਾ ਕਿ ਇਨ੍ਹਾਂ ਦੇਸ਼ਾਂ ਵਿਚ ਕਈ ਊਰਜਾ ਸਥਾਪਨਾਵਾਂ ਹੁਣ ਸਿੱਧੇ ਹਮਲੇ ਦੀ ਲਪੇਟ ਵਿਚ ਹਨ ਅਤੇ ਆਉਣ ਵਾਲੇ ਘੰਟਿਆਂ ਵਿਚ ਉਨ੍ਹਾਂ 'ਤੇ ਹਮਲਾ ਕੀਤਾ ਜਾ ਸਕਦਾ ਹੈ। ਈਰਾਨੀ ਸਰਕਾਰੀ ਮੀਡੀਆ ਅਨੁਸਾਰ, ਲੋਕਾਂ ਅਤੇ ਕਰਮਚਾਰੀਆਂ ਨੂੰ ਇਨ੍ਹਾਂ ਖੇਤਰਾਂ ਨੂੰ ਤੁਰੰਤ ਖਾਲੀ ਕਰਨ ਲਈ ਕਿਹਾ ਗਿਆ ਹੈ। ਈਰਾਨ ਨੇ ਜਿਨ੍ਹਾਂ ਸਥਾਪਨਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਹੈ, ਉਨ੍ਹਾਂ ਵਿਚ ਸਾਊਦੀ ਅਰਬ ਦੀ ਸਮਰੇਫ ਰਿਫਾਇਨਰੀ ਅਤੇ ਜੁਬੈਲ ਪੈਟਰੋਕੈਮੀਕਲ ਕੰਪਲੈਕਸ, ਯੂ.ਏ.ਈ. ਦਾ ਅਲ ਹੋਸਨ ਗੈਸ ਖੇਤਰ ਅਤੇ ਕਤਰ ਦਾ ਮੇਸਾਈਦ ਪੈਟਰੋਕੈਮੀਕਲ ਕੰਪਲੈਕਸ, ਮੇਸਾਈਦ ਹੋਲਡਿੰਗ ਕੰਪਨੀ ਅਤੇ ਰਾਸ ਲਾਫਾਨ ਰਿਫਾਇਨਰੀ ਸ਼ਾਮਲ ਹਨ। ਇਸ ਟਕਰਾਅ ਦਾ ਪ੍ਰਭਾਵ ਵਿਸ਼ਵ ਊਰਜਾ ਬਾਜ਼ਾਰ 'ਤੇ ਵੀ ਸਪੱਸ਼ਟ ਤੌਰ 'ਤੇ ਦਿਖਾਈ ਦੇ ਰਿਹਾ ਹੈ। ਅਮਰੀਕਾ ਵਿਚ ਡੀਜ਼ਲ ਦੀਆਂ ਕੀਮਤਾਂ 2022 ਤੋਂ ਬਾਅਦ ਪਹਿਲੀ ਵਾਰ ਪ੍ਰਤੀ ਗੈਲਨ 5 ਡਾਲਰ ਤੋਂ ਉੱਪਰ ਵਧੀਆਂ ਹਨ। ਊਰਜਾ ਸਪਲਾਈ ਵਿਚ ਵਿਘਨ ਨੇ ਵਿਸ਼ਵ ਬਾਜ਼ਾਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਸੰਦਰਭ ਵਿਚ, ਇਹ ਵਿਸ਼ਲੇਸ਼ਣ ਤਿੰਨ ਮੁੱਖ ਸਵਾਲਾਂ 'ਤੇ ਕੇਂਦ੍ਰਿਤ ਹੈ: ਕੀ ਈਰਾਨ ਤੇਲ ਨੂੰ ਹਥਿਆਰ ਬਣਾ ਕੇ ਵਿਸ਼ਵ ਸ਼ਕਤੀ ਸੰਤੁਲਨ ਨੂੰ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ? ਕੀ ਇਹ ਸਵੈ - ਵਿਨਾਸ਼ਕਾਰੀ ਰਣਨੀਤੀ 'ਤੇ ਚੱਲ ਰਿਹਾ ਹੈ? ਅਤੇ ਕੀ ਇਹ ਟਕਰਾਅ ਦੁਨੀਆਂ ਨੂੰ ਆਰਥਿਕ ਮੰਦੀ ਵਿਚ ਧੱਕ ਸਕਦਾ ਹੈ? ਇਹ ਸਥਿਤੀ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ ਲਈ ਖਾਸ ਤੌਰ 'ਤੇ ਚੁਣੌਤੀਪੂਰਨ ਹੈ। ਭਾਰਤ ਆਪਣੀਆਂ ਊਰਜਾ ਜ਼ਰੂਰਤਾਂ ਦਾ ਇੱਕ ਵੱਡਾ ਹਿੱਸਾ ਆਯਾਤ ਕਰਦਾ ਹੈ। ਜੇਕਰ ਤੇਲ ਦੀਆਂ ਕੀਮਤਾਂ ਵਧਦੀਆਂ ਹਨ, ਤਾਂ




ਇਹ ਸਿੱਧੇ ਤੌਰ 'ਤੇ ਮਹਿੰਗਾਈ, ਚਾਲੂ ਖਾਤੇ ਦੇ ਘਾਟੇ ਅਤੇ ਆਰਥਿਕ ਵਿਕਾਸ ਨੂੰ ਪ੍ਰਭਾਵਤ ਕਰਦਾ ਹੈ। ਇਸ ਤੋਂ ਇਲਾਵਾ, ਇਹ ਖਾੜੀ ਦੇਸ਼ਾਂ ਵਿਚ ਕੰਮ ਕਰਨ ਵਾਲੇ ਲੱਖਾਂ ਭਾਰਤੀਆਂ ਨੂੰ ਵੀ ਪ੍ਰਭਾਵਿਤ ਕਰ ਸਕਦਾ ਹੈ, ਜਿਸ ਨਾਲ ਪੈਸੇ ਭੇਜਣ 'ਤੇ ਅਸਰ ਪੈ ਸਕਦਾ ਹੈ। ਚੀਨ ਅਤੇ ਰੂਸ ਇਸ ਪੂਰੇ ਸਮੀਕਰਨ ਵਿਚ ਮੁੱਖ ਭੂਮਿਕਾ ਨਿਭਾਉਂਦੇ ਹਨ। ਚੀਨ ਈਰਾਨੀ ਤੇਲ ਦਾ ਇੱਕ ਵੱਡਾ ਖਰੀਦਦਾਰ ਹੈ ਅਤੇ ਅਮਰੀਕੀ ਪਾਬੰਦੀਆਂ ਦੇ ਬਾਵਜੂਦ ਵਪਾਰ ਜਾਰੀ ਰੱਖਦਾ ਹੈ। ਰੂਸ, ਜੋ ਕਿ ਖੁਦ ਇੱਕ ਵੱਡਾ ਊਰਜਾ ਨਿਰਯਾਤਕ ਹੈ, ਇਸ ਸਥਿਤੀ ਦਾ ਫਾਇਦਾ ਉਠਾ ਕੇ ਵਿਸ਼ਵ ਬਾਜ਼ਾਰ ਵਿਚ ਆਪਣੀ ਸਥਿਤੀ ਨੂੰ ਮਜ਼ਬੂਤ ਕਰ ਸਕਦਾ ਹੈ। ਇਸ ਸੰਕਟ ਨੂੰ ਸਿਰਫ਼ ਫੌਜੀ ਤਰੀਕਿਆਂ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਕੂਟਨੀਤਕ ਗੱਲਬਾਤ, ਖੇਤਰੀ ਸਹਿਯੋਗ ਅਤੇ ਅੰਤਰਰਾਸ਼ਟਰੀ ਸੰਸਥਾਵਾਂ ਮਹੱਤਵਪੂਰਨ ਹਨ। ਸੰਯੁਕਤ ਰਾਸ਼ਟਰ ਨੂੰ ਇਸ ਸਬੰਧ ਵਿਚ ਸਰਗਰਮ ਭੂਮਿਕਾ ਨਿਭਾਉਣੀ ਚਾਹੀਦੀ ਹੈ। ਜੇਕਰ ਸਾਰੀਆਂ ਧਿਰਾਂ ਸੰਜਮ ਵਰਤਦੀਆਂ ਹਨ ਅਤੇ ਗੱਲਬਾਤ ਦਾ ਤਰੀਕਾ ਅਪਣਾਉਂਦੀਆਂ ਹਨ, ਤਾਂ ਸਥਿਤੀ ਨੂੰ ਕਾਬੂ ਕੀਤਾ ਜਾ ਸਕਦਾ ਹੈ। ਹਾਲਾਂਕਿ, ਜੇਕਰ ਟਕਰਾਅ ਵਧਦਾ ਹੈ, ਤਾਂ ਇਸਦੇ ਨਤੀਜੇ ਵਿਸ਼ਵ ਪੱਧਰ 'ਤੇ ਗੰਭੀਰ ਹੋਣਗੇ।

ਦੋਸਤੋ, ਜੇਕਰ ਅਸੀਂ "ਤੇਲ ਯੁੱਧ: ਹਥਿਆਰ ਬਣਾਉਣ ਵਾਲੀ ਊਰਜਾ ਦੀ ਰਣਨੀਤੀ" ਦੀ ਧਾਰਨਾ 'ਤੇ ਵਿਚਾਰ ਕਰੀਏ, ਤਾਂ ਤੇਲ ਯੁੱਧ ਸਿਰਫ਼ ਤੇਲ ਲਈ ਯੁੱਧ ਨਹੀਂ ਹੈ, ਸਗੋਂ ਤੇਲ ਰਾਹੀਂ ਆਰਥਿਕ ਦਬਾਅ ਪਾਉਣ ਦਾ ਇੱਕ ਸਾਧਨ ਹੈ। ਈਰਾਨ ਕੋਲ ਦੁਨੀਆਂ ਦਾ ਸਭ ਤੋਂ ਵੱਡਾ ਤੇਲ ਅਤੇ ਗੈਸ ਭੰਡਾਰ ਹੈ। ਇਹ ਰਣਨੀਤਕ ਤੌਰ 'ਤੇ ਹੋਰਮੁਜ਼ ਜਲਡਮਰੂ ਨੂੰ ਕੰਟਰੋਲ ਕਰਦਾ ਹੈ, ਜਿਸ ਰਾਹੀਂ ਦੁਨੀਆਂ ਦੇ ਲਗਭਗ 20 ਪ੍ਰਤੀਸ਼ਤ ਤੇਲ ਦਾ ਵਪਾਰ ਹੁੰਦਾ ਹੈ। ਜੇਕਰ ਈਰਾਨ ਇਸ ਜਲਡਮਰੂ ਨੂੰ ਰੋਕਦਾ ਹੈ, ਤਾਂ ਵਿਸ਼ਵ ਤੇਲ ਸਪਲਾਈ ਤੁਰੰਤ ਪ੍ਰਭਾਵਿਤ ਹੁੰਦੀ ਹੈ। ਈਰਾਨ ਲਈ, ਤੇਲ ਯੁੱਧ ਦੋਧਾਰੀ ਤਲਵਾਰ ਹੈ। ਇੱਕ ਪਾਸੇ, ਇਹ ਆਪਣੇ ਵਿਰੋਧੀਆਂ 'ਤੇ ਦਬਾਅ ਪਾ ਸਕਦਾ ਹੈ, ਜਦੋਂ ਕਿ ਦੂਜੇ ਪਾਸੇ, ਇਹ ਵਿਸ਼ਵ ਬਾਜ਼ਾਰ ਨੂੰ ਅਸਥਿਰ ਕਰਦਾ ਹੈ ਅਤੇ ਆਪਣੀ ਆਰਥਿਕਤਾ ਨੂੰ ਨੁਕਸਾਨ ਪਹੁੰਚਾਉਂਦਾ ਹੈ। ਸਾਲਾਂ ਤੋਂ, ਓਪੇਕ ਅਤੇ ਹੋਰ ਤੇਲ ਉਤਪਾਦਕ ਦੇਸ਼ਾਂ ਦੇ ਸਹਿਯੋਗ ਨਾਲ ਕੀਮਤਾਂ ਨੂੰ ਕੰਟਰੋਲ ਕਰਨ ਦੇ ਯਤਨ ਕੀਤੇ ਜਾ ਰਹੇ ਹਨ, ਪਰ ਜਦੋਂ ਭੂ-ਰਾਜਨੀਤਿਕ ਤਣਾਅ ਵਧਦਾ ਹੈ, ਤਾਂ ਇਹ ਬਾਜ਼ਾਰ ਨਿਯੰਤਰਣ ਢਾਂਚਾ ਕਮਜ਼ੋਰ ਹੋ ਜਾਂਦਾ ਹੈ।




## ਅਮਰੀਕਾ-ਈਰਾਨ ਟਕਰਾਅ ਅਤੇ ਪਾਬੰਦੀਆਂ ਦੀ ਭੂਮਿਕਾ

ਅਮਰੀਕਾ ਅਤੇ ਈਰਾਨ ਵਿਚਕਾਰ ਦਹਾਕਿਆਂ ਤੋਂ ਚੱਲ ਰਿਹਾ ਟਕਰਾਅ ਹਾਲ ਹੀ ਦੇ ਸਾਲਾਂ ਵਿਚ ਤੇਜ਼ ਹੋ ਗਿਆ ਹੈ। ਖਾਸ ਤੌਰ 'ਤੇ, ਡੋਨਾਲਡ ਟਰੰਪ ਪ੍ਰਸ਼ਾਸਨ ਦੁਆਰਾ ਲਗਾਈਆਂ ਗਈਆਂ ਸਖ਼ਤ ਆਰਥਿਕ ਪਾਬੰਦੀਆਂ ਨੇ ਈਰਾਨ ਦੀ ਆਰਥਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ। ਤੇਲ ਨਿਰਯਾਤ 'ਤੇ ਪਾਬੰਦੀਆਂ ਨੇ ਈਰਾਨ ਦੇ ਆਮਦਨ ਦੇ ਮੁੱਖ ਸਰੋਤ ਨੂੰ ਕਮਜ਼ੋਰ ਕਰ ਦਿੱਤਾ, ਜਿਸ ਕਾਰਨ ਇਸਨੂੰ ਪ੍ਰੌਕਸੀ ਯੁੱਧ, ਸਮੁੰਦਰੀ ਮਾਰਗਾਂ ਨੂੰ ਰੋਕਣ ਅਤੇ ਖੇਤਰੀ ਅਸਥਿਰਤਾ ਪੈਦਾ ਕਰਨ ਵਰਗੀਆਂ ਵਿਕਲਪਿਕ ਰਣਨੀਤੀਆਂ ਦਾ ਸਹਾਰਾ ਲੈਣਾ ਪਿਆ। ਇਨ੍ਹਾਂ ਪਾਬੰਦੀਆਂ ਨੇ ਈਰਾਨ ਨੂੰ ਅੰਤਰਰਾਸ਼ਟਰੀ ਵਿੱਤੀ ਪ੍ਰਣਾਲੀ ਤੋਂ ਲਗਭਗ ਅਲੱਗ ਕਰ ਦਿੱਤਾ। ਨਤੀਜੇ ਵਜੋਂ, ਇਸਨੇ ਵਿਰੋਧ ਅਰਥਵਿਵਸਥਾ ਦੀ ਨੀਤੀ ਅਪਣਾਈ, ਜਿਸ ਵਿਚ ਘਰੇਲੂ ਉਤਪਾਦਨ ਵਧਾਉਣਾ ਅਤੇ ਪੱਛਮੀ ਨਿਰਭਰਤਾ ਨੂੰ ਘਟਾਉਣਾ ਸ਼ਾਮਲ ਹੈ। ਪਰ ਸਵਾਲ ਇਹ ਉੱਠਦਾ ਹੈ: ਕੀ ਇਹ ਨੀਤੀ ਲੰਬੇ ਸਮੇਂ ਵਿਚ ਟਿਕਾਊ ਹੈ?

ਦੋਸਤੋ, ਜੇਕਰ ਅਸੀਂ 'ਹੋਰਮੁਜ਼ ਜਲਡਮਰੂ: ਇੱਕ ਗਲੋਬਲ ਊਰਜਾ ਚੋਕਪੁਆਇੰਟ' 'ਤੇ ਵਿਚਾਰ ਕਰੀਏ, ਤਾਂ ਹੋਰਮੁਜ਼ ਜਲਡਮਰੂ ਵਿਸ਼ਵ ਊਰਜਾ ਸਪਲਾਈ ਵਿਚ ਸਭ ਤੋਂ ਸੰਵੇਦਨਸ਼ੀਲ ਬਿੰਦੂ ਹੈ। ਉੱਥੇ ਕੋਈ ਵੀ ਫੌਜੀ ਕਾਰਵਾਈ ਜਾਂ ਰੁਕਾਵਟ ਤੇਲ ਦੀਆਂ ਕੀਮਤਾਂ ਨੂੰ ਅਸਮਾਨ ਛੂਹ ਸਕਦੀ ਹੈ। 2019 ਅਤੇ ਇਸ ਤੋਂ ਬਾਅਦ, ਇਸ ਖੇਤਰ ਨੇ ਕਈ ਟੈਂਕਰ ਹਮਲੇ, ਡਰੋਨ ਹਮਲੇ ਅਤੇ ਜਲ ਸੈਨਾ ਤਣਾਅ ਦੇਖੇ ਹਨ, ਜਿਨ੍ਹਾਂ ਦਾ ਤੁਰੰਤ ਪ੍ਰਭਾਵ ਵਿਸ਼ਵ ਬਾਜ਼ਾਰਾਂ 'ਤੇ ਪਿਆ ਹੈ। ਈਰਾਨ ਕੋਲ ਇਸ ਰਸਤੇ ਨੂੰ ਵਿਘਨ ਪਾਉਣ ਦੀ ਰਣਨੀਤਕ ਸਮਰੱਥਾ ਹੈ, ਪਰ ਅਜਿਹਾ ਕਰਨ ਨਾਲ ਅੰਤਰਰਾਸ਼ਟਰੀ ਪ੍ਰਤੀਕਿਰਿਆ ਨੂੰ ਸੱਦਾ ਮਿਲਦਾ ਹੈ, ਜਿਸ ਵਿਚ ਨਾਟੋ ਅਤੇ ਹੋਰ ਵਿਸ਼ਵ ਸ਼ਕਤੀਆਂ ਦੇ ਦਖਲ ਦੀ ਸੰਭਾਵਨਾ ਸ਼ਾਮਲ ਹੈ। ਇਸ ਲਈ, ਇਹ ਕਦਮ ਈਰਾਨ ਲਈ ਜ਼ੋਖਮ ਭਰਿਆ ਹੈ।

ਦੋਸਤੋ, ਜੇਕਰ ਅਸੀਂ ਵਿਚਾਰ ਕਰੀਏ ਕਿ ਕੀ ਈਰਾਨ ਆਤਮਘਾਤੀ ਰਸਤੇ 'ਤੇ ਹੈ, ਤਾਂ ਸਵਾਲ ਬਹੁਤ ਗੁੰਝਲਦਾਰ ਹੈ। ਇੱਕ ਪਾਸੇ, ਈਰਾਨ ਆਪਣੀ ਪ੍ਰਭੂਸੱਤਾ, ਖੇਤਰੀ ਪ੍ਰਭਾਵ ਅਤੇ ਸੁਰੱਖਿਆ ਦੀ ਰੱਖਿਆ ਲਈ ਹਮਲਾਵਰ ਨੀਤੀ ਅਪਣਾ ਰਿਹਾ ਹੈ, ਜਦੋਂ ਕਿ ਦੂਜੇ ਪਾਸੇ, ਇਸਦੀ ਆਰਥਿਕਤਾ ਲਗਾਤਾਰ ਦਬਾਅ ਹੇਠ ਹੈ। ਮਹਿੰਗਾਈ, ਬੇਰੁਜ਼ਗਾਰੀ ਅਤੇ ਮੁਦਰਾ ਦੇ ਮੁੱਲ ਵਿਚ ਗਿਰਾਵਟ ਨੇ ਆਮ ਜਨਤਾ ਨੂੰ ਪ੍ਰਭਾਵਿਤ ਕੀਤਾ ਹੈ। ਈਰਾਨ ਦੀ ਰਣਨੀਤੀ ਨੂੰ ਆਤਮਘਾਤੀ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਵਿਸ਼ਵ ਸ਼ਕਤੀਆਂ ਨਾਲ ਸਿੱਧੇ ਟਕਰਾਅ ਵਿਚ ਹੈ। ਆਰਥਿਕ ਪਾਬੰਦੀਆਂ ਇਸਦੀ ਅੰਦਰੂਨੀ ਸਥਿਰਤਾ ਨੂੰ ਕਮਜ਼ੋਰ ਕਰ ਰਹੀਆਂ ਹਨ। ਖੇਤਰੀ ਟਕਰਾਵਾਂ (ਜਿਵੇਂ ਕਿ ਯਮਨ ਅਤੇ ਸੀਰੀਆ) ਵਿਚ ਇਸਦੀ ਸ਼ਮੂਲੀਅਤ ਸਰੋਤਾਂ 'ਤੇ ਵਾਧੂ ਦਬਾਅ ਪਾਉਂਦੀ ਹੈ। ਹਾਲਾਂਕਿ, ਈਰਾਨ ਦਾ ਤਰਕ ਹੈ ਕਿ ਇਹ ਇੱਕ "ਰੱਖਿਆਤਮਕ ਰਣਨੀਤੀ" ਹੈ - ਜੇਕਰ ਇਹ ਪਿੱਛੇ ਹਟਦਾ ਹੈ, ਤਾਂ ਇਸਦੀ ਖੇਤਰੀ ਸਥਿਤੀ ਕਮਜ਼ੋਰ ਹੋ ਜਾਵੇਗੀ। ਇਸ ਲਈ, ਇਹ ਕਹਿਣਾ ਵਧੇਰੇ ਉਚਿਤ ਹੋਵੇਗਾ ਕਿ ਈਰਾਨ ਇੱਕ ਉੱਚ-ਜ਼ੋਖਮ ਵਾਲੀ ਰਣਨੀਤੀ ਅਪਣਾ ਰਿਹਾ ਹੈ, ਜਿਸਨੂੰ ਆਤਮਘਾਤੀ ਅਤੇ ਸਾਹਸੀ ਦੋਵਾਂ ਦ੍ਰਿਸ਼ਟੀਕੋਣਾਂ ਤੋਂ ਦੇਖਿਆ ਜਾ ਸਕਦਾ ਹੈ। ਇਜ਼ਰਾਈਲ-ਈਰਾਨ ਤਣਾਅ ਅਤੇ ਸੰਭਾਵੀ ਯੁੱਧ ਇਜ਼ਰਾਈਲ ਅਤੇ ਈਰਾਨ ਵਿਚਕਾਰ ਤਣਾਅ ਲਗਾਤਾਰ ਵਧ ਰਿਹਾ ਹੈ। ਦੋਵੇਂ ਦੇਸ਼ ਪ੍ਰਮਾਣੂ ਪ੍ਰੋਗਰਾਮਾਂ, ਸਾਈਬਰ ਹਮਲਿਆਂ ਅਤੇ ਖੇਤਰੀ ਪ੍ਰਭਾਵ ਨੂੰ ਲੈ ਕੇ ਟਕਰਾਅ ਵਿਚ ਫਸੇ ਹੋਏ ਹਨ। ਜੇਕਰ ਇਹ ਤਣਾਅ ਇੱਕ ਪੂਰੀ ਤਰ੍ਹਾਂ ਫੈਲੀ ਜੰਗ ਵਿਚ ਬਦਲ ਜਾਂਦਾ ਹੈ, ਤਾਂ ਇਸਦਾ ਪ੍ਰਭਾਵ ਸਿਰਫ਼ ਇਨ੍ਹਾਂ ਦੋਵਾਂ ਦੇਸ਼ਾਂ ਤੱਕ ਸੀਮਤ ਨਹੀਂ ਰਹੇਗਾ, ਸਗੋਂ ਪੂਰੇ ਖੇਤਰ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ।

ਦੋਸਤੋ, ਜੇਕਰ ਅਸੀਂ ਵਿਸ਼ਵ ਅਰਥਵਿਵਸਥਾ 'ਤੇ ਪ੍ਰਭਾਵ 'ਤੇ ਵਿਚਾਰ ਕਰੀਏ: ਊਰਜਾ ਦੀਆਂ ਕੀਮਤਾਂ ਵਿਚ ਵਾਧੇ ਦਾ ਸਿੱਧਾ ਪ੍ਰਭਾਵ ਵਿਸ਼ਵ ਅਰਥਵਿਵਸਥਾ 'ਤੇ ਪੈਂਦਾ ਹੈ। ਜਦੋਂ ਤੇਲ ਮਹਿੰਗਾ ਹੁੰਦਾ ਹੈ, ਤਾਂ ਆਵਾਜਾਈ, ਉਤਪਾਦਨ ਅਤੇ ਖਪਤਕਾਰ ਵਸਤੂਆਂ ਦੀਆਂ ਲਾਗਤਾਂ ਵਧਦੀਆਂ ਹਨ। ਇਹ ਮਹਿੰਗਾਈ ਵਧਾਉਂਦਾ ਹੈ ਅਤੇ ਆਰਥਿਕ ਵਿਕਾਸ ਨੂੰ ਹੌਲੀ ਕਰਦਾ ਹੈ। ਜੇਕਰ ਈਰਾਨ ਨਾਲ ਜੁੜਿਆ ਟਕਰਾਅ ਵਧਦਾ ਹੈ ਅਤੇ ਤੇਲ ਦੀ ਸਪਲਾਈ ਵਿਚ ਵਿਘਨ ਪੈਂਦਾ ਹੈ, ਤਾਂ ਦੁਨੀਆਂ ਨੂੰ 1970 ਦੇ ਦਹਾਕੇ ਵਿਚ ਅਨੁਭਵ ਕੀਤੇ ਗਏ ਊਰਜਾ ਸੰਕਟ ਦਾ ਸਾਹਮਣਾ ਕਰਨਾ ਪੈ ਸਕਦਾ ਹੈ। 1973 ਦੇ ਤੇਲ ਸੰਕਟ ਨੇ ਉਸ ਸਮੇਂ ਵਿਸ਼ਵ ਅਰਥਵਿਵਸਥਾ ਨੂੰ ਹਿਲਾ ਕੇ ਰੱਖ ਦਿੱਤਾ ਸੀ। ਅੱਜ ਦੀ ਵਿਸ਼ਵ ਅਰਥਵਿਵਸਥਾ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਆਪਸ ਵਿਚ ਜੁੜੀ ਹੋਈ ਹੈ, ਇਸ ਲਈ ਕਿਸੇ ਵੀ ਵੱਡੇ ਊਰਜਾ ਸੰਕਟ ਦਾ ਪ੍ਰਭਾਵ ਵਧੇਰੇ ਵਿਆਪਕ ਅਤੇ ਤੇਜ਼ ਹੋਵੇਗਾ। ਅੰਤਰਰਾਸ਼ਟਰੀ ਮੁਦਰਾ ਫੰਡ ਅਤੇ ਵਿਸ਼ਵ ਬੈਂਕ ਵਰਗੇ ਅਦਾਰੇ ਪਹਿਲਾਂ ਹੀ ਚੇਤਾਵਨੀ ਦੇ ਚੁੱਕੇ ਹਨ ਕਿ ਭੂ-ਰਾਜਨੀਤਿਕ ਤਣਾਅ ਵਿਸ਼ਵ ਵਿਕਾਸ ਨੂੰ ਪ੍ਰਭਾਵਤ ਕਰ ਸਕਦੇ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਬਿਰਤਾਂਤ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ ਈਰਾਨ ਨਾਲ ਜੁੜਿਆ ਇਹ ਟਕਰਾਅ, ਊਰਜਾ ਯੁੱਧ ਤੋਂ ਲੈ ਕੇ ਵਿਸ਼ਵ ਸੰਕਟ ਤੱਕ, ਸਿਰਫ਼ ਇੱਕ ਖੇਤਰੀ ਵਿਵਾਦ ਨਹੀਂ ਹੈ, ਸਗੋਂ ਵਿਸ਼ਵ ਸ਼ਕਤੀ ਸੰਤੁਲਨ, ਊਰਜਾ ਸੁਰੱਖਿਆ ਅਤੇ ਆਰਥਿਕ ਸਥਿਰਤਾ ਦਾ ਸਵਾਲ ਹੈ। "ਤੇਲ ਯੁੱਧ" ਰਾਹੀਂ, ਈਰਾਨ ਅਤੇ ਇਸਦੇ ਵਿਰੋਧੀ ਇੱਕ ਦੂਜੇ 'ਤੇ ਦਬਾਅ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪਰ ਪੂਰੀ ਦੁਨੀਆਂ ਇਸਦੇ ਨਤੀਜੇ ਭੁਗਤ ਸਕਦੀ ਹੈ। ਇਹ ਕਹਿਣਾ ਸਮੇਂ ਤੋਂ ਪਹਿਲਾਂ ਹੋਵੇਗਾ ਕਿ ਈਰਾਨ ਆਤਮਘਾਤੀ ਰਾਹ 'ਤੇ ਹੈ, ਪਰ ਇਹ ਯਕੀਨੀ ਹੈ ਕਿ ਇਸਦੀ ਰਣਨੀਤੀ ਬਹੁਤ ਜ਼ੋਖਮ ਭਰੀ ਹੈ। ਜੇਕਰ ਸਮੇਂ ਸਿਰ ਕੂਟਨੀਤਕ ਹੱਲ ਨਹੀਂ ਲੱਭਿਆ ਜਾਂਦਾ ਹੈ, ਤਾਂ ਇਹ ਟਕਰਾਅ ਇੱਕ ਵਿਸ਼ਵਵਿਆਪੀ ਆਰਥਿਕ ਮੰਦੀ ਵੱਲ ਲੈ ਜਾ ਸਕਦਾ ਹੈ। ਇਸ ਲਈ, ਇਹ ਇੱਕ ਅਜਿਹੀ ਸਥਿਤੀ ਹੈ, ਜਿੱਥੇ ਹਰ ਕਦਮ ਦਾ ਪ੍ਰਭਾਵ ਸਰਹੱਦਾਂ ਤੋਂ ਪਾਰ ਹੁੰਦਾ ਹੈ, ਇਸਨੂੰ 21ਵੀਂ ਸਦੀ ਦਾ ਸਭ ਤੋਂ ਮਹੱਤਵਪੂਰਨ ਭੂ-ਰਾਜਨੀਤਿਕ ਅਤੇ ਆਰਥਿਕ ਸੰਕਟ ਬਣਾਉਂਦਾ ਹੈ।

# ਅਪਰਾਧ ਅਤੇ ਸਿਆਸਤ ਵਿਚਕਾਰ ਖ਼ਤਰਨਾਕ ਗੱਠਜੋੜ



**ਅਪ੍ਰੈਲ 2026 ਵਿਚ ਦੇਸ਼ ਦੀਆਂ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪਾਂਡੀਚੇਰੀ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਖੱਬੇ ਪੱਖੀ ਵਿਚਾਰਧਾਰਾ ਵਾਲੇ ਕੇਰਲ ਵਿਚ ਏ.ਡੀ.ਆਰ. ਦੀ 2025 'ਚ ਛਪੀ ਰਿਪੋਰਟ ਵਿਚ ਸਾਹਮਣੇ ਆਇਆ ਕਿ 92 ਵਿਧਾਇਕ ਅਪਰਾਧਿਕ ਮਾਮਲਿਆਂ 'ਚ ਲਿਪਤ ਹਨ। ਇਸ ਸੰਬੰਧੀ ਉਨ੍ਹਾਂ ਵੱਲੋਂ ਦਿੱਤੇ ਹਲਫ਼ਨਾਮਿਆਂ ਵਿਚ ਉਨ੍ਹਾਂ ਇਹ ਗੱਲ ਕਬੂਲੀ ਹੈ ਕਿ ਉਨ੍ਹਾਂ ਖ਼ਿਲਾਫ਼ ਅਪਰਾਧਿਕ ਮਾਮਲੇ ਅਦਾਲਤਾਂ ਵਿਚ ਹਨ। ਪੱਛਮੀ ਬੰਗਾਲ ਦੀ ਏ.ਡੀ.ਆਰ. ਰਿਪੋਰਟ ਦੱਸਦੀ ਹੈ ਕਿ 223 ਤ੍ਰਿਣਮੂਲ ਕਾਂਗਰਸ ਦੇ ਵਿਧਾਇਕਾਂ ਵਿਚੋਂ 92 (41%), ਭਾਜਪਾ ਦੇ 64 ਵਿਚੋਂ 42 (66%) ਵਿਧਾਇਕਾਂ ਖ਼ਿਲਾਫ਼ ਕੇਸ ਕੋਰਟਾਂ ਵਿਚ ਹਨ ਤੇ 50 ਫ਼ੀਸਦੀ ਕਰੋੜਪਤੀ ਹਨ। ਇਨ੍ਹਾਂ ਅਪਰਾਧਿਕ ਮਾਮਲਿਆਂ ਵਿਚ ਧੋਖਾਧੜੀ, ਔਰਤਾਂ ਨਾਲ ਬਲਾਤਕਾਰ ਅਤੇ ਕਤਲ ਤੱਕ ਦੇ ਕੇਸ ਦਰਜ ਹਨ।**



ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA

ਲੋਕਤੰਤਰ ਦੀ ਮਜ਼ਬੂਤੀ ਸਾਫ਼-ਸੁਥਰੀ ਸਿਆਸਤ 'ਤੇ ਨਿਰਭਰ ਕਰਦੀ ਹੈ, ਪਰ ਜਦੋਂ ਕਾਨੂੰਨ ਬਣਾਉਣ ਵਾਲੇ ਹੀ ਕਾਨੂੰਨ ਤੋੜਨ ਦੇ ਦੋਸ਼ਾਂ 'ਚ ਘਿਰੇ ਹੋਣ, ਤਾਂ ਇਹ ਪ੍ਰਣਾਲੀ ਲਈ ਵੱਡੀ ਚਿੰਤਾ ਬਣ ਜਾਂਦੀ ਹੈ। ਭਾਰਤ ਵਰਗੇ ਵਿਸ਼ਾਲ ਲੋਕਤੰਤਰ ਵਿਚ ਅਪਰਾਧ ਅਤੇ ਸਿਆਸਤ ਦੇ ਵਿਚਕਾਰ ਵੱਧਦਾ ਗੱਠਜੋੜ ਨਾ ਸਿਰਫ਼ ਨੈਤਿਕ ਪਤਨ ਦਾ ਸੰਕੇਤ ਹੈ, ਸਗੋਂ ਇਹ ਲੋਕਤੰਤਰ ਦੀ ਜੜ੍ਹ ਨੂੰ ਵੀ ਕਮਜ਼ੋਰ ਕਰ ਰਿਹਾ ਹੈ।

ਸਿਆਸੀ ਪਾਰਟੀਆਂ ਆਪਣੇ ਸਿਧਾਂਤਾਂ ਨੂੰ ਛਿੱਕੇ ਟੰਗ ਕੇ ਆਪਰਾਧਿਕ ਪਿਛੋਕੜ ਵਾਲੇ ਲੋਕਾਂ ਨੂੰ ਉਨ੍ਹਾਂ ਸੰਵਿਧਾਨਕ ਅਹੁਦਿਆਂ ਉੱਤੇ ਬੈਠਾ ਦਿੰਦੀਆਂ ਹਨ, ਉਨ੍ਹਾਂ ਹੱਥ ਦੇਸ਼ ਦੀ ਵਾਗਡੋਰ ਸੰਭਾਲ਼ ਦਿੰਦੀਆਂ ਹਨ, ਜਿੱਥੇ ਉਹ ਉਸ ਸੰਵਿਧਾਨਕ ਪ੍ਰਕਿਰਿਆ ਦਾ ਹਿੱਸਾ ਬਣ ਜਾਂਦੇ ਹਨ, ਜਿੱਥੇ ਨਾ ਸਿਰਫ਼ ਦੇਸ਼ ਦੇ ਅਹਿਮ ਫ਼ੈਸਲੇ ਹੀ ਲਏ ਜਾਂਦੇ ਹਨ, ਸਗੋਂ ਕਾਨੂੰਨ ਵੀ ਬਣਾਏ ਜਾਂਦੇ ਹਨ। ਸਵਾਲ ਇਹ ਉੱਠਦਾ ਹੈ ਕਿ ਅਪਰਾਧ ਅਤੇ ਸਿਆਸਤ ਦੇ ਵਿਚਕਾਰ ਇਹ ਕਾਲਾ ਅਤੇ ਖ਼ਤਰਨਾਕ ਗੱਠਜੋੜ ਕਿਉਂ ਅਤੇ ਕਿਵੇਂ ਵੱਧ-ਫੁੱਲ ਰਿਹਾ ਹੈ।

ਭਾਰਤੀ ਸਿਆਸਤ ਵਿਚ ਸਾਰੀਆਂ ਸਿਆਸੀ ਧਿਰਾਂ ਸਾਫ਼-ਸੁਥਰੀ ਸਿਆਸਤ ਦੇ ਪੱਖ ਵਿਚ ਹਨ, ਲੇਕਿਨ ਹੈਰਾਨੀ ਵਾਲੀ ਗੱਲ ਹੈ ਕਿ ਚੋਣਾਂ ਦੌਰਾਨ ਉਨ੍ਹਾਂ ਅਪਰਾਧਿਕ ਪਿਛੋਕੜ ਵਾਲੇ ਨੇਤਾਵਾਂ ਨੂੰ ਅੱਗੇ ਲਿਆਉਣ 'ਚ ਕੋਈ ਹਿਚਕਾਹਟ ਨਹੀਂ ਵਿਖਾਈ ਜਾਂਦੀ। ਨਤੀਜਾ ਇਹ ਨਿਕਲਦਾ ਹੈ ਕਿ ਦਾਗ਼ੀ ਨੇਤਾ ਵਿਧਾਨ ਸਭਾਵਾਂ ਤੋਂ ਲੈ ਕੇ ਭਾਰਤੀ ਸੰਸਦ ਤੱਕ ਪਹੁੰਚ ਜਾਂਦੇ ਹਨ ਅਤੇ ਹੋਰ ਤਾਕਤਵਰ "ਧੱਕਾ-ਧੌਂਸ ਨੇਤਾ" ਬਣ ਜਾਂਦੇ ਹਨ।

ਦੇਸ਼ ਵਿਚ ਪਿਛਲੇ ਕਈ ਦਹਾਕਿਆਂ ਵਿਚ ਸਿਆਸਤ ਦਾ ਜਿਸ ਤਰ੍ਹਾਂ ਅਪਰਾਧੀਕਰਨ ਹੋਇਆ ਹੈ, ਉਸ ਨਾਲ ਲੋਕਤੰਤਰ ਦੇ ਉਦੇਸ਼ਾਂ ਅਤੇ ਨਿਸ਼ਾਨਿਆਂ ਨੂੰ ਗਹਿਰੀ ਸੱਟ ਲੱਗੀ ਹੈ। ਭਾਰਤੀ ਪਾਰਲੀਮੈਂਟ ਵਿਚ ਸਿਆਣਿਆਂ ਦੇ ਸਦਨ "ਰਾਜ ਸਭਾ" ਸੰਬੰਧੀ ਛਪੀ ਇੱਕ ਰਿਪੋਰਟ ਨਾਲ ਆਮ ਲੋਕਾਂ 'ਚ ਵੱਡੀ ਚਿੰਤਾ ਉਸ ਸਮੇਂ ਸਾਹਮਣੇ ਆਈ, ਜਦੋਂ ਵੇਖਿਆ ਗਿਆ ਕਿ ਰਾਜ ਸਭਾ ਦੇ 32 ਫ਼ੀਸਦੀ ਮੌਜੂਦਾ ਮੈਂਬਰਾਂ ਉੱਤੇ ਅਪਰਾਧਿਕ ਮਾਮਲੇ ਭਾਰਤੀ ਅਦਾਲਤਾਂ ਵਿਚ ਲੰਬਿਤ ਹਨ। ਉਹ ਰਾਜ ਸਭਾ, ਜਿਸ ਵਿਚ ਮੈਂਬਰ ਹਰ 6 ਸਾਲਾਂ ਬਾਅਦ ਸੂਬਿਆਂ ਦੀਆਂ ਵਿਧਾਨ ਸਭਾਵਾਂ, ਵਿਧਾਨ ਪ੍ਰੀਸ਼ਦਾਂ ਦੇ ਮੈਂਬਰਾਂ ਵੱਲੋਂ ਚੁਣੇ ਜਾਂਦੇ ਹਨ ਅਤੇ ਕੁਝ ਪ੍ਰਤੀਸ਼ਤ ਭਾਰਤ ਸਰਕਾਰ ਵੱਲੋਂ ਚੰਗੀ ਯੋਗਤਾ, ਵੱਖ-ਵੱਖ ਖੇਤਰਾਂ 'ਚ ਪ੍ਰਸਿੱਧੀ ਪ੍ਰਾਪਤ ਲੋਕ ਭੇਜੇ ਜਾਂਦੇ ਹਨ ਅਤੇ ਸਿਆਸੀ ਧਿਰਾਂ ਵਾਹ ਲੱਗਦੀ ਆਪਣੇ ਸਿਆਣੇ ਮੈਂਬਰਾਂ ਨੂੰ ਇਸ "ਸਿਆਣੀ ਸੰਸਦ" ਵਿਚ ਭੇਜਣ ਦਾ ਦਾਅਵਾ ਕਰਦੀਆਂ ਹਨ।

ਅਪ੍ਰੈਲ 2026 ਵਿਚ ਦੇਸ਼ ਦੀਆਂ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਪਾਂਡੀਚੇਰੀ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਖੱਬੇ ਪੱਖੀ ਵਿਚਾਰਧਾਰਾ ਵਾਲੇ ਕੇਰਲ ਵਿਚ ਏ.ਡੀ.ਆਰ. ਦੀ 2025 'ਚ ਛਪੀ ਰਿਪੋਰਟ ਵਿਚ ਸਾਹਮਣੇ ਆਇਆ ਕਿ 92 ਵਿਧਾਇਕ ਅਪਰਾਧਿਕ ਮਾਮਲਿਆਂ 'ਚ ਲਿਪਤ ਹਨ। ਇਸ ਸੰਬੰਧੀ ਉਨ੍ਹਾਂ ਵੱਲੋਂ ਦਿੱਤੇ ਹਲਫ਼ਨਾਮਿਆਂ ਵਿਚ ਉਨ੍ਹਾਂ ਇਹ ਗੱਲ ਕਬੂਲੀ ਹੈ ਕਿ ਉਨ੍ਹਾਂ ਖ਼ਿਲਾਫ਼ ਅਪਰਾਧਿਕ ਮਾਮਲੇ ਅਦਾਲਤਾਂ ਵਿਚ ਹਨ। ਪੱਛਮੀ ਬੰਗਾਲ ਦੀ ਏ.ਡੀ.ਆਰ. ਰਿਪੋਰਟ ਦੱਸਦੀ ਹੈ ਕਿ 223 ਤ੍ਰਿਣਮੂਲ ਕਾਂਗਰਸ ਦੇ ਵਿਧਾਇਕਾਂ ਵਿਚੋਂ 92 (41%), ਭਾਜਪਾ ਦੇ 64 ਵਿਚੋਂ 42 (66%) ਵਿਧਾਇਕਾਂ ਖ਼ਿਲਾਫ਼ ਕੇਸ ਕੋਰਟਾਂ ਵਿਚ ਹਨ ਤੇ 50 ਫ਼ੀਸਦੀ ਕਰੋੜਪਤੀ ਹਨ। ਇਨ੍ਹਾਂ ਅਪਰਾਧਿਕ ਮਾਮਲਿਆਂ ਵਿਚ ਧੋਖਾਧੜੀ, ਔਰਤਾਂ ਨਾਲ ਬਲਾਤਕਾਰ ਅਤੇ ਕਤਲ ਤੱਕ ਦੇ ਕੇਸ ਦਰਜ ਹਨ। ਤਾਮਿਲਨਾਡੂ ਵਿਚ 224 ਵਿਚੋਂ 134 ਵਿਧਾਇਕਾਂ ਉੱਤੇ, ਅਸਾਮ ਵਿਚ 34 ਵਿਧਾਇਕ ਅਤੇ ਪਾਂਡੀਚੇਰੀ 'ਚ 30 ਵਿਚੋਂ 13 ਵਿਧਾਇਕਾਂ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਅਸਲ ਵਿਚ ਸਿਰਫ਼ ਕੁਝ ਪਾਰਟੀਆਂ ਨੂੰ ਛੱਡ ਕੇ ਬਾਕੀ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਵਿਚੋਂ ਬਹੁਤਿਆਂ ਵਿਰੁੱਧ ਇਹ ਕੇਸ ਅਦਾਲਤਾਂ ਵਿਚ ਲੰਮੇ ਸਮੇਂ ਤੋਂ ਚੱਲ ਰਹੇ ਹਨ।

ਧਿਆਨ ਦੇਣ ਯੋਗ ਹੈ ਕਿ ਹਰ ਸਾਲ ਏ.ਡੀ.ਆਰ. ਦੀ ਰਿਪੋਰਟ ਛਪਦੀ ਹੈ। ਇਸ ਪ੍ਰਤੀ ਚਿੰਤਾ ਵੱਡੇ ਪੱਧਰ 'ਤੇ ਦਰਸਾਈ ਜਾਂਦੀ ਹੈ, ਪਰ ਬਾਅਦ ਵਿਚ ਚੁੱਪੀ ਸਾਧ ਲਈ ਜਾਂਦੀ ਹੈ, ਜਿਵੇਂ ਇਹ ਇੱਕ ਸਾਧਾਰਣ ਜਿਹੀ ਰਿਪੋਰਟ ਹੈ।

ਪਰ ਇਵੇਂ ਲੱਗਦਾ ਹੈ ਕਿ ਨਾ ਤਾਂ ਕੋਈ ਸਿਆਸੀ ਦਲ ਇਸਨੂੰ ਗੰਭੀਰਤਾ ਨਾਲ ਲੈਂਦਾ ਹੈ ਅਤੇ ਨਾ ਹੀ ਭਾਰਤੀ ਚੋਣ ਕਮਿਸ਼ਨ ਇਸ ਸੰਬੰਧੀ ਕੋਈ ਠੋਸ ਪਹਿਲ ਕਰਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਹਰ ਵਾਰ ਦਾਗ਼ੀ ਪਿਛੋਕੜ ਵਾਲੇ ਲੋਕਾਂ ਨੂੰ ਸਿਆਸੀ ਪਾਰਟੀਆਂ ਟਿਕਟ ਦੇ ਦਿੰਦੀਆਂ ਹਨ ਅਤੇ ਉਸਦੇ ਨਾਮਜ਼ਦਗੀ 'ਤੇ ਚੋਣ ਕਮਿਸ਼ਨ ਦੀ ਮੋਹਰ ਲੱਗ ਜਾਂਦੀ ਹੈ।

ਨਰਿੰਦਰ ਮੋਦੀ ਜਦੋਂ 26 ਮਈ 2014 ਵਿਚ ਦੇਸ਼ ਦੇ ਪ੍ਰਧਾਨ ਮੰਤਰੀ ਬਣੇ ਸਨ, ਤਾਂ ਉਨ੍ਹਾਂ ਪਾਰਲੀਮੈਂਟ ਵਿਚ ਇਹ ਗੱਲ ਗੱਜ-ਵੱਜ ਕੇ ਕਹੀ ਸੀ ਕਿ 'ਉਹ ਦੇਸ਼ ਦੀ ਪਾਰਲੀਮੈਂਟ ਵਿਚੋਂ ਅਪਰਾਧਿਕ ਪਿਛੋਕੜ ਵਾਲੇ ਲੋਕਾਂ ਤੋਂ ਸਮੁੱਚੀ ਸੰਸਦ ਨੂੰ ਮੁਕਤੀ ਦਿਵਾਉਣਗੇ।' ਪਰ ਆਪਣੇ 2014 ਤੋਂ 2026 ਤੱਕ ਦੇ ਰਾਜਕਾਲ 'ਚ ਏ.ਡੀ.ਆਰ. ਦੀ ਰਿਪੋਰਟ ਅਨੁਸਾਰ ਅਪਰਾਧਿਕ ਮਾਮਲਿਆਂ ਵਾਲੇ ਐੱਮ.ਪੀ. ਅਤੇ ਐੱਮ.ਐੱਲ.ਏ. ਦੀ ਹਕੀਕਤ ਇਹ ਹੈ ਕਿ ਮੌਜੂਦਾ ਲੋਕ ਸਭਾ, ਜੋ 2024 ਵਿਚ ਚੁਣੀ ਗਈ, ਕੁੱਲ 543 ਮੈਂਬਰਾਂ ਵਿਚੋਂ 251 (46%) ਉੱਤੇ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿਚ 170 ਉੱਤੇ ਗੰਭੀਰ ਅਪਰਾਧਿਕ ਮਾਮਲੇ ਹਨ, ਜਿਨ੍ਹਾਂ ਵਿਚ 151 ਇਨ੍ਹਾਂ ਕਾਨੂੰਨ-ਘਾੜਿਆਂ ਵਿਰੁੱਧ ਔਰਤਾਂ ਨਾਲ ਬਲਾਤਕਾਰ ਅਤੇ ਹੋਰ ਮਾਮਲਿਆਂ ਸੰਬੰਧੀ ਕੇਸ ਹਨ। ਦੇਸ਼ ਵਿਚ ਭਾਜਪਾ ਦੇ ਐੱਮ.ਪੀ. ਇਨ੍ਹਾਂ ਮਾਮਲਿਆਂ 'ਚ ਪਹਿਲੇ ਨੰਬਰ ਉੱਤੇ ਅਤੇ ਕਾਂਗਰਸ ਦੇ ਐੱਮ.ਪੀ. ਦੂਜੇ ਨੰਬਰ ਉੱਤੇ ਹਨ। ਇਹ ਅਪਰਾਧਿਕ ਮਾਮਲੇ ਅਦਾਲਤਾਂ ਵਿਚ ਭੁਗਤ ਰਹੇ ਹਨ।

ਸਿਤਮ ਦੀ ਗੱਲ ਵੇਖੋ ਕਿ ਦੇਸ਼ ਦਾ ਰਾਜਭਾਗ ਚਲਾਉਣ ਵਾਲੇ ਕੇਂਦਰ ਅਤੇ ਰਾਜ ਸਰਕਾਰਾਂ ਦੇ ਕੁੱਲ ਮੰਤਰੀਆਂ ਵਿਚੋਂ 47 ਫ਼ੀਸਦੀ ਉੱਤੇ ਅਪਰਾਧਿਕ ਮਾਮਲੇ ਦਰਜ ਹਨ। ਇੱਕ ਏ.ਡੀ.ਆਰ. ਰਿਪੋਰਟ ਅਨੁਸਾਰ ਦੇਸ਼ ਦੇ 643 ਮੰਤਰੀਆਂ, ਜਿਨ੍ਹਾਂ ਵਿਚ ਕੇਂਦਰ ਅਤੇ 27 ਸੂਬਾ ਅਸੈਂਬਲੀ ਦੇ ਕੁੱਲ ਮੰਤਰੀਆਂ ਵਿਚੋਂ 302 (47%) ਵਿਰੁੱਧ ਅਪਰਾਧਿਕ ਅਦਾਲਤੀ ਕੇਸ ਹਨ, ਜਿਨ੍ਹਾਂ ਵਿਚ 174 (27 ਫ਼ੀਸਦੀ) ਮੰਤਰੀਆਂ ਵਿਰੁੱਧ ਗੰਭੀਰ ਦੋਸ਼ ਹਨ।

ਦਾਗ਼ੀ ਸਿਆਸਤਦਾਨਾਂ ਦੇ ਕੇਸਾਂ ਦੀ ਸੁਣਵਾਈ ਲਈ ਵਿਸ਼ੇਸ਼ ਅਦਾਲਤਾਂ ਦਾ ਗਠਨ ਸੁਪਰੀਮ ਕੋਰਟ ਵੱਲੋਂ ਕੀਤਾ ਗਿਆ ਹੈ, ਪਰ ਅਨੇਕਾਂ ਕੇਸਾਂ ਵਿਚ ਫ਼ੈਸਲਾ ਸਾਲਾਂ ਬਾਅਦ ਆਉਂਦਾ ਹੈ ਅਤੇ ਇਹ ਨੇਤਾ ਆਪਣੇ ਅਹੁਦਿਆਂ ਉੱਤੇ ਕਾਇਮ ਰਹਿੰਦੇ ਹਨ। ਕਈ ਵਾਰ ਤਾਂ ਪੁਲਿਸ ਅਤੇ ਪ੍ਰਸ਼ਾਸਨ ਦੇ ਗੱਠਜੋੜ ਦੇ ਕਾਰਨ ਸਮੇਂ-ਸਿਰ ਜਾਂਚ ਹੀ ਪੂਰੀ ਨਹੀਂ ਕੀਤੀ ਜਾਂਦੀ ਅਤੇ ਸਿਆਸੀ ਦਲ ਆਪਣੇ ਇਨ੍ਹਾਂ ਨੇਤਾਵਾਂ ਦਾ ਅਪਰਾਧਿਕ ਪਿਛੋਕੜ ਲੋਕਾਂ ਸਾਹਮਣੇ ਵਿਖਾਉਂਦੇ ਹੀ ਨਹੀਂ। ਹਾਲਾਂਕਿ ਭਾਰਤੀ ਚੋਣ ਆਯੋਗ ਚੋਣ ਲੜਨ ਵਾਲੇ ਇਹੋ-ਜਿਹੇ ਉਮੀਦਵਾਰਾਂ ਨੂੰ ਇਸ ਕਿਸਮ ਦੇ ਵੇਰਵੇ ਪ੍ਰੈੱਸ ਵਿਚ ਦਰਸਾਉਣ ਦੀ ਹਦਾਇਤ ਕਰਦਾ ਹੈ।

ਅਪਰਾਧਿਕ ਪਿਛੋਕੜ ਵਾਲੇ ਇਹ ਨੇਤਾ, ਧੱਕੇ-ਧੌਂਸ ਦੀ ਸਿਆਸਤ ਕਰਦਿਆਂ ਸਰਕਾਰੀ ਮਸ਼ੀਨਰੀ ਦੀ ਵਰਤੋਂ ਕਰਨ ਲਈ ਪੈਸੇ ਅਤੇ ਬਾਹੂਬਲ ਦੀ ਵਰਤੋਂ ਕਰਨ ਤੱਕ ਵੀ ਜਾਂਦੇ ਹਨ। ਹਾਲਾਂਕਿ ਭਾਰਤ ਦੀ ਸਰਬਉੱਚ ਅਦਾਲਤ ਸੁਪਰੀਮ ਕੋਰਟ ਨੇ ਇਨ੍ਹਾਂ ਮਾਮਲਿਆਂ ਸੰਬੰਧੀ ਗੰਭੀਰ ਫ਼ੈਸਲੇ ਲਏ ਹਨ। ਤੇਜ਼ ਗਤੀ ਵਾਲੀਆਂ ਅਦਾਲਤਾਂ ਦਾ ਗਠਨ ਕੀਤਾ ਹੈ, ਤਾਂ ਕਿ ਇਨ੍ਹਾਂ ਕੇਸਾਂ ਦਾ ਹਾਈਕੋਰਟਾਂ ਰਾਹੀਂ ਬਕਾਇਦਾ ਮੁਲਾਂਕਣ ਕਰਨ ਉਪਰੰਤ ਫ਼ੈਸਲੇ ਲਏ ਜਾਣ ਅਤੇ ਉਨ੍ਹਾਂ ਐੱਮ.ਪੀ. ਜਾਂ ਵਿਧਾਇਕਾਂ ਨੂੰ ਆਪਣੇ ਅਹੁਦਿਆਂ ਤੋਂ ਬਰਖ਼ਾਸਤ ਕੀਤਾ ਜਾ ਸਕੇ। ਪਰ ਇਸ ਸੰਬੰਧੀ ਅੱਗੋਂ ਕਾਰਵਾਈ ਚਿੰਤਾ ਦਾ ਵਿਸ਼ਾ ਹੈ।

ਸਿਆਸਤ ਵਿਚ ਜਦੋਂ ਤੋਂ ਬਾਹੂਬਲ ਅਤੇ ਧਨ ਦੀ ਵਰਤੋਂ ਲੋਕਾਂ ਨੂੰ ਪ੍ਰਭਾਵਿਤ ਕਰਨ ਲਈ ਵਧੀ ਹੈ, ਚੋਣਾਂ ਜਿੱਤਣ ਲਈ ਇਸ ਦੀ ਵਰਤੋਂ ਲਗਭਗ ਸਾਰੀਆਂ ਪਾਰਟੀਆਂ ਕਰਨ ਲੱਗੀਆਂ ਹਨ, ਤਾਂ ਕਿ ਸੱਤਾ ਹਥਿਆਈ ਜਾ ਸਕੇ। ਸਿਆਸੀ ਪਾਰਟੀਆਂ ਦੀ ਪਹਿਲ ਹੁਣ ਲੋਕ ਸੇਵਾ ਨਹੀਂ ਰਹੀ, ਸਗੋਂ "ਚੋਣ ਜਿੱਤ" ਤੱਕ ਸੀਮਤ ਹੋ ਗਈ ਹੈ, ਕਿਉਂਕਿ ਦੇਸ਼ ਵਿਚ ਜਾਤ ਅਤੇ ਧਰਮ ਦੇ ਆਧਾਰ ਉੱਤੇ ਵੋਟ ਬੈਂਕ ਹਥਿਆਏ ਜਾ ਰਹੇ ਹਨ। ਇਸੇ ਕਰਕੇ "ਤਾਕਤਵਰ" ਉਮੀਦਵਾਰ ਅੱਗੇ ਆ ਰਹੇ ਹਨ, ਜਿਹੜੇ ਕਾਲੇ ਧਨ ਦੀ ਖੁੱਲ੍ਹੇਆਮ ਵਰਤੋਂ ਕਰਦੇ ਹਨ। ਇਨ੍ਹਾਂ ਪਿੱਛੇ ਗੈਂਗ ਜੁੜੇ ਹਨ ਅਤੇ ਲੋੜ ਵੇਲੇ ਤਾਕਤ ਦੀ ਵਰਤੋਂ ਕਰਦੇ ਹਨ।

ਦੇਸ਼ ਦੇ ਪੇਂਡੂ ਅਤੇ ਪਿਛੜੇ ਖੇਤਰਾਂ ਵਿਚ ਇਨ੍ਹਾਂ ਉਮੀਦਵਾਰਾਂ ਦੇ ਅਪਰਾਧਿਕ ਪਿਛੋਕੜ ਦੀ ਗੱਲ ਨਹੀਂ ਪੁੱਜਦੀ, ਜੇਕਰ ਪੁੱਜਦੀ ਵੀ ਹੈ ਤਾਂ ਸਿਆਸੀ ਧਿਰਾਂ ਇਸਦਾ ਕੋਈ ਨਾ ਕੋਈ ਤੋੜ ਲੱਭ ਕੇ "ਪੈਸੇ" ਦੀ ਵਰਤੋਂ ਕਰਕੇ ਵੋਟਰਾਂ ਨੂੰ ਭਰਮਾ ਲੈਂਦੀਆਂ ਹਨ ਜਾਂ ਡਰਾ ਲੈਂਦੀਆਂ ਹਨ।

ਧਨ ਅਤੇ ਬਲ ਦੀ ਵਰਤੋਂ ਸਿਰਫ਼ ਸਿਆਸਤ ਵਿਚ ਹੀ ਨਹੀਂ, ਸਮੁੱਚੇ ਸਮਾਜ ਵਿਚ ਫੈਲ ਰਹੀ ਹੈ, ਜਿਸ ਨਾਲ ਸਿਆਸਤ ਵਿਚ ਤਾਨਾਸ਼ਾਹੀ ਅਤੇ ਸਮਾਜ ਵਿਚ ਧੱਕੇਸ਼ਾਹੀ ਅਤੇ ਬਾਹੂਬਲ ਸਿਖਰਾਂ ਛੋਹ ਰਿਹਾ ਹੈ। ਚੋਣਾਂ 'ਚ ਸਿਆਸੀ ਧੱਕਾ ਤੇ ਪੈਸੇ ਦੀ ਵਰਤੋਂ ਚੋਣਾਵੀਂ ਬਾਂਡ (ਇਲੈਕਟੋਰਲ ਬੌਂਡਜ਼) ਨੇ ਵਧਾਈ, ਕਿਉਂਕਿ ਵੱਡੇ ਕਾਰਪੋਰੇਟ ਅਸਿੱਧੇ ਨਹੀਂ ਸਗੋਂ ਸਿੱਧੇ ਤੌਰ 'ਤੇ ਇਸ 'ਚ ਆਪਣਾ "ਹਿੱਸਾ", "ਯੋਗਦਾਨ" ਪਾਉਣ ਲੱਗੇ ਅਤੇ ਸਮਾਜ, ਵਪਾਰ, ਸਿਆਸਤ ਨੂੰ ਪ੍ਰਭਾਵਿਤ ਕਰਨ ਲੱਗੇ। ਉਨ੍ਹਾਂ ਦੀ ਪਹੁੰਚ "ਦੰਭੀ ਸਿਆਸਤਦਾਨਾਂ" ਤੱਕ ਵਧੀ ਅਤੇ ਉਨ੍ਹਾਂ ਦੇਸ਼ ਦੀ ਸਿਆਸਤ ਨੂੰ ਪ੍ਰਭਾਵਿਤ ਕਰਨ ਅਤੇ ਆਪਣੇ ਅਨੁਸਾਰ ਨੀਤੀਆਂ ਬਣਾਉਣ ਲਈ ਇਸ ਹਥਿਆਰ ਦੀ ਵਰਤੋਂ ਪਹਿਲਾਂ ਚੁੱਪ-ਚਾਪ ਅਤੇ ਹੁਣ ਸਿੱਧੇ ਤੌਰ 'ਤੇ ਕਰਨੀ ਸ਼ੁਰੂ ਕੀਤੀ ਹੋਈ ਹੈ ਅਤੇ ਦੇਸ਼ ਦੇ ਹਰ ਅਦਾਰੇ ਤੱਕ ਪਹੁੰਚ ਵਧਾਈ ਹੋਈ ਹੈ।

ਜਦੋਂ ਤੱਕ ਸਿਆਸੀ ਧਿਰਾਂ ਸਾਫ਼ ਦਿੱਖ ਅਤੇ ਲੋਕ-ਹਿਤੈਸ਼ੀ ਪਹੁੰਚ ਵਾਲੇ ਲੋਕਾਂ ਨੂੰ ਅੱਗੇ ਨਹੀਂ ਲਿਆਉਂਦੀਆਂ, ਉਦੋਂ ਤੱਕ ਇਸ "ਕਾਲੇ ਕਾਰੋਬਾਰ-ਕਾਲੇ ਬਜ਼ਾਰ" ਉੱਤੇ ਕਾਬੂ ਪਾਉਣਾ ਔਖਾ ਹੈ। ਸਮੇਂ ਦੀ ਲੋੜ ਹੈ ਕਿ ਕਾਇਦੇ-ਕਾਨੂੰਨ ਅਨੁਸਾਰ ਅਪਰਾਧਿਕ ਮਾਮਲੇ ਦਰਜ ਹੋਣ ਉੱਤੇ ਦਾਗ਼ੀ ਨੇਤਾਵਾਂ ਨੂੰ ਚੋਣ ਲੜਨ ਤੋਂ ਰੋਕਿਆ ਜਾਣਾ ਚਾਹੀਦਾ ਹੈ। ਇਹ ਸਾਫ਼-ਸੁਥਰੀ ਰਾਜਨੀਤੀ ਲਈ ਜ਼ਮੀਨ ਤਿਆਰ ਕਰਨ ਦੀ ਦਿਸ਼ਾ ਵੱਲ ਵੱਡਾ ਕਦਮ ਸਾਬਤ ਹੋ ਸਕਦਾ ਹੈ। ਅੱਜ ਭਾਰਤੀ ਲੋਕਤੰਤਰ ਵਿਚ ਪਾਰਦਰਸ਼ਤਾ ਅਤੇ ਜਵਾਬਦੇਹੀ ਸਮੇਂ ਦੀ ਲੋੜ ਹੈ, ਜਿਸ ਤੋਂ ਲਗਭਗ ਸਮੁੱਚੀਆਂ ਸਿਆਸੀ ਪਾਰਟੀਆਂ ਪਿੱਠ ਕਰੀ ਬੈਠੀਆਂ ਹਨ। ਜੇਕਰ ਇਸ ਰੁਝਾਨ ਨੂੰ ਸਮੇਂ ਸਿਰ ਨਹੀਂ ਰੋਕਿਆ ਗਿਆ, ਤਾਂ ਉਹ ਦਿਨ ਦੂਰ ਨਹੀਂ, ਜਦੋਂ ਲੋਕਤੰਤਰ ਸਿਰਫ਼ ਕਾਗਜ਼ੀ ਪ੍ਰਣਾਲੀ ਬਣ ਕੇ ਰਹਿ ਜਾਵੇਗਾ। ਲੋੜ ਹੈ ਕਿ ਸਿਆਸੀ ਪਾਰਟੀਆਂ ਆਪਣੀ ਜ਼ਿੰਮੇਵਾਰੀ ਸਮਝਣ, ਚੋਣ ਪ੍ਰਣਾਲੀ ਵਿਚ ਪਾਰਦਰਸ਼ਤਾ ਲਿਆਈ ਜਾਵੇ ਅਤੇ ਜਨਤਾ ਵੀ ਸਚੇਤ ਹੋ ਕੇ ਸਹੀ ਉਮੀਦਵਾਰਾਂ ਦੀ ਚੋਣ ਕਰੇ। ਕਿਉਂਕਿ ਆਖ਼ਿਰਕਾਰ, ਲੋਕਤੰਤਰ ਦੀ ਅਸਲੀ ਤਾਕਤ ਜਾਗਰੂਕ ਵੋਟਰ ਹੀ ਹੁੰਦਾ ਹੈ।

# ਭਾਰਤੀ ਜਨਤਾ ਪਾਰਟੀ ਦੀ 14 ਮਾਰਚ ਨੂੰ ਕਿੱਲੀ ਚਹਿਲਾਂ (ਮੋਗਾ) ਪੰਜਾਬ ਵਿਖੇ ਹੋਈ ਬਦਲਾਅ ਰੈਲੀ 'ਤੇ ਪੰਛੀ ਝਾਤ !!

ਜੰਗ ਸਿੰਘ ਮਰਸੱਡ
ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ : +1-415-603-7380
ਪੰਜਾਬ ਮੇਲ USA





ਭਾਜਪਾ ਦੀ ਕੇਂਦਰੀ ਲੀਡਰਸ਼ਿਪ ਨੇ 14 ਮਾਰਚ 2026 ਨੂੰ ਪੰਜਾਬ ਦੇ ਜ਼ਿਲ੍ਹਾ ਮੋਗਾ ਦੇ ਸ਼ਹਿਰ 'ਕਿੱਲੀ ਚਹਿਲਾਂ' ਵਿਖੇ ਬਦਲਾਅ ਰੈਲੀ ਕੀਤੀ ਗਈ। ਇਸ ਰੈਲੀ ਨੂੰ ਸੰਬੋਧਨ ਕਰਨ ਲਈ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਉਚੇਚੇ ਤੌਰ 'ਤੇ ਆਏ ਹੋਏ ਸਨ। ਇਸ ਰੈਲੀ ਦਾ ਮੰਤਵ ਇੰਝ ਪ੍ਰਤੀਤ ਹੋ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ 2027 ਵਿਚ ਹੋ ਰਹੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵਿਚ ਚੰਗਾ ਪ੍ਰਦਰਸ਼ਨ ਕਰਨਾ ਚਾਹੁੰਦੀ ਹੈ, ਜਿਸ ਲਈ ਇਸ ਰੈਲੀ ਨੂੰ ਇਕ ਪਹਿਲਾ ਕਦਮ ਵੀ ਦੱਸਿਆ ਜਾ ਰਿਹਾ ਹੈ। ਇਸ ਰੈਲੀ ਨੂੰ ਸਫਲ਼ ਕਰਨ ਲਈ ਕੇਂਦਰ ਦੀ ਭਾਰਤੀ ਜਨਤਾ ਪਾਰਟੀ, ਪੰਜਾਬ ਦੀ ਭਾਰਤੀ ਜਨਤਾ ਪਾਰਟੀ ਨੇ ਅੱਡੀ ਚੋਟੀ ਦਾ ਸਾਰਾ ਜ਼ੋਰ ਵੀ ਲਗਾਇਆ। ਇੱਥੋਂ ਤੱਕ ਕਿ ਪਾਰਟੀ ਵਲੋਂ ਬਕਾਇਦਾ ਤੌਰ 'ਤੇ ਰੈਲੀ ਵਿਚ ਵੱਧ ਤੋਂ ਵੱਧ ਬੰਦੇ ਢੋਹਣ ਲਈ ਬੱਸਾਂ ਦਾ ਜਿਥੇ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਸੀ, ਉਥੇ ਉਨ੍ਹਾਂ ਦੇ ਖਾਣ-ਪੀਣ ਸਮੇਤ ਹਰ ਪ੍ਰਕਾਰ ਦੀ ਸਹੂਲਤ ਦੇਣ ਨੂੰ ਵੀ ਯਕੀਨੀ ਕੀਤਾ ਹੋਇਆ ਦੱਸਿਆ ਜਾ ਰਿਹਾ ਸੀ। ਇਹ ਰੈਲੀ ਪੰਜਾਬ ਦੇ ਉਸ ਇਲਾਕੇ ਵਿਚ ਕੀਤੀ ਗਈ, ਜਿਹੜਾ ਪੰਜਾਬ ਦਾ ਸ਼ੁਰੂ ਤੋਂ ਹੀ ਇਨਕਲਾਬੀ ਏਰੀਆ ਰਿਹਾ ਹੈ ਤੇ ਉਥੇ ਭਾਜਪਾ ਦਾ ਅਸਰ ਰਸੂਖ ਨਾ ਮਾਤਰ ਹੀ ਹੈ। ਭਾਰਤੀ ਜਨਤਾ ਪਾਰਟੀ ਇਥੇ ਇਹ ਰੈਲੀ ਕਰਕੇ ਇਥੋਂ ਦੇ ਲੋਕਾਂ ਵਿਚ ਭਾਰਤੀ ਜਨਤਾ ਪਾਰਟੀ ਪੰਜਾਬ ਪ੍ਰਤੀ ਉਤਸ਼ਾਹ ਲਿਆਉਣਾ ਚਾਹੁੰਦੀ ਸੀ। ਇਸ ਰੈਲੀ ਤੋਂ ਪਹਿਲਾਂ ਕਈ ਧਿਰਾਂ ਵਲੋਂ ਵੱਡੇ ਪੱਧਰ 'ਤੇ ਇਹ ਪ੍ਰਚਾਰ ਵੀ ਕੀਤਾ ਗਿਆ ਕਿ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਪੰਜਾਬ ਨੂੰ ਕਰਜ਼ਾ ਮੁਕਤ ਕਰਕੇ ਜਾਣਗੇ, ਕੁਝ ਦਾ ਕਹਿਣਾ ਇਹ ਵੀ ਸੀ ਪਿਛਲੇ ਕਾਫੀ ਸਮੇਂ ਤੋਂ ਬੰਦੀ ਸਿੱਖ ਜਿਹੜੇ ਅਦਾਲਤਾਂ ਵਲੋਂ ਮਿਲੀਆਂ ਸਜ਼ਾਵਾਂ ਤੋਂ ਕਿਤੇ ਵੱਧ ਸਜ਼ਾਵਾਂ ਭੁਗਤ ਚੁੱਕੇ ਹਨ, ਉਨ੍ਹਾਂ ਦੀ ਰਿਹਾਈ ਦਾ ਐਲਾਨ ਕਰਕੇ ਜਾ ਸਕਦੇ ਹਨ। ਲੋਕਾਂ ਦੇ ਇਕ ਸੈਕਸ਼ਨ ਵਿਚ ਇਹ ਵੀ ਚਰਚਾ ਹੁੰਦੀ ਰਹੀ ਕਿ ਸ਼ਾਇਦ ਪੰਜਾਬ ਦੀ ਰਾਜਧਾਨੀ 'ਚੰਡੀਗੜ੍ਹ' ਨੂੰ ਪੰਜਾਬ ਦੇ ਹਵਾਲੇ ਕਰਨ ਦਾ ਐਲਾਨ ਵੀ ਹੋ ਸਕਦਾ ਹੈ, ਆਦਿ ਪੰਜਾਬ ਦੇ ਪਿਛਲੇ ਕਾਫੀ ਸਮੇਂ ਤੋਂ ਲਟਕ ਰਹੇ ਹੋਰ ਮਸਲਿਆਂ ਨੂੰ ਹੱਲ ਕਰਨ ਦਾ ਐਲਾਨ ਕਰਕੇ ਵੀ ਜਾ ਸਕਦੇ ਹਨ ਵਗੈਰਾ..ਵਗੈਰਾ। ਵੱਖ-ਵੱਖ ਪਾਰਟੀਆਂ ਦੇ ਆਗੂਆਂ ਨੇ ਭਾਜਪਾ ਰੈਲੀ ਤੋਂ ਬਾਅਦ ਇਹ ਵੀ ਅਖਬਾਰੀ ਬਿਆਨ ਦਿੱਤੇ ਕਿ ਭਾਜਪਾ ਦੀ ਕਿੱਲੀ ਚਹਿਲਾਂ ਵਿਖੇ ਹੋਈ ਰੈਲੀ ਵਿਚ ਭਾਰਤੀ ਜਨਤਾ ਪਾਰਟੀ ਵਾਲੇ ਓਨੀ ਜੰਨਤਾ ਨੂੰ ਨਹੀਂ ਲਿਆ ਸਕੇ, ਜਿੰਨਿਆਂ ਦੀ ਉਹ ਕਿਆਸਅਰਾਈਂ ਕਰਦੇ ਸਨ। ਵਿਰੋਧੀ ਪਾਰਟੀਆਂ ਦੇ ਕਈ ਆਗੂਆਂ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਕਿੱਲੀ ਚਹਿਲਾਂ ਰੈਲੀ ਵਿਚ ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਜਿਹੜੇ ਬੰਦੇ ਲਿਆਂਦੇ ਹਨ, ਉਹ ਪੰਜਾਬ ਦੇ ਨੇੜਲੇ ਪ੍ਰਾਂਤਾਂ ਹਰਿਆਣਾ , ਹਿਮਾਚਲ, ਦਿੱਲੀ, ਉੱਤਰ ਪ੍ਰਦੇਸ਼ ਆਦਿ ਵਿਚੋਂ ਆਰ.ਐੱਸ.ਐੱਸ. ਤੇ ਭਾਜਪਾ ਦੇ ਵਰਕਰਾਂ ਤੋਂ ਇਲਾਵਾ ਪੈਸੇ ਦੇ ਜ਼ੋਰ ਨਾਲ ਭਾੜੇ ਦੇ ਟੱਟੂ ਵੀ ਲਿਆਂਦੇ ਹੋਏ ਸਨ। ਇੰਨਾ ਕੁਝ ਕਰਨ ਦੇ ਬਾਵਜੂਦ ਭਾਜਪਾ ਨੂੰ ਪੰਜਾਬ ਵਿਚ ਕੀਤੀ ਇਸ ਬਦਲਾਅ ਰੈਲੀ ਤੋਂ ਨਮੋਸ਼ੀ ਦਾ ਹੀ ਸਾਹਮਣਾ ਕਰਨਾ ਪਿਆ ਹੈ। ਇਹ ਰੈਲੀ ਕਰਕੇ ਭਾਰਤੀ ਜਨਤਾ ਪਾਰਟੀ ਜੋ ਪ੍ਰਭਾਵ ਪੰਜਾਬ ਵਿਚ ਦੇਣਾ ਚਾਹੁੰਦੀ ਸੀ, ਉਸ ਵਿਚ ਉਹ ਬੁਰੀ ਤਰ੍ਹਾਂ ਫੇਲ ਹੋਈ ਹੈ। ਪੰਜਾਬ ਵਿਚ ਭਾਰਤੀ ਜਨਤਾ ਪਾਰਟੀ ਦੇ ਵਕਾਰ ਦੀ ਰਹਿੰਦੀ-ਖੂੰਹਦੀ ਕਸਰ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਵਲੋਂ ਪੰਜਾਬ ਦਾ ਕੋਈ ਮਸਲਾ ਹੱਲ ਕਰਨ ਦਾ ਐਲਾਨ ਕਰਨ ਦੀ ਗੱਲ ਤਾਂ ਦੂਰ ਰਹੀ, ਉਹ ਤਾਂ ਇਹ ਬਿਆਨ ਦੇ ਕੇ ਚਲੇ ਗਏ ਕਿ ਪੰਜਾਬ ਦੇ ਲੋਕਾਂ ਨੇ ਹੋਰ ਪਾਰਟੀਆਂ ਨੂੰ ਪੰਜਾਬ ਵਿਚ ਰਾਜ ਕਰਨ ਦਾ ਮੌਕਾ ਦਿੱਤਾ ਹੈ। ਉਹ ਭਾਰਤੀ ਜਨਤਾ ਪਾਰਟੀ ਨੂੰ ਵੀ ਇਕ ਮੌਕਾ ਰਾਜ ਕਰਨ ਦਾ ਦੇਣਗੇ। ਉਨ੍ਹਾਂ ਨੇ ਇਹ ਵੀ ਆਖਿਆ ਕਿ ਚੋਣਾਂ ਤੋਂ ਬਾਅਦ ਜੇਕਰ ਪੰਜਾਬ ਵਿਚ ਉਨ੍ਹਾਂ ਦੀ ਸਰਕਾਰ ਬਣਦੀ ਹੈ, ਤਾਂ ਉਹ ਪੰਜਾਬ ਵਿਚ ਹੋ ਰਹੇ ਧਰਮ ਪ੍ਰੀਵਰਤਣ ਸਬੰਧੀ ਕਾਨੂੰਨ ਜ਼ਰੂਰ ਬਣਾਉਣਗੇ। ਇਸ ਰੈਲੀ ਦੇ ਮਕਸਦ ਦੀ ਮਿੱਟੀ ਉਸ ਵੇਲੇ ਰੈਲੀ ਵਿਚ ਡਾਕਟਰ ਹਰਜੋਤ ਕਮਲ ਨੇ ਇਹ ਬਿਆਨ ਦੇ ਕੇ ਰੋਲ ਦਿੱਤੀ ਕਿ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਦੀ ਥਾਂ ਤੇ "ਮੋਗਾ" ਨੂੰ ਬਣਾਇਆ ਜਾਵੇ। ਇਸ ਬਿਆਨ ਨੇ ਵੀ ਪੰਜਾਬੀਆਂ ਦੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ ਕਿ ਆਖਰ ਭਾਜਪਾ ਦੀ 'ਚੰਡੀਗੜ੍ਹ' ਬਾਰੇ ਕਿੰਨੀ ਭੱਦੀ ਸੋਚ ਹੈ। ਇਹੋ ਜਿਹੇ ਬਿਆਨਾਂ ਨੇ ਪੰਜਾਬ ਵਿਚ ਭਾਜਪਾ ਦਾ ਉਭਾਰ ਤਾਂ ਕੀ ਲਿਆਉਣਾ ਸੀ, ਬਲਕਿ ਪਾਰਟੀ ਦੀ ਰਹਿੰਦੀ-ਖੂੰਹਦੀ ਫੂਕ ਵੀ ਕੱਢ ਦਿੱਤੀ ਹੈ। ਪੰਜਾਬ ਦੇ ਲੋਕ ਭਲੀਭਾਂਤ ਜਾਣਦੇ ਹਨ ਕਿ ਭਾਰਤੀ ਜੰਨ ਸੰਘ ਤੇ ਹੁਣ ਜਿਹੜੀ ਭਾਰਤੀ ਜਨਤਾ ਪਾਰਟੀ ਦੇਸ਼ ਵਿਚ ਰਾਜ ਕਰ ਰਹੀ ਹੈ, ਉਸ ਦਾ ਦੇਸ਼ ਦੀ ਆਜ਼ਾਦੀ ਤੋਂ ਬਾਅਦ ਪੰਜਾਬ ਪ੍ਰਤੀ ਕਿਹੋ ਜਿਹਾ ਰਵੱਈਆ ਰਿਹਾ ਹੈ ? ਇਹ ਠੀਕ ਹੈ ਕਿ ਕਾਂਗਰਸ ਵੀ ਪੰਜਾਬ ਵਿਰੋਧੀ ਰਹੀ ਹੈ, ਉਸ ਨੇ ਵੀ ਪੰਜਾਬ ਨਾਲ ਪੜਾਅ-ਪੜਾਅ ਤੇ ਧੱਕੇ ਤੇ ਬੇਇਨਸਾਫੀਆਂ ਕੀਤੀਆਂ ਹਨ ਪਰ ਭਾਰਤੀ ਜਨਤਾ ਪਾਰਟੀ ਵਾਲੇ ਤਾਂ ਕਾਂਗਰਸ ਤੋਂ ਵੀ ਚਾਰ ਰਤੀਆਂ ਵਧੇਰੇ ਪੰਜਾਬ ਵਿਰੋਧੀ ਸਾਬਤ ਹੋ ਰਹੇ ਹਨ। ਪੰਜਾਬ ਦੇ ਲੋਕ ਇਸ ਪਾਰਟੀ ਦੇ ਰੋਲ ਨੂੰ ਕਦੇ ਵੀ ਅੱਖੋਂ-ਪਰੋਖੇ ਨਹੀਂ ਕਰ ਸਕਦੇ! ਕਿਸੇ ਤੋਂ ਇਹ ਗੱਲ ਲੁਕੀ ਹੋਈ ਨਹੀਂ ਹੈ ਕਿ ਭਾਰਤੀ ਜਨਤਾ ਪਾਰਟੀ ਭਾਵੇਂ ਦੇਸ਼ ਵਿਚ ਰਾਜ ਕਰ ਰਹੀ ਹੈ ਪਰ ਉਸ ਨੂੰ ਚਲਾਉਣ ਵਾਲੀ ਹਿੰਦੂਆਂ ਦੀ ਕੱਟੜ ਫਾਸ਼ੀਵਾਦੀ ਜਥੇਬੰਦੀ ਆਰ.ਐੱਸ.ਐੱਸ. ਹੈ। ਜੋ ਆਰ.ਐੱਸ.ਐੱਸ. ਦੇ ਆਗੂ ਸਰਕਾਰ ਨੂੰ ਆਦੇਸ਼ ਦੇਂਦੇ ਹਨ, ਉਹ ਅੱਖਾਂ ਮੀਟ ਕੇ ਉਸ 'ਤੇ ਅਮਲ ਕਰਦੀ ਆ ਰਹੀ ਹੈ। ਮੁਸਲਮਾਨ, ਸਿੱਖ, ਈਸਾਈ, ਬੋਧੀ, ਜੈਨੀ ਆਦਿ ਤੇ ਦਲਿਤ ਤਾਂ ਇਨ੍ਹਾਂ ਨੂੰ ਫੁੱਟੀ ਅੱਖ ਨਹੀਂ ਭਾਉਂਦੇ। ਪਿਛਲੇ 10-15 ਸਾਲਾਂ ਤੋਂ ਜੋ-ਜੋ ਕੁਝ ਇਨ੍ਹਾਂ ਨਾਲ ਵਰਤਾਵ ਕੀਤਾ ਗਿਆ ਹੈ ਜਾਂ ਫਿਰ ਕੀਤਾ ਜਾ ਰਿਹਾ ਹੈ, ਸਭ ਦੇ ਸਾਹਮਣੇ ਹੈ। ਇਨ੍ਹਾਂ ਦਾ ਇਕੋ ਇਕ ਨਿਸ਼ਾਨਾ ਦੇਸ਼ ਨੂੰ ਹਿੰਦੂ ਰਾਸ਼ਟਰ ਬਣਾਉਣਾ ਹੈ। ਇਹ ਸਰਕਾਰ ਤੇਜ਼ੀ ਨਾਲ ਹਰ ਹਰਬਾ-ਖਰਬਾ ਵਰਤ ਕੇ ਅੱਗੇ ਵੱਧ ਰਹੀ ਹੈ। ਜੰਮੂ ਕਸ਼ਮੀਰ ਤੇ ਦੇਸ਼ ਦੇ ਮੁਸਲਮਾਨਾਂ ਨੂੰ ਡਰਾ-ਧਮਕਾ ਕੇ ਹੁਣ ਇਸ ਨੇ ਸਾਰਾ ਜ਼ੋਰ ਪੰਜਾਬ ਨੂੰ ਕਾਬੂ ਕਰਨ ਲਈ ਲਗਾਇਆ ਹੋਇਆ ਹੈ। ਭਾਰਤੀ ਜਨਤਾ ਪਾਰਟੀ ਵਾਲੇ ਸਮਝਦੇ ਹਨ, ਜੇਕਰ ਪੰਜਾਬ ਨੂੰ ਕਾਬੂ ਕਰ ਲਿਆ, ਤਾਂ ਉਨ੍ਹਾਂ ਦਾ ਮੰਤਵ ਕਾਫੀ ਹੱਦ ਤੱਕ ਸਿਰੇ ਚੜ੍ਹ ਸਕਦਾ ਹੈ, ਇਸੇ ਕਦਮ ਦੀ ਕੜੀ ਵਿਚ ਪੰਜਾਬ ਵਿਚ ਇਹ ਰੈਲੀ ਰੱਖੀ ਗਈ ਸੀ। ਪੰਜਾਬ ਦੇ ਲੋਕ ਪਿਛਲੇ ਕਾਫੀ ਸਮੇਂ ਤੋਂ ਆਪਸੀ ਭਰਾਤਰੀ ਸਾਂਝ ਨੂੰ ਕਾਇਮ ਰੱਖੇ ਹੋਏ ਚਲੇ ਆ ਰਹੇ ਹਨ। ਇਹ ਹੁਣ ਹਿੰਦੂ ਮੁਸਲਿਮ ਪਾੜਾ ਪਾਉਣ ਤੋਂ ਬਾਅਦ ਪੰਜਾਬ ਵਿਚ ਹਿੰਦੂ-ਸਿੱਖ ਪਾੜ੍ਹਾ ਪਾਉਣਾ ਚਾਹੁੰਦੇ ਹਨ। ਪਰ ਭਾਜਪਾ ਦੀ ਇਸ ਸਰਕਾਰ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਵਿਚ ਉਸ ਨੂੰ ਕਿਸੇ ਹਾਲਤ ਵਿਚ ਇਸ ਵਿਚ ਸਫਲਤਾ ਮਿਲਣ ਵਾਲੀ ਨਹੀਂ ਹੈ। ਕਿਸੇ ਨੇ ਐਵੇਂ ਨਹੀਂ ਆਖਿਆ ਕਿ ਪੰਜਾਬ ਤਾਂ 'ਗੁਰੂਆਂ ਦੇ ਨਾਂ' 'ਤੇ ਜੀਊਂਦਾ ਹੈ। ਪੰਜਾਬ 'ਤੇ ਗੁਰੂ ਸਾਹਿਬਾਨ ਦਾ ਫਲਸਫਾ ਭਾਰੂ ਹੈ, ਇਸੇ ਕਰਕੇ ਜਿਸ ਵੀ ਸਰਕਾਰ ਨੇ ਇਸ ਭਰਾਤਰੀ ਸਾਂਝ ਨੂੰ ਤੋੜਣ ਦਾ ਯਤਨ ਕੀਤਾ ਹੈ, ਉਸ ਨੂੰ ਮੂੰਹ ਦੀ ਹੀ ਖਾਣੀ ਪਈ ਹੈ। ਇਸ ਵੇਲੇ ਪੰਜਾਬ ਬੜੇ ਨਾਜ਼ੁਕ ਦੌਰ ਵਿਚੋਂ ਲੰਘ ਰਿਹਾ ਹੈ। ਅਕਾਲੀ ਪਾਰਟੀ ਪੰਜਾਬੀਆਂ ਵਿਚੋਂ ਪੰਜਾਬ ਦੀ ਖੇਤਰੀ ਪਾਰਟੀ ਹੋਣ ਦਾ ਵਕਾਰ ਖਤਮ ਕਰ ਚੁੱਕੀ ਹੋਣ ਕਰਕੇ ਇਸ ਸਮੇਂ ਪੰਜਾਬ ਸੁਯੋਗ ਲੀਡਰਸ਼ਿਪ ਤੋਂ ਹੀਣਾ ਹੋ ਗਿਆ ਹੈ। ਬਾਦਲਾਂ ਦੀ ਭਾਜਪਾ ਨਾਲ ਸਾਂਝ ਕਰ ਕੇ ਚਲਾਏ ਦਸ ਸਾਲਾਂ ਦੇ ਰਾਜਕਾਲ ਨੇ ਪੰਜਾਬੀਆਂ ਤੇ ਸਿੱਖ ਪੰਥ ਦੇ ਮਨਾਂ ਵਿਚ ਅਜਿਹੀ ਖਟਾਸ ਪੈਦਾ ਕਰ ਦਿੱਤੀ ਹੈ ਕਿ ਉਹ ਕਿਸੇ ਵੀ ਅਕਾਲੀ ਪਾਰਟੀ ਦੀ ਭਾਜਪਾ ਨਾਲ ਸਾਂਝ ਨੂੰ ਬਰਦਾਸ਼ਤ ਕਰਨ ਲਈ ਤਿਆਰ ਨਹੀਂ। ਉਂਝ ਵੀ ਪੰਜਾਬ ਵਿਚ ਸਾਰੀਆਂ ਪਾਰਟੀਆਂ ਚਾਹੇ ਕਾਂਗਰਸ ਹੈ, ਜੋ ਆਪਸ ਵਿਚ ਕਈ ਧੜ੍ਹਿਆਂ ਵਿਚ ਵੰਡੀ ਹੋਈ ਹੈ, ਅਕਾਲੀਆਂ ਦੇ ਕਈ ਦਲ ਬਾਦਲ ਦਲ, ਮਾਨ ਦਲ, ਪੁਨਰ ਸੁਰਜੀਤ ਅਕਾਲੀ ਦਲ ਅਤੇ ਵਿਰਸਾ ਸੰਭਾਲ ਅਕਾਲੀ ਦਲ ਵਿਚ ਵੰਡੀ ਜਾ ਚੁੱਕੀ ਹੈ। ਭਾਜਪਾ ਦੀ ਪੰਜਾਬ ਵਿਚ ਹੋਂਦ ਹੀ ਨਹੀਂ ਹੈ, ਬਹੁਜਨ ਸਮਾਜ ਪਾਰਟੀ ਵੀ ਇਕੱਲੀ ਕੁਝ ਕਰ ਸਕਣ ਦੇ ਸਮਰੱਥ ਨਹੀਂ। ਆਮ ਆਦਮੀ ਪਾਰਟੀ ਤੋਂ ਵੀ ਪੰਜਾਬ ਦੇ ਲੋਕਾਂ ਦਾ ਮਨ ਖੱਟਾ ਹੋ ਗਿਆ ਹੈ। ਇਸ ਨੇ ਵੀ ਪੰਜਾਬੀਆਂ ਨੂੰ ਬੜੇ ਸਬਜ਼ਬਾਗ ਵਿਖਾਏ ਪਰ ਅਮਲਾਂ 'ਤੇ ਖਰੀ ਨਹੀਂ ਉਤਰੀ। ਪੰਜਾਬ ਬੜੇ ਖਤਰਨਾਕ ਮੋੜ੍ਹ 'ਤੇ ਖੜ੍ਹਾ ਹੈ। ਉਹ ਆਪਣੀ ਹੋਂਦ ਦੀ ਲੜਾਈ ਲੜ੍ਹ ਰਿਹਾ ਹੈ। ਜੇਕਰ ਪੰਜਾਬ ਨੂੰ ਬਚਾਉਣਾ ਹੈ, ਤਾਂ ਸਭ ਤੋਂ ਪਹਿਲਾਂ ਪੰਜਾਬ ਦੀ ਹੋਂਦ ਨੂੰ ਬਚਾਉਣਾ ਜਰੂਰੀ ਹੈ। ਇਸ ਲਈ ਪੰਜਾਬੀਆਂ ਨੂੰ ਕੁਝ ਨਸੀਹਤਾਂ 'ਤੇ ਅਮਲ ਕਰਨਾ ਪਵੇਗਾ। ਉਨ੍ਹਾਂ ਨੂੰ ਗੱਦਾਰ, ਭ੍ਰਿਸ਼ਟ, ਦਿੱਲੀ ਕੋਲ ਪੰਜਾਬ ਨੂੰ ਲੁਟਾਉਣ ਵਾਲੇ ਲੀਡਰਾਂ ਤੋਂ ਬਚਣਾ ਪੈਣਾ ਹੈ। ਮਤਲਬ ਸਪੱਸ਼ਟ ਹੈ ਕਿ ਪੰਜਾਬ ਦੀ ਹੋਂਦ ਨੂੰ ਬਚਾਉਣ ਲਈ ਸਾਫ-ਸੁਥਰੀ ਦਿੱਖ ਵਾਲੀ ਈਮਾਨਦਾਰ ਲੀਡਰਸ਼ਿਪ ਨੂੰ ਪੰਜਾਬ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਵਿਚੋਂ ਲੱਭਣਾ ਪਵੇਗਾ। ਇਸ ਲਈ ਪੰਜਾਬ ਨਾਲ ਦਿਲੋਂ ਹਿੱਤ ਕਰਨ ਵਾਲੇ ਆਗੂਆਂ ਦੀ ਚੋਣ ਕਰਨੀ ਪਵੇਗੀ। ਭਾਜਪਾ ਨੂੰ ਛੱਡ ਕੇ ਸਾਰੇ ਅਕਾਲੀ ਦਲਾਂ ਅਤੇ ਹੋਰ ਰਾਜਨੀਤਿਕ ਪਾਰਟੀਆਂ ਸਮੇਤ ਬਹੁ ਸਮਾਜ ਪਾਰਟੀ ਦੇ ਸੱਚੇ-ਸੁੱਚੇ ਲੀਡਰਾਂ ਨੂੰ ਨਾਲ ਲੈ ਕੇ ਇਕੱਠੇ ਹੋ ਕੇ ਪੰਜਾਬ ਨੂੰ ਪਿਆਰ ਕਰਨ ਵਾਲੀ ਲੀਡਰਸ਼ਿਪ ਨੂੰ ਚੁਣਨਾ ਪੈਣਾ ਤਾਂ ਕਿਧਰੇ ਪੰਜਾਬ ਨੂੰ ਰਾਹੇ ਰਸਤੇ ਲਿਆਂਦਾ ਜਾ ਸਕਦਾ ਹੈ। ਇਸ ਵੇਲੇ ਗੱਦੀ ਪਿੱਛੇ ਭੱਜਣ ਦੀ ਥਾਂ 'ਤੇ ਪੰਜਾਬ ਦੀ ਹੋਂਦ ਨੂੰ ਬਚਾਉਣਾ ਜਰੂਰੀ ਹੈ। ਇਸ ਲਈ ਚੰਗੀ ਲੀਡਰਸ਼ਿਪ ਦਾ ਨਿਰਮਾਣ ਕਰਨਾ ਅਹਿਮ ਹੈ। ਆਸ ਹੈ ਕਿ ਪੰਜਾਬ ਦੇ ਹਿਤੈਸ਼ੀ ਲੋਕ ਜਲਦੀ ਤੋਂ ਜਲਦੀ ਇਕੱਠੇ ਹੋ ਕੇ ਚੰਗੀ ਲੀਡਰਸ਼ਿਪ ਦੀ ਚੋਣ ਕਰਕੇ ਇਕ ਬਹੁਤ ਵੱਡਾ ਪਰਉਪਕਾਰੀ ਕੰਮ ਕਰਨ ਦੀ ਭੂਮਿਕਾ ਨਿਭਾਉਣਗੇ।

*ਵਿਰੋਧੀ ਪਾਰਟੀਆਂ ਦੇ ਕਈ ਆਗੂਆਂ ਨੇ ਤਾਂ ਇਥੋਂ ਤੱਕ ਆਖ ਦਿੱਤਾ ਕਿ ਕਿੱਲੀ ਚਹਿਲਾਂ ਰੈਲੀ ਵਿਚ ਭਾਰਤੀ ਜਨਤਾ ਪਾਰਟੀ ਵਾਲਿਆਂ ਨੇ ਜਿਹੜੇ ਬੰਦੇ ਲਿਆਂਦੇ ਹਨ, ਉਹ ਪੰਜਾਬ ਦੇ ਨੇੜਲੇ ਪ੍ਰਾਂਤਾਂ ਹਰਿਆਣਾ , ਹਿਮਾਚਲ, ਦਿੱਲੀ, ਉੱਤਰ ਪ੍ਰਦੇਸ਼ ਆਦਿ ਵਿਚੋਂ ਆਰ.ਐੱਸ.ਐੱਸ. ਤੇ ਭਾਜਪਾ ਦੇ ਵਰਕਰਾਂ ਤੋਂ ਇਲਾਵਾ ਪੈਸੇ ਦੇ ਜ਼ੋਰ ਨਾਲ ਭਾੜੇ ਦੇ ਟੱਟੂ ਵੀ ਲਿਆਂਦੇ ਹੋਏ ਸਨ। ਇੰਨਾ ਕੁਝ ਕਰਨ ਦੇ ਬਾਵਜੂਦ ਭਾਜਪਾ ਨੂੰ ਪੰਜਾਬ ਵਿਚ ਕੀਤੀ ਇਸ ਬਦਲਾਅ ਰੈਲੀ ਤੋਂ ਨਮੋਸ਼ੀ ਦਾ ਹੀ ਸਾਹਮਣਾ ਕਰਨਾ ਪਿਆ ਹੈ।*

# ਆਜ਼ਾਦੀ ਸੰਗਰਾਮ ਦਾ ਇਨਕਲਾਬੀ ਕੌਮੀ ਸ਼ਹੀਦ: ਸ਼ਹੀਦ ਭਗਤ ਸਿੰਘ

## ਸ਼ਹੀਦੀ ਦਿਹਾੜੇ ਨੂੰ ਸਮਰਪਿਤ


-ਡਾ. ਸੰਦੀਪ ਸਿੰਘ ਮੁੰਡੇ
ਸ਼੍ਰੀਗੰਗਾਨਗਰ (ਰਾਜਸਥਾਨ)
ਮੋਬਾਈਲ : 9413652646
ਪੰਜਾਬ ਮੇਲ USA






**ਸਰਦਾਰ ਭਗਤ ਸਿੰਘ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਉਸ ਨੂੰ ਪਲੈਟੋ, ਮਾਰਕਸ, ਲੈਨਿਨ, ਏਂਗਲਜ, ਐਮਿਲ, ਡੌਨ ਬਰੀਨ, ਰੂਸੋ, ਸਾਰਲੋਟ ਪਾਰਕਿਨਜ਼ ਮਿਲਮੈਕ ਆਦਿ ਦਾਰਸ਼ਨਿਕਾ ਦੀ ਵਿਚਾਰਧਾਰਾ ਨੇ ਬੇਹੱਦ ਪ੍ਰਭਾਵਿਤ ਕੀਤਾ ਅਤੇ ਇਨ੍ਹਾਂ ਦੀਆਂ ਕਿਤਾਬਾਂ ਨੇ ਉਸ ਦੇ ਚਿੰਤਨ ਵਿਚ ਹੋਰ ਵੀ ਨਿਖਾਰ ਲਿਆਂਦਾ। ਸਰਦਾਰ ਭਗਤ ਸਿੰਘ ਭਾਰਤੀ ਮਜ਼ਦੂਰਾਂ ਤੇ ਕਿਸਾਨਾਂ ਦੇ ਹੁੰਦੇ ਆਰਥਿਕ ਸ਼ੋਸ਼ਣ ਅਤੇ ਦਮਨ ਤੋਂ ਭਲੀ-ਭਾਂਤ ਜਾਣੂ ਸੀ। ਉਹ ਇਨ੍ਹਾਂ ਦੀ ਆਰਥਿਕ ਹਾਲਤ ਸੁਧਾਰਨ ਵਾਸਤੇ ਇਨ੍ਹਾਂ ਨੂੰ ਵੀ ਇਸ ਆਜ਼ਾਦੀ ਦੀ ਲੜਾਈ ਦਾ ਹਿੱਸਾ ਬਣਾਉਣਾ ਚਾਹੁੰਦਾ ਸੀ। ਭਗਤ ਸਿੰਘ ਦੀ ਅਜਿਹੀ ਸੋਚ ਕਾਰਨ ਆਜ਼ਾਦੀ ਲਹਿਰ ਰਾਜਨੀਤਿਕ ਅਦਾਰਿਆਂ ਤੱਕ ਸੀਮਿਤ ਨਾ ਰਹਿ ਕੇ ਸਮੁੱਚੀ ਸਮਾਜਿਕ, ਆਰਥਿਕ, ਧਾਰਮਿਕ, ਸੱਭਿਆਚਾਰਕ ਪੱਖਾਂ ਨੂੰ ਆਪਣੇ ਅੰਦਰ ਸਮੇਟਦੀ ਹੈ।**

ਭਾਰਤ ਦੇ ਆਜ਼ਾਦੀ ਸੰਗਰਾਮ 'ਚ ਅਨੇਕ ਕ੍ਰਾਂਤੀਕਾਰੀਆਂ ਨੇ ਅਹਿਮ ਭੂਮਿਕਾ ਨਿਭਾਈ ਹੈ, ਪਰ ਇਨ੍ਹਾਂ ਵਿਚੋਂ ਸ਼੍ਰੋਮਣੀ ਸਥਾਨ ਸ਼ਹੀਦ ਭਗਤ ਸਿੰਘ ਨੂੰ ਮਿਲਿਆ ਹੈ। ਸ਼ਹੀਦ ਭਗਤ ਸਿੰਘ ਦੀ ਦ੍ਰਿੜਤਾ ਅਤੇ ਇਨਕਲਾਬੀ ਚੇਤਨਾ ਨੇ ਲੱਖਾਂ ਭਾਰਤੀਆਂ ਦੀ ਸੁੱਤੀ ਚੇਤਨਾ ਨੂੰ ਜਗਾ ਕੇ ਉਨ੍ਹਾਂ ਅੰਦਰ ਗੁਲਾਮੀ ਵਿਰੁੱਧ ਇਨਕਲਾਬੀ ਚੇਤਨਾ ਪੈਦਾ ਕੀਤੀ। ਭਗਤ ਸਿੰਘ ਦਾ ਜਨਮ 28 ਸਤੰਬਰ, 1907 ਨੂੰ ਲਾਇਲਪੁਰ (ਫੈਸਲਾਬਾਦ) ਜ਼ਿਲ੍ਹੇ ਦੇ ਪਿੰਡ ਬੰਗਾ ਵਿਚ ਹੋਇਆ। ਉਸ ਦਾ ਜੱਦੀ ਘਰ ਭਾਰਤੀ ਪੰਜਾਬ ਦੇ ਨਵਾਂ ਸ਼ਹਿਰ (ਹੁਣ ਸ਼ਹੀਦ ਭਗਤ ਸਿੰਘ ਨਗਰ) ਜ਼ਿਲ੍ਹੇ ਦੇ ਖਟਕੜ ਕਲਾਂ ਪਿੰਡ ਵਿਚ ਸਥਿਤ ਹੈ। ਉਸਦੇ ਪਿਤਾ ਦਾ ਨਾਂ ਸਰਦਾਰ ਕਿਸ਼ਨ ਸਿੰਘ ਅਤੇ ਮਾਤਾ ਦਾ ਨਾਂ ਵਿਦਯਾਵਤੀ ਸੀ। ਸਰਦਾਰ ਭਗਤ ਸਿੰਘ ਨੂੰ ਦੇਸ਼ ਭਗਤੀ ਦਾ ਜਜ਼ਬਾ ਅਤੇ ਜਨੂੰਨ ਪਰਿਵਾਰਕ ਵਿਰਾਸਤ ਵਿਚੋਂ ਮਿਲਿਆ ਸੀ। ਉਸ ਦੇ ਘਰ ਦਾ ਮਾਹੌਲ ਦੇਸ਼ਭਗਤੀ ਦੇ ਵਲਵਲਿਆਂ ਨਾਲ ਭਰਪੂਰ ਸੀ। ਬਚਪਨ ਵਿਚ ਜੋ ਕੁਝ ਉਸ ਦੇ ਆਲੇ-ਦੁਆਲੇ ਵਾਪਰਿਆ, ਉਸਦਾ ਉਸ ਦੇ ਬਾਲਮਨ 'ਤੇ ਗਹਿਰਾ ਪ੍ਰਭਾਵ ਪਿਆ ਸੀ।

ਸਰਦਾਰ ਭਗਤ ਸਿੰਘ ਦਾ ਦਾਦਾ ਅਰਜਨ ਸਿੰਘ, ਜਲਾਵਤਨ ਚਾਚਾ ਅਜੀਤ ਸਿੰਘ, ਸ਼ਹੀਦ ਸਰਵਨ ਸਿੰਘ, ਰਾਸ਼ਟਰਵਾਦੀ ਪਿਤਾ ਕਿਸ਼ਨ ਸਿੰਘ ਸਾਰੇ ਹੀ ਅੰਗਰੇਜ਼ ਵਿਰੋਧੀ ਹੋਣ ਕਰਕੇ ਬਚਪਨ ਵਿਚ ਉਸ ਦੇ ਮਨ ਵਿਚ ਵੀ ਅੰਗਰੇਜ਼ੀ ਹਕੂਮਤ ਖਿਲਾਫ਼ ਨਫ਼ਰਤ ਦੇ ਬੀਜ ਪੁੰਗਰਨ ਲੱਗ ਪਏ ਸਨ। ਉਸ ਨੇ ਕ੍ਰਾਂਤੀਕਾਰੀ ਜਜ਼ਬੇ ਵਾਲੇ ਕਰਤਾਰ ਸਿੰਘ ਸਰਾਭਾ ਨੂੰ ਆਪਣੀ ਜ਼ਿੰਦਗੀ ਦਾ ਆਦਰਸ਼ ਮੰਨਿਆ। ਜਲ੍ਹਿਆਂਵਾਲੇ ਬਾਗ ਦੇ ਖ਼ੂਨੀ ਸਾਕੇ (13 ਅਪ੍ਰੈਲ 1919) ਦਾ ਉਸਦੇ ਦਿਲੋ-ਦਿਮਾਗ 'ਤੇ ਇੰਨਾ ਡੂੰਘਾ ਅਸਰ ਹੋਇਆ ਸੀ ਕਿ ਉਸਨੇ ਜਲ੍ਹਿਆਂਵਾਲੇ ਬਾਗ ਦੀ ਖ਼ੂਨੀ ਮਿੱਟੀ ਨੂੰ ਇਕ ਸ਼ੀਸ਼ੀ ਵਿਚ ਭਰ ਕੇ ਆਪਣੇ ਕੋਲ ਰੱਖਿਆ ਹੋਇਆ ਸੀ। ਉਸ ਦੇ ਭਾਵੀ ਮਨਸੂਬਿਆਂ ਦਾ ਤਾਂ ਉਸ ਦੇ ਬਚਪਨ ਵੇਲੇ ਤੋਂ ਹੀ ਪਤਾ ਲੱਗ ਗਿਆ ਸੀ, ਜਦੋਂ ਉਹ ਦਮੂਕਾਂ ਬੀਜਣ ਦੀ ਖੇਡ ਖੇਡ ਰਿਹਾ ਸੀ।

ਸਰਦਾਰ ਭਗਤ ਸਿੰਘ ਸਚਿੰਦਰ ਨਾਥ ਸਨਿਯਾਲ ਨਾਲ ਕੀਤੇ ਪ੍ਰਣ ਮੁਤਾਬਿਕ ਵਿਆਹ ਦੇ ਸਮਾਜਿਕ ਬੰਧਨ ਵਿਚ ਬੱਝਣ ਦੀ ਥਾਂ ਦੇਸ਼ ਦੀ ਆਜ਼ਾਦੀ ਲਈ ਮੌਤ ਲਾੜੀ ਨੂੰ ਵਿਆਹੁਣਾ ਲੋਚਦਾ ਹੈ। ਇਸ ਕਰਕੇ ਉਹ ਘਰ ਨੂੰ ਤਿਆਗ ਕੇ ਕਾਨਪੁਰ ਚਲਾ ਜਾਂਦਾ ਹੈ। ਇਸ ਘਟਨਾ ਦੇ ਨਾਲ ਹੀ ਉਸ ਦੇ ਇਨਕਲਾਬੀ ਜੀਵਨ ਦਾ ਆਰੰਭ ਹੁੰਦਾ ਹੈ। ਉਹ ਨਵੰਬਰ 1921 'ਚ ਆਪਣੀ ਦਸਵੀਂ ਦੀ ਪੜ੍ਹਾਈ ਛੱਡ ਕੇ ਮਹਿਜ 14 ਸਾਲ ਦੀ ਉਮਰ ਵਿਚ ਮਹਾਤਮਾ ਗਾਂਧੀ ਦੁਆਰਾ ਰੌਲਟ-ਐਕਟ ਖ਼ਿਲਾਫ਼ ਚਲਾਈ ਨਾ-ਮਿਲਵਰਤਨ ਦੀ ਲਹਿਰ ਵਿਚ ਹਿੱਸਾ ਲੈਂਦਾ ਹੈ। ਪਰ ਚੌਰਾ-ਚੌਰੀ ਦੀ ਘਟਨਾ ਤੋਂ ਬਾਅਦ ਮਹਾਤਮਾ ਗਾਂਧੀ ਦਾ ਇਸ ਅੰਦੋਲਨ ਨੂੰ ਵਾਪਸ ਲੈਣ ਦਾ ਫ਼ੈਸਲਾ ਭਗਤ ਸਿੰਘ ਨੂੰ ਪਿੱਠ ਵਿਚ ਖੋਭੀ ਛੁਰੀ ਵਾਂਗ ਲੱਗਦਾ ਹੈ। ਭਗਤ ਸਿੰਘ ਦੇ ਆਦਰਸ਼ ਵਿਚ ਗੁਰੂ ਗੋਬਿੰਦ ਸਿੰਘ ਤੇ ਕਰਤਾਰ ਸਿੰਘ ਸਰਾਭਾ ਵਰਗੇ ਯੋਧੇ ਸਨ। ਇਸ ਲਈ ਭਗਤ ਸਿੰਘ ਦੀ ਵਿਚਾਰਧਾਰਾ ਗਾਂਧੀ ਦੀ ਅਹਿੰਸਾ ਨੀਤੀ ਨਾਲ ਮੇਲ ਨਹੀਂ ਖਾਂਦੀ ਸੀ।

ਸਰਦਾਰ ਭਗਤ ਸਿੰਘ ਨੂੰ ਕਿਤਾਬਾਂ ਪੜ੍ਹਨ ਦਾ ਬਹੁਤ ਸ਼ੌਕ ਸੀ। ਉਸ ਨੂੰ ਪਲੈਟੋ, ਮਾਰਕਸ, ਲੈਨਿਨ, ਏਂਗਲਜ, ਐਮਿਲ, ਡੌਨ ਬਰੀਨ, ਰੂਸੋ, ਸਾਰਲੋਟ ਪਾਰਕਿਨਜ਼ ਮਿਲਮੈਕ ਆਦਿ ਦਾਰਸ਼ਨਿਕਾ ਦੀ ਵਿਚਾਰਧਾਰਾ ਨੇ ਬੇਹੱਦ ਪ੍ਰਭਾਵਿਤ ਕੀਤਾ ਅਤੇ ਇਨ੍ਹਾਂ ਦੀਆਂ ਕਿਤਾਬਾਂ ਨੇ ਉਸ ਦੇ ਚਿੰਤਨ ਵਿਚ ਹੋਰ ਵੀ ਨਿਖਾਰ ਲਿਆਂਦਾ। ਸਰਦਾਰ ਭਗਤ ਸਿੰਘ ਭਾਰਤੀ ਮਜ਼ਦੂਰਾਂ ਤੇ ਕਿਸਾਨਾਂ ਦੇ ਹੁੰਦੇ ਆਰਥਿਕ ਸ਼ੋਸ਼ਣ ਅਤੇ ਦਮਨ ਤੋਂ ਭਲੀ-ਭਾਂਤ ਜਾਣੂ ਸੀ। ਉਹ ਇਨ੍ਹਾਂ ਦੀ ਆਰਥਿਕ ਹਾਲਤ ਸੁਧਾਰਨ ਵਾਸਤੇ ਇਨ੍ਹਾਂ ਨੂੰ ਵੀ ਇਸ ਆਜ਼ਾਦੀ ਦੀ ਲੜਾਈ ਦਾ ਹਿੱਸਾ ਬਣਾਉਣਾ ਚਾਹੁੰਦਾ ਸੀ। ਭਗਤ ਸਿੰਘ ਦੀ ਅਜਿਹੀ ਸੋਚ ਕਾਰਨ ਆਜ਼ਾਦੀ ਲਹਿਰ ਰਾਜਨੀਤਿਕ ਅਦਾਰਿਆਂ ਤੱਕ ਸੀਮਿਤ ਨਾ ਰਹਿ ਕੇ ਸਮੁੱਚੀ ਸਮਾਜਿਕ, ਆਰਥਿਕ, ਧਾਰਮਿਕ, ਸੱਭਿਆਚਾਰਕ ਪੱਖਾਂ ਨੂੰ ਆਪਣੇ ਅੰਦਰ ਸਮੇਟਦੀ ਹੈ।

ਸਰਦਾਰ ਭਗਤ ਸਿੰਘ ਨੇ ਹਰ ਥਾਂ 'ਤੇ ਅੰਗਰੇਜ਼ ਸਾਮਰਾਜਵਾਦ ਦਾ ਵਿਰੋਧ ਕੀਤਾ। ਉਹ ਨੌਜਵਾਨਾਂ ਨੂੰ ਇਹ ਪ੍ਰੇਰਨਾ ਦਿੰਦਾ ਰਿਹਾ ਕਿ ਗੁਲਾਮੀ ਅਤੇ ਅਸਮਾਨਤਾ ਵਾਲੇ ਸਮਾਜ ਦਾ ਇਕਜੁੱਟ ਹੋ ਕੇ ਵਿਰੋਧ ਕਰਨਾ ਚਾਹੀਦਾ ਹੈ। ਭਗਤ ਸਿੰਘ ਨੂੰ ਮਾਰਚ 1924 ਨੂੰ ਜੈਤੋ ਵੱਲ ਮੋਰਚਾ ਲਾਉਣ ਜਾ ਰਹੇ ਅਕਾਲੀ ਜੱਥੇ ਦੀ ਬੰਗੇ ਪਿੰਡ ਵਿਚ ਸਵਾਗਤ ਦੀ ਜ਼ਿੰਮੇਵਾਰੀ ਮਿਲੀ। ਪਰ ਅੰਗਰੇਜ਼ ਹਕੂਮਤ ਨੇ ਇਹ ਐਲਾਨ ਕਰਵਾ ਦਿੱਤਾ ਸੀ ਕਿ ਇਹ ਜੱਥਾ ਅੰਗਰੇਜ਼ ਹਕੂਮਤ ਦੇ ਖਿਲਾਫ ਹੈ ਅਤੇ ਇਸ ਜੱਥੇ ਦਾ ਕੋਈ ਸਵਾਗਤ ਨਾ ਕਰੇ। ਅੰਗਰੇਜ਼ਾਂ ਦੀ ਇਸ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ ਭਗਤ ਸਿੰਘ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਇਸ ਅਕਾਲੀ ਜੱਥੇ ਦਾ ਭਰਪੂਰ ਸਵਾਗਤ ਹੀ ਨਹੀਂ ਕੀਤਾ, ਬਲਕਿ ਉਨ੍ਹਾਂ ਲਈ ਲੰਗਰ ਸੇਵਾ ਦਾ ਵੀ ਪ੍ਰਬੰਧ ਕੀਤਾ।

ਸਰਦਾਰ ਭਗਤ ਸਿੰਘ ਚਾਹੁੰਦਾ ਸੀ ਕਿ ਰਾਜ-ਸੱਤਾ ਅੰਗਰੇਜ਼ਾਂ ਦੇ ਹੱਥਾਂ ਵਿਚੋਂ ਨਿਕਲ ਕੇ ਭਾਰਤੀਆਂ ਦੇ ਹੱਥਾਂ ਵਿਚ ਆਵੇ। ਭਾਰਤ ਅੰਦਰ ਸਮਾਜਵਾਦੀ ਸਮਾਜ ਦੀ ਸਿਰਜਣਾ ਅਤੇ ਕੌਮੀ ਲਹਿਰ ਨੂੰ ਜਮਹੂਰੀ ਲੀਹਾਂ 'ਤੇ ਤੋਰਨ ਲਈ ਸਤੰਬਰ 1928 'ਚ ਦਿੱਲੀ ਵਿਖੇ ਹੋਈ ਸਭਾ ਵਿਚ ਭਗਤ ਸਿੰਘ ਦੀਆਂ ਤਰਕ ਭਰਪੂਰ ਦਲੀਲਾਂ ਅਤੇ ਸਿਰਜਣਾਤਮਿਕ ਬਹਿਸ ਤੋਂ ਬਾਅਦ 'ਹਿੰਦੁਸਤਾਨ ਰਿਪਬਲਿਕ ਐਸੋਸੀਏਸ਼ਨ' ਦਾ ਨਾਮ ਬਦਲ ਕੇ 'ਹਿੰਦੁਸਤਾਨ ਸੋਸਲਿਸਟ ਰਿਪਬਲਿਕ ਐਸੋਸੀਏਸ਼ਨ' ਰੱਖ ਦਿੱਤਾ ਜਾਂਦਾ ਹੈ।

ਸਰਦਾਰ ਭਗਤ ਸਿੰਘ ਨੇ ਇਨਕਲਾਬੀ ਲਹਿਰ ਨੂੰ ਧਰਮ ਨਿਰਪੱਖ ਬਣਾਉਣ ਦਾ ਪ੍ਰਯਾਸ ਕੀਤਾ। ਉਸ ਨੇ ਇਨਕਲਾਬੀ ਲਹਿਰ ਨੂੰ ਅੱਗੇ ਵਧਾਉਣ ਲਈ 'ਇਨਕਲਾਬ ਜ਼ਿੰਦਾਬਾਦ, ਸਮਰਾਜਵਾਦ-ਮੁਰਦਾਬਾਦ' ਦਾ ਨਵਾਂ ਨਾਅਰਾ ਦਿੱਤਾ। ਜਦੋਂ ਅਕਤੂਬਰ 1928 'ਚ ਸਾਈਮਨ ਕਮਿਸ਼ਨ ਲਾਹੌਰ ਆਇਆ ਤਾਂ 'ਸਾਈਮਨ ਕਮਿਸ਼ਨ ਵਾਪਸ ਜਾਓ' ਅਤੇ 'ਇਨਕਲਾਬ ਜ਼ਿੰਦਾਬਾਦ' ਦੇ ਨਾਅਰੇ ਲਾ ਕੇ ਉਸ ਦਾ ਵਿਰੋਧ ਕੀਤਾ ਗਇਆ। ਇਸ ਕਮਿਸ਼ਨ ਦਾ ਵਿਰੋਧ ਕਰਦੇ ਲੋਕਾਂ 'ਤੇ ਸਰਕਾਰ ਵਲੋਂ ਕੀਤੇ ਲਾਠੀਚਾਰਜ ਕੀਤਾ ਗਿਆ। ਇਸ ਲਾਠੀਚਾਰਜ ਵਿਚ ਲਾਲਾ ਲਾਜਪਤ ਰਾਏ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਏ ਅਤੇ ਸਦੀਵੀ ਵਿਛੋੜਾ ਦੇ ਗਏ।

ਲਾਲਾ ਲਾਜਪਤ ਰਾਏ ਦੀ ਸ਼ਹੀਦੀ ਤੋਂ ਬਾਅਦ ਭਗਤ ਸਿੰਘ, ਚੰਦਰਸ਼ੇਖਰ, ਰਾਜਗੁਰੂ, ਜੈ ਗੋਪਾਲ, ਸੁਖਦੇਵ ਥਾਪਰ ਆਦਿ ਨੇ ਮਿਲ ਕੇ ਦੋਸ਼ੀ ਪੁਲਿਸ ਸੁਪਰਡੈਂਟ ਸਕਾਟ ਨੂੰ ਮਾਰਨ ਦੀ ਯੋਜਨਾ ਬਣਾਈ। ਉਨ੍ਹਾਂ ਨੇ 17 ਦਸੰਬਰ 1928 ਨੂੰ ਭੁਲੇਖੇ ਨਾਲ ਪੁਲਿਸ ਸੁਪਰਡੈਂਟ ਸਕਾਟ ਦੀ ਥਾਂ ਇੱਕ ਬ੍ਰਿਟਿਸ਼ ਜੂਨੀਅਰ ਪੁਲਿਸ ਅਫਸਰ ਜੌਹਨ ਸਾਂਡਰਸ ਨੂੰ ਗੋਲੀਆਂ ਮਾਰ ਕੇ ਮੌਤ ਦੀ ਨੀਂਦ ਸੁਆ ਦਿੱਤਾ। ਇਸ ਕਤਲੇਆਮ ਦੀ ਜ਼ਿੰਮੇਵਾਰੀ 'ਹਿੰਦੁਸਤਾਨ ਸੋਸਲਿਸ਼ਟ ਰਿਪਬਲਿਕਨ ਐਸੋਸੀਏਸ਼ਨ' ਨੇ ਆਪਣੇ ਸਿਰ ਲਈ। ਦਿੱਲੀ ਅਸੈਂਬਲੀ ਵਿਚ 8 ਅਪ੍ਰੈਲ 1929 ਈ. ਨੂੰ ਵਿਵਾਦ ਭਰੇ 'ਟਰੇਡ ਡਿਸਪਿਊਟ ਬਿੱਲ' ਤੇ 'ਪਬਲਿਕ ਸੇਫਟੀ ਬਿੱਲ' ਉੱਪਰ ਬਹਿਸ ਕਰਨ ਅਤੇ ਵੋਟਾਂ ਪਵਾਉਣ ਲਈ ਕਾਂਗਰਸ ਤੇ ਮੁਸਲਿਮ ਲੀਗ ਦੇ ਵੱਡੇ ਨੇਤਾਵਾਂ ਦਾ ਇਕੱਠ ਹੁੰਦਾ ਹੈ। ਇਸ ਬਿੱਲ ਦੇ ਵਿਰੋਧ ਵਜੋਂ ਭਗਤ ਸਿੰਘ ਅਤੇ ਬੀ.ਕੇ. ਦੱਤ ਅਸੈਂਬਲੀ ਹਾਲ ਅੰਦਰ ਦਾਖਲ ਹੋ ਕੇ ਇਕੱਠ ਵਿਚ ਧੂੰਆ ਅਤੇ ਧਮਾਕਾ ਕਰਨ ਵਾਲਾ ਬੰਬ ਸੁੱਟਦੇ ਹਨ ਅਤੇ 'ਇਨਕਲਾਬ ਜ਼ਿੰਦਾਬਾਦ, ਸਮਰਾਜਵਾਦ-ਮੁਰਦਾਬਾਦ' ਦੇ ਨਾਅਰੇ ਲਾਉਂਦੇ ਹਨ। ਉਨ੍ਹਾਂ ਨੇ ਅਸੈਂਬਲੀ 'ਚ ਬੰਬ ਸੁੱਟਣ ਤੋਂ ਬਾਅਦ ਭਜਣ ਦੀ ਕੋਸ਼ਿਸ਼ ਵੀ ਨਹੀਂ ਕੀਤੀ, ਸਗੋਂ ਨਾਅਰਿਆਂ ਰਾਹੀਂ ਅੰਗਰੇਜ਼ ਹਕੂਮਤ ਨੂੰ ਵੰਗਾਰਦੇ ਹੋਏ ਗ੍ਰਿਫ਼ਤਾਰ ਹੋਏ।

ਅਸੈਂਬਲੀ ਬੰਬ ਕੇਸ ਵਿਚ ਸਰਦਾਰ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਉਮਰ ਕੈਦ ਦੀ ਸਜ਼ਾ ਹੋ ਜਾਂਦੀ ਹੈ। ਇਸ ਸਜ਼ਾ ਤੋਂ ਬਾਅਦ ਅਦਾਲਤ ਵੱਲੋਂ ਦੋਵਾਂ ਨੂੰ ਸਾਂਡਰਸ ਕਤਲ ਕੇਸ ਦੀ ਸੁਣਵਾਈ ਲਈ ਲਾਹੌਰ ਸੈਂਟਰਲ ਜੇਲ੍ਹ ਵਿਚ ਲਿਆਂਦਾ ਜਾਂਦਾ ਹੈ। ਭਗਤ ਸਿੰਘ ਨੇ ਜੇਲ੍ਹ ਵਿਚ ਸਾਥੀਆਂ ਨਾਲ ਮਿਲ ਕੇ ਜੇਲ ਦੇ ਮਾੜੇ ਪ੍ਰਬੰਧ ਅਤੇ ਉਨ੍ਹਾਂ ਨਾਲ ਕੀਤੇ ਜਾਂਦੇ ਅਣਮਨੁੱਖੀ ਵਿਵਹਾਰ ਦੇ ਖਿਲਾਫ ਭੁੱਖ ਹੜਤਾਲ ਵੀ ਕੀਤੀ। ਭਗਤ ਸਿੰਘ ਨੂੰ ਪਤਾ ਸੀ ਕਿ ਅੰਗਰੇਜ਼ ਸਰਕਾਰ ਉਨ੍ਹਾਂ ਨੂੰ ਸਾਂਡਰਸ ਕਤਲ ਕੇਸ ਵਿਚ ਫਾਂਸੀ ਦੀ ਸਜ਼ਾ ਦੇ ਸਕਦੀ ਹੈ। ਇਸ ਲਈ ਇਹ ਕ੍ਰਾਂਤੀਕਾਰੀ ਯੋਧੇ ਮੌਤ ਦੀ ਸਜਾ ਪਾਉਣ ਲਈ ਉਤਾਵਲੇ ਸਨ। ਉਹ ਆਪਣੇ ਮਿੱਥੇ ਉਦੇਸ਼ ਮੁਤਾਬਿਕ ਅਦਾਲਤਾਂ ਵਿਚ ਆਪਣੇ ਉਦੇਸ਼ਾਂ ਦੀ ਵਿਆਖਿਆ ਕਰਕੇ ਦੇਸ਼ ਵਾਸੀਆਂ ਨੂੰ ਸੁਚੇਤ ਕਰ ਰਹੇ ਸਨ। ਉਹ ਮਰਦੇ-ਦਮ ਤੱਕ ਬ੍ਰਿਟਿਸ਼ ਸ਼ਾਸਨ ਦੀ ਕੁਟਿਲਤਾ, ਭ੍ਰਿਸ਼ਟਤਾ ਅਤੇ ਅੱਤਿਆਚਾਰਾਂ ਦਾ ਭਾਂਡਾ ਫੋੜਨਾ ਚਾਹੁੰਦੇ ਸਨ। ਜੇਲ੍ਹ ਵਿਚ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਵਲੋਂ ਕੀਤੀ ਭੁੱਖ ਹੜਤਾਲ ਨੂੰ ਤੋੜਨ ਲਈ ਅੰਗਰੇਜ਼ ਹਕੂਮਤ ਨੇ ਹਰ ਸੰਭਵ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੂੰ ਸਫ਼ਲਤਾ ਨਾ ਮਿਲੀ। ਇਸ ਲੰਮੀ ਭੁੱਖ ਹੜਤਾਲ 'ਚ ਜਤਿੰਦਰ ਨਾਥ ਦਾਸ ਅੰਗਰੇਜ਼ ਸਾਮਰਾਜ ਅੱਗੇ ਤਾਂ ਨਹੀਂ ਹਾਰਦਾ, ਪਰ ਮੌਤ ਅੱਗੇ ਹਾਰ ਜਾਂਦਾ ਹੈ। ਉਸਦੀ ਮੌਤ ਦੂਸਰੇ ਕ੍ਰਾਂਤੀਕਾਰੀਆਂ ਲਈ ਪ੍ਰੇਰਨਾ-ਸਰੋਤ ਬਣਦੀ ਹੈ।

ਸਰਦਾਰ ਭਗਤ ਸਿੰਘ ਨਹੀਂ ਚਾਹੁੰਦਾ ਸੀ ਕਿ ਦੇਸ਼ ਦੇ ਨੌਜਵਾਨ ਬੰਬ ਤੇ ਪਿਸਤੌਲ ਲੈ ਕੇ ਹਿੰਸਕ ਕਾਰਵਾਈਆਂ ਕਰਨ। ਉਹ ਤਾਂ ਆਮ ਲੋਕਾਂ ਨੂੰ ਜਾਗ੍ਰਿਤ ਕਰਨਾ ਅਤੇ ਇਨਕਲਾਬ ਦੇ ਸੁਨੇਹੇ ਨੂੰ ਦੇਸ਼ ਦੇ ਹਰ ਕੋਨੇ ਤੱਕ ਪਹੁੰਚਾਉਣਾ ਚਾਹੁੰਦਾ ਸੀ, ਪਰ ਅਜੋਕੇ ਸਰਮਾਏਦਾਰ ਪੱਖੀ ਲੋਕ ਉਸ ਨੂੰ ਖ਼ਤਰਨਾਕ ਆਤੰਕਵਾਦੀ ਸਮਝਦੇ ਰਹੇ। ਸਰਦਾਰ ਭਗਤ ਸਿੰਘ ਦੇ ਜੇਲ੍ਹ ਵਿਚ ਰਹਿ ਕੇ ਵੀ ਹੌਂਸਲੇ ਬੁਲੰਦ ਸਨ, ਉਹ ਇਥੇ ਜ਼ਿਆਦਾ ਸਮਾਂ ਵਿਸ਼ਵ ਪੱਧਰ ਦੇ ਚਿੰਤਕਾਂ ਦੀਆਂ ਪੁਸਤਕਾਂ ਦਾ ਲਗਾਤਾਰ ਅਧਿਐਨ ਕਰਦਾ ਰਹਿੰਦਾ ਅਤੇ ਨਾਲ ਹੀ ਆਪਣੇ ਦੋਸਤਾਂ ਤੇ ਪਰਿਵਾਰ ਨਾਲ ਮੁਲਾਕਾਤਾਂ ਤੇ ਖ਼ਤਾਂ ਰਾਹੀਂ ਆਪਣਾ ਦੁੱਖ-ਸੁੱਖ ਸਾਂਝਾ ਕਰਦਾ ਰਹਿੰਦਾ ਸੀ। ਸਾਂਡਰਸ ਕਤਲ ਕੇਸ ਵਿਚ ਅੰਗਰੇਜ਼ ਸਰਕਾਰ ਇਕਪਾਸੜ ਮੁਕੱਦਮਾ ਚਲਾ ਕੇ ਸੁਖਦੇਵ, ਭਗਤ ਸਿੰਘ ਅਤੇ ਰਾਜਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਉਂਦੀ ਹੈ। ਬਰਤਾਨਵੀ ਸਾਮਰਾਜ ਨੇ 23 ਮਾਰਚ 1931 ਨੂੰ ਭਗਤ ਸਿੰਘ ਅਤੇ ਉਸਦੇ ਸਾਥੀਆਂ ਨੂੰ ਲਾਹੌਰ ਦੇ ਕਿਲ੍ਹੇ ਵਿਚ ਫਾਂਸੀ ਦੇ ਕੇ ਰਾਤੋ-ਰਾਤ ਪੁਲਿਸ ਅਤੇ ਫ਼ੌਜ ਦੇ ਪਹਿਰੇ ਹੇਠ ਫਿਰੋਜ਼ਪੁਰ ਦੇ ਨੇੜੇ ਸਤਲੁਜ ਦੇ ਕੰਢੇ 'ਤੇ ਉਨ੍ਹਾਂ ਦੀਆਂ ਲਾਸ਼ਾਂ ਨੂੰ ਅੱਗ ਦੇ ਹਵਾਲੇ ਕਰ ਦਿੱਤਾ। ਇਸ ਤਰਾਂ ਬ੍ਰਿਟਿਸ਼ ਸਾਮਰਾਜ ਨੇ ਸਾਜਿਸ਼ ਰਚਕੇ ਸਰਦਾਰ ਭਗਤ ਸਿੰਘ ਤੇ ਉਸਦੇ ਸਾਥੀਆਂ ਨੂੰ ਸਰੀਰਕ ਤੌਰ 'ਤੇ ਤਾਂ ਖਤਮ ਕਰ ਦਿੱਤਾ, ਪਰ ਉਨ੍ਹਾਂ ਦੀ ਇਨਕਲਾਬੀ ਸੋਚ ਅਤੇ ਵਿਚਾਰਧਾਰਾ ਨੂੰ ਖਤਮ ਨਹੀਂ ਕਰ ਸਕੇ।

# ਸ਼ਹੀਦਾਂ ਦੀ ਸੋਚ ਦਾ ਪੰਜਾਬ

'ਲਗੇਗੇਂ ਸ਼ਹੀਦੋਂ ਕੀ ਚਿਤਾਓਂ ਪੇ ਮੇਲੇ ਵਤਨ ਪਰ ਮਿਟਨੇ ਵਾਲੋਂ ਕਾ ਯਹੀ ਬਾਕੀ ਨਿਸ਼ਾਂ ਹੋਗਾ'। 23 ਮਾਰਚ ਦਾ ਦਿਹਾੜਾ ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ, ਸੁਖਦੇਵ ਅਤੇ ਰਾਜਗੁਰੂ ਦੀ ਸ਼ਹਾਦਤ ਨੂੰ ਨਮਨ ਕਰਦਾ ਹੈ ਕਿਉਂਕਿ ਇਸ ਦਿਨ ਅੱਜ ਤੋਂ ਪੰਚਾਨਵੇਂ ਸਾਲ ਪਹਿਲਾਂ ਭਾਰਤ ਮਾਂ ਦੇ ਇਹ ਤਿੰਨ ਮਹਾਨ ਸਪੂਤ ਆਜ਼ਾਦੀ ਲਈ ਸ਼ਹਾਦਤ ਦਾ ਜ਼ਾਮ ਪੀ ਗਏ। ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ ਅਜਿਹਾ ਪੰਜਾਬ ਸਿਰਜਣਾ ਚਾਹੁੰਦੇ ਸਨ, ਜਿਥੇ ਕੋਈ ਭੇਦਭਾਵ ਨਾ ਹੋਵੇ, ਸਾਰੇ ਸਮਾਨ ਹੋਣ, ਆਪਸ ਵਿਚ ਭਾਈਚਾਰਕ ਸਾਂਝ ਹੋਵੇ ਅਤੇ ਫਿਰਕਾਪ੍ਰਸਤੀ ਕੋਹਾਂ ਤੋਂ ਦੂਰ ਹੋਵੇ ਪਰੰਤੂ ਹੋਇਆ ਸਭ ਕੁੱਝ ਉਲਟ। ਭਗਤ ਸਿੰਘ ਨੇ ਜੋ ਸੁਪਨਾ ਦੇਖਿਆ, ਉਹਦੇ ਤਾਂ ਅਸੀਂ ਨੇੜੇ-ਤੇੜੇ ਵੀ ਨਹੀਂ ਪਹੁੰਚ ਸਕੇ। ਅਸੀਂ ਨਿੱਜੀ ਮੁਨਾਫਿਆਂ ਲਈ ਲੋਕਤੰਤਰ ਦਾ ਗਲ਼ਾ ਘੁੱਟਣ ਲਈ ਇੱਕ ਮਿੰਟ ਲਾਉਂਦੇ ਹਾਂ। ਆਪਣੇ ਹੱਕਾਂ ਲਈ ਸੰਘਰਸ਼ ਦੇ ਰਾਹ ਤੁਰੇ ਸਮਾਜਿਕ




ਕਾਰਕੁੰਨਾਂ ਨੂੰ ਸੱਤਾ ਦਾ ਰੁਤਬਾ ਦਿਖਾ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਜਿਹੜਾ ਨਹੀਂ ਦੱਬਦਾ, ਉਸਨੂੰ ਦੇਸ਼ ਧ੍ਰੋਹੀ ਦਾ ਖ਼ਿਤਾਬ ਦੇ ਕੇ ਜੇਲ੍ਹ ਵਿਚ ਡੱਕ ਦਿੱਤਾ

ਰਜਵਿੰਦਰ ਪਾਲ ਸ਼ਰਮਾ
ਬਠਿੰਡਾ
70873-67969
ਪੰਜਾਬ ਮੇਲ USA



ਜਾਂਦਾ ਹੈ। ਬਲਾਤਕਾਰੀ ਅਤੇ ਕਤਲ ਦੇ ਕੇਸਾਂ ਵਿਚ ਨਾਮਜ਼ਦ ਵਿਅਕਤੀਆਂ ਨੂੰ ਆਪਣੇ ਨਿੱਜੀ ਫਾਇਦਿਆਂ ਲਈ ਹਾਕਮ ਵਾਰ-ਵਾਰ ਪੈਰੋਲ ਦਿੰਦੇ ਹਨ, ਜਦਕਿ ਸਮਾਜਿਕ ਕਾਰਕੁੰਨਾ ਦੀ ਸਜ਼ਾ ਹੋਰ ਮਜ਼ਬੂਤ ਕਰ ਦਿੱਤੀ ਜਾਂਦੀ ਹੈ। ਭਗਤ ਸਿੰਘ ਕੇਵਲ ਉਹ ਨਹੀਂ, ਜਿਸਦੇ ਹੱਥ ਵਿਚ ਪਿਸਤੌਲ ਹੈ, ਸਗੋਂ ਭਗਤ ਸਿੰਘ ਉਹ ਵੀ ਹੈ, ਜਿਸਦੇ ਹੱਥ ਵਿਚ ਕਿਤਾਬ ਸੀ। ਉਹ ਕਿਤਾਬਾਂ ਪੜ੍ਹਨ ਦਾ ਸ਼ੌਕੀਨ ਸੀ ਕਿਉਂਕਿ ਭਗਤ ਸਿੰਘ ਨੂੰ ਇਸ ਦੀ ਗਹਿਰੀ ਸਮਝ ਸੀ ਕਿ ਕ੍ਰਾਂਤੀ ਵਿਚਾਰਾਂ ਨਾਲ ਆਉਂਦੀ ਹੈ ਅਤੇ ਵਿਚਾਰਾਂ ਨੂੰ ਪੈਦਾ ਕਰਨ ਵਿਚ ਕਿਤਾਬਾਂ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ। ਭਗਤ ਸਿੰਘ ਦਾ ਕਥਨ ਇਹ ਵਿਸ਼ਵ ਪ੍ਰਸਿੱਧ ਹੈ ਕਿ ਤੁਸੀਂ ਮੇਰੇ ਸਰੀਰ ਨੂੰ ਤਾਂ ਸਾੜ ਸਕਦੇ ਹੋ ਪਰੰਤੂ ਮੇਰੇ ਵਿਚਾਰਾਂ ਨੂੰ ਨਹੀਂ ਮਾਰ ਸਕਦੇ। ਜੇਕਰ ਅਸੀਂ ਸੱਚਮੁੱਚ ਭਗਤ ਸਿੰਘ ਦੇ ਸੁਪਨਿਆਂ ਦਾ ਪੰਜਾਬ ਸਿਰਜਣਾ ਚਾਹੁੰਦੇ ਹਾਂ, ਤਾਂ ਸਾਨੂੰ ਭਗਤ ਸਿੰਘ ਦੀਆਂ ਫੋਟੋਆਂ ਨੂੰ ਸਿਜਦੇ ਕਰਨ ਦੀ ਥਾਂ ਉਸ ਦੀ ਸੋਚ 'ਤੇ ਪਹਿਰਾ ਦੇਣਾ ਹੋਵੇਗਾ। ਅਜਿਹਾ ਕਰਕੇ ਹੀ ਭਗਤ ਸਿੰਘ ਦੇ ਸੁਪਨਿਆਂ ਨੂੰ ਸੱਚ ਕਰਨ ਵੱਲ ਵਧਿਆ ਜਾ ਸਕਦਾ ਹੈ, ਨਹੀਂ ਤਾਂ ਪਰਨਾਲਾ ਉਥੇ ਦਾ ਉਥੇ ਰਹਿਣਾ ਤਹਿ ਹੈ।

# ਭਾਰਤੀ ਰੁਪਏ 'ਚ ਇਤਿਹਾਸਕ ਗਿਰਾਵਟ: ਸਟਾਕ ਮਾਰਕੀਟ 'ਚ ਤੇਜ਼ੀ ਨਾਲ ਗਿਰਾਵਟ ਦਰਜ-ਪੱਛਮੀ ਏਸ਼ੀਆ ਸੰਕਟ, ਗਲੋਬਲ ਮਾਰਕੀਟ 'ਚ ਉਥਲ-ਪੁਥਲ ਅਤੇ ਭਾਰਤ ਦੀ ਆਰਥਿਕ ਪ੍ਰੀਖਿਆ-ਇੱਕ ਵਿਆਪਕ ਅੰਤਰਰਾਸ਼ਟਰੀ ਵਿਸ਼ਲੇਸ਼ਣ

ਵਿਸ਼ਵ ਪੱਧਰ 'ਤੇ, 23 ਮਾਰਚ, 2026, ਭਾਰਤੀ ਅਰਥਵਿਵਸਥਾ ਅਤੇ ਵਿੱਤੀ ਬਾਜ਼ਾਰਾਂ ਲਈ ਇੱਕ ਮਹੱਤਵਪੂਰਨ ਅਤੇ ਚਿੰਤਾਜਨਕ ਦਿਨ ਸੀ। ਭਾਰਤੀ ਰੁਪਏ ਅਮਰੀਕੀ ਡਾਲਰ ਦੇ ਮੁਕਾਬਲੇ 94.05 ਦੇ ਇਤਿਹਾਸਕ ਹੇਠਲੇ ਪੱਧਰ 'ਤੇ ਪਹੁੰਚ ਗਿਆ, ਜਦੋਂ ਕਿ ਸਟਾਕ ਮਾਰਕੀਟ ਵਿਚ ਤੇਜ਼ੀ ਨਾਲ ਗਿਰਾਵਟ ਦਰਜ ਕੀਤੀ ਗਈ। ਸੈਂਸੈਕਸ 1,800 ਅੰਕਾਂ ਤੋਂ ਵੱਧ ਡਿੱਗ ਕੇ 72,600 ਦੇ ਆਸਪਾਸ ਬੰਦ ਹੋਇਆ ਅਤੇ ਨਿਫਟੀ 600 ਅੰਕ ਡਿੱਗ ਕੇ 22,500 ਤੋਂ ਹੇਠਾਂ ਆ ਗਿਆ। ਇਹ ਗਿਰਾਵਟ, ਜਿਸਨੇ ਨਿਵੇਸ਼ਕਾਂ ਦੇ ਲਗਭਗ 14-15 ਲੱਖ ਕਰੋੜ ਦੇ ਪੈਸੇ ਨੂੰ ਖਤਮ ਕਰ ਦਿੱਤਾ, ਸਿਰਫ਼ ਅੰਕੜਿਆਂ ਦਾ ਖੇਡ ਨਹੀਂ ਹੈ, ਸਗੋਂ ਆਰਥਿਕ ਮਨੋਵਿਗਿਆਨ, ਵਿਸ਼ਵ ਰਾਜਨੀਤੀ ਅਤੇ ਵਿੱਤੀ ਅਸਥਿਰਤਾ ਦਾ ਪ੍ਰਤੀਬਿੰਬ ਹੈ। ਇਹ ਵਰਤਾਰਾ ਭਾਰਤ ਤੱਕ ਸੀਮਤ ਨਹੀਂ ਹੈ; ਇਸ ਵਿਚ ਕਈ ਕਾਰਕ ਸ਼ਾਮਲ ਹਨ, ਜਿਨ੍ਹਾਂ ਵਿਚ ਪੱਛਮੀ ਏਸ਼ੀਆ ਵਿਚ ਵਧ ਰਹੇ ਭੂ-ਰਾਜਨੀਤਿਕ ਤਣਾਅ, ਅਮਰੀਕਾ ਅਤੇ ਈਰਾਨ ਵਿਚਕਾਰ ਟਕਰਾਅ, ਕੱਚੇ ਤੇਲ ਦੀਆਂ ਕੀਮਤਾਂ ਵਿਚ ਵਾਧਾ ਅਤੇ ਵਿਸ਼ਵ ਪੂੰਜੀ ਪ੍ਰਵਾਹ ਵਿਚ ਤਬਦੀਲੀ ਸ਼ਾਮਲ ਹੈ। ਇਸ ਪੂਰੇ ਦ੍ਰਿਸ਼ਟੀਕੋਣ ਨੂੰ ਸਮਝਣ ਲਈ, ਸਾਨੂੰ ਆਰਥਿਕ, ਰਾਜਨੀਤਿਕ ਅਤੇ ਵਿਸ਼ਵ ਦ੍ਰਿਸ਼ਟੀਕੋਣਾਂ ਨੂੰ ਏਕੀਕ੍ਰਿਤ ਕਰਨਾ ਚਾਹੀਦਾ ਹੈ, ਜਿਸ ਬਾਰੇ ਅਸੀਂ ਅਗਲੇ ਪੈਰਿਆਂ ਵਿਚ ਚਰਚਾ ਕਰਾਂਗੇ। 23 ਮਾਰਚ, 2026 ਨੂੰ ਪ੍ਰਧਾਨ ਮੰਤਰੀ ਨੇ ਸੰਸਦ ਵਿਚ ਇਸ ਸੰਕਟ 'ਤੇ ਚਿੰਤਾ ਪ੍ਰਗਟ ਕੀਤੀ, ਇਸਨੂੰ ਇੱਕ ਵਿਸ਼ਵਵਿਆਪੀ ਸਮੱਸਿਆ ਕਿਹਾ। ਉਨ੍ਹਾਂ ਸਪੱਸ਼ਟ ਕੀਤਾ ਕਿ ਇਹ ਸਿਰਫ਼ ਇੱਕ ਖੇਤਰੀ ਯੁੱਧ ਨਹੀਂ, ਸਗੋਂ ਇੱਕ ਵਿਸ਼ਵਵਿਆਪੀ ਆਰਥਿਕ ਸੰਕਟ ਵਿਚ ਬਦਲ ਸਕਦਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਭਾਰਤ ਦੇ ਆਰਥਿਕ ਮੂਲ ਤੱਤ ਮਜ਼ਬੂਤ ਹਨ ਅਤੇ ਦੇਸ਼ ਇਸ ਸੰਕਟ ਨਾਲ ਨਜਿੱਠਣ ਲਈ ਤਿਆਰ ਹੈ। ਉਨ੍ਹਾਂ ਦੱਸਿਆ ਕਿ ਭਾਰਤ ਕੋਲ 5.3 ਮਿਲੀਅਨ ਮੀਟ੍ਰਿਕ ਟਨ ਤੋਂ ਵੱਧ ਦੇ ਰਣਨੀਤਕ ਪੈਟਰੋਲੀਅਮ ਭੰਡਾਰ ਹਨ, ਜੋ ਸਪਲਾਈ ਵਿਚ ਵਿਘਨ ਪੈਣ ਦੀ ਸਥਿਤੀ ਵਿਚ ਸੁਰੱਖਿਆ ਜਾਲ ਵਜੋਂ ਕੰਮ ਕਰਨਗੇ। ਇਸ ਤੋਂ ਇਲਾਵਾ, ਕੋਲੇ ਦੇ ਢੁੱਕਵੇਂ ਸਟਾਕ ਅਤੇ ਵਿਕਲਪਕ ਊਰਜਾ ਸਰੋਤ ਵੀ ਭਾਰਤ ਦੀ ਤਾਕਤ ਨੂੰ ਦਰਸਾਉਂਦੇ ਹਨ। ਉਨ੍ਹਾਂ ਨੇ ਕੂਟਨੀਤੀ ਅਤੇ ਗੱਲਬਾਤ ਰਾਹੀਂ ਸੰਕਟ ਨੂੰ ਹੱਲ ਕਰਨ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਖਾੜੀ ਦੇਸ਼ਾਂ ਵਿਚ ਰਹਿਣ ਵਾਲੇ ਭਾਰਤੀਆਂ ਦੀ ਸੁਰੱਖਿਆ ਇੱਕ ਪ੍ਰਮੁੱਖ ਤਰਜੀਹ ਹੈ।

ਦੋਸਤੋ, ਜੇਕਰ ਅਸੀਂ ਰੁਪਏ ਦੀ ਗਿਰਾਵਟ: ਕਾਰਨ, ਵਿਧੀ ਅਤੇ ਪ੍ਰਭਾਵ 'ਤੇ ਵਿਚਾਰ ਕਰੀਏ, ਤਾਂ ਭਾਰਤੀ ਰੁਪਏ ਦਾ ਪ੍ਰਤੀ ਡਾਲਰ 94.05 ਤੱਕ ਡਿੱਗਣਾ ਇੱਕ ਆਮ ਉਤਰਾਅ-ਚੜ੍ਹਾਅ ਨਹੀਂ ਹੈ, ਸਗੋਂ ਢਾਂਚਾਗਤ ਦਬਾਅ ਦਾ ਸੰਕੇਤ ਹੈ। ਸਿੱਧੇ ਸ਼ਬਦਾਂ ਵਿਚ, ਸਪਲਾਈ ਅਤੇ ਮੰਗ ਦੀ ਖੇਡ ਕਾਰਨ ਰੁਪਏ ਦੀ ਗਿਰਾਵਟ ਹੁੰਦੀ ਹੈ। ਜਦੋਂ ਭਾਰਤ ਨੂੰ ਤੇਲ ਖਰੀਦਣ ਲਈ ਹੋਰ ਡਾਲਰਾਂ ਦੀ ਲੋੜ ਹੁੰਦੀ ਹੈ, ਤਾਂ ਉਹ ਰੁਪਏ ਵੇਚਦਾ ਹੈ ਅਤੇ ਡਾਲਰ ਖਰੀਦਦਾ ਹੈ। ਜੇਕਰ ਡਾਲਰ ਦੀ ਮੰਗ ਵਧਦੀ ਹੈ ਅਤੇ ਸਪਲਾਈ ਘੱਟ






ਜਾਂਦੀ ਹੈ, ਤਾਂ ਡਾਲਰ ਹੋਰ ਮਹਿੰਗਾ ਹੋ ਜਾਂਦਾ ਹੈ ਅਤੇ ਰੁਪਿਆ ਕਮਜ਼ੋਰ ਹੋ ਜਾਂਦਾ ਹੈ। ਮੌਜੂਦਾ ਦ੍ਰਿਸ਼ ਵਿਚ ਤਿੰਨ ਮੁੱਖ ਕਾਰਨ ਉੱਭਰਦੇ ਹਨ: ਪਹਿਲਾ, ਕੱਚੇ ਤੇਲ ਦੀਆਂ ਕੀਮਤਾਂ ਵਿਚ ਵਾਧਾ, ਜਿਸ ਨਾਲ ਡਾਲਰ ਦੀ ਮੰਗ ਵਧੀ। ਦੂਜਾ, ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕਾਂ ਦੁਆਰਾ ਭਾਰਤੀ ਬਾਜ਼ਾਰ ਤੋਂ ਭਾਰੀ ਨਿਕਾਸੀ ਨੇ ਡਾਲਰ ਦੀ ਮੰਗ ਨੂੰ ਹੋਰ ਵਧਾ ਦਿੱਤਾ। ਤੀਜਾ, ਵਿਸ਼ਵਵਿਆਪੀ ਅਨਿਸ਼ਚਿਤਤਾ ਨੇ ਨਿਵੇਸ਼ਕਾਂ ਨੂੰ ਅਮਰੀਕੀ ਡਾਲਰ ਵਰਗੇ ਸੁਰੱਖਿਅਤ ਪਨਾਹਗਾਹਾਂ ਵੱਲ ਮੁੜਨ ਲਈ ਪ੍ਰੇਰਿਤ ਕੀਤਾ ਹੈ। ਰੁਪਏ ਦੀ ਗਿਰਾਵਟ ਦਾ ਮਤਲਬ ਇਹ ਨਹੀਂ ਹੈ ਕਿ ਅਰਥਵਿਵਸਥਾ ਪੂਰੀ ਤਰ੍ਹਾਂ ਕਮਜ਼ੋਰ ਹੈ, ਸਗੋਂ ਵਿਸ਼ਵਵਿਆਪੀ ਸਥਿਤੀਆਂ ਨੂੰ ਦਰਸਾਉਂਦੀ ਹੈ। ਹਾਲਾਂਕਿ, ਇਸਦੇ ਪ੍ਰਭਾਵ ਗੰਭੀਰ ਹਨ: ਆਯਾਤ ਹੋਰ ਮਹਿੰਗੇ ਹੋ ਜਾਂਦੇ ਹਨ, ਵਿਦੇਸ਼ੀ ਸਿੱਖਿਆ ਅਤੇ ਯਾਤਰਾ ਹੋਰ ਮਹਿੰਗੀ ਹੋ ਜਾਂਦੀ ਹੈ, ਕੰਪਨੀਆਂ ਨੂੰ ਆਪਣੇ ਕਰਜ਼ੇ ਚੁਕਾਉਣ ਵਿਚ ਮੁਸ਼ਕਲ ਆਉਂਦੀ ਹੈ, ਅਤੇ ਮਹਿੰਗਾਈ ਦਬਾਅ ਹੇਠ ਹੈ।

ਦੋਸਤੋ, ਜੇਕਰ ਅਸੀਂ ਸਟਾਕ ਮਾਰਕੀਟ ਵਿਚ ਗਿਰਾਵਟ 'ਤੇ ਵਿਚਾਰ ਕਰੀਏ: ਨਿਵੇਸ਼ਕਾਂ ਦਾ ਵਿਸ਼ਵਾਸ ਹਿੱਲ ਗਿਆ ਹੈ, ਰੁਪਏ ਦੀ ਗਿਰਾਵਟ, ਸਟਾਕ ਮਾਰਕੀਟ ਵਿਚ ਤੇਜ਼ ਗਿਰਾਵਟ ਦੇ ਨਾਲ, ਇਹ ਦਰਸਾਉਂਦਾ ਹੈ ਕਿ ਨਿਵੇਸ਼ਕਾਂ ਦੇ ਵਿਸ਼ਵਾਸ 'ਤੇ ਅਸਰ ਪਿਆ ਹੈ। ਸੈਂਸੈਕਸ ਅਤੇ ਨਿਫਟੀ ਵਿਚ ਗਿਰਾਵਟ ਨਾ ਸਿਰਫ਼ ਤਕਨੀਕੀ ਕਾਰਨਾਂ ਕਰਕੇ ਹੈ, ਸਗੋਂ ਮਨੋਵਿਗਿਆਨਕ ਕਾਰਨਾਂ ਕਰਕੇ ਵੀ ਹੈ। ਜਦੋਂ ਵਿਸ਼ਵਵਿਆਪੀ ਅਨਿਸ਼ਚਿਤਤਾ ਵਧਦੀ ਹੈ, ਤਾਂ ਨਿਵੇਸ਼ਕ ਜ਼ੋਖਮ ਵਾਲੇ ਬਾਜ਼ਾਰਾਂ ਤੋਂ ਪੈਸੇ ਕਢਵਾਉਂਦੇ ਹਨ ਅਤੇ ਸੁਰੱਖਿਅਤ ਵਿਕਲਪਾਂ ਵੱਲ ਸ਼ਿਫਟ ਹੁੰਦੇ ਹਨ। ਇਹੀ ਕਾਰਨ ਹੈ ਕਿ ਵਿਦੇਸ਼ੀ ਨਿਵੇਸ਼ਕ ਭਾਰਤੀ ਸਟਾਕ ਮਾਰਕੀਟ ਤੋਂ ਬਹੁਤ ਜ਼ਿਆਦਾ ਪਿੱਛੇ ਹਟ ਜਾਂਦੇ ਹਨ। ਇਸ ਵਿਕਰੀ ਨੇ ਬੈਂਕਿੰਗ, ਤਕਨਾਲੋਜੀ ਅਤੇ ਮਿਡ-ਕੈਪ ਸਟਾਕਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਬੈਂਕਿੰਗ ਸੈਕਟਰ ਪ੍ਰਭਾਵਿਤ ਹੋਇਆ ਕਿਉਂਕਿ ਵਧਦੀ ਵਿਆਜ ਦਰਾਂ ਅਤੇ ਆਰਥਿਕ ਅਨਿਸ਼ਚਿਤਤਾ ਕ੍ਰੈਡਿਟ ਜ਼ੋਖਮ ਨੂੰ ਵਧਾਉਂਦੀ ਹੈ। ਤਕਨੀਕੀ ਖੇਤਰ ਪ੍ਰਭਾਵਿਤ ਹੋਇਆ ਕਿਉਂਕਿ ਇਹ ਵਿਸ਼ਵਵਿਆਪੀ ਮੰਗ 'ਤੇ ਨਿਰਭਰ ਕਰਦਾ ਹੈ।

ਦੋਸਤੋ, ਜੇਕਰ ਅਸੀਂ ਪੱਛਮੀ ਏਸ਼ੀਆ ਸੰਕਟ 'ਤੇ ਵਿਚਾਰ ਕਰੀਏ: ਇਸਦਾ ਵਿਸ਼ਵਵਿਆਪੀ ਅਰਥਵਿਵਸਥਾ ਦੇ ਦਿਲ ਦੀ ਧੜਕਣ 'ਤੇ ਪ੍ਰਭਾਵ, ਤਾਂ ਪੱਛਮੀ ਏਸ਼ੀਆ (ਮੱਧ ਪੂਰਬ) ਲੰਬੇ ਸਮੇਂ ਤੋਂ ਵਿਸ਼ਵਵਿਆਪੀ ਊਰਜਾ ਸਪਲਾਈ ਦਾ ਕੇਂਦਰ ਰਿਹਾ ਹੈ। ਇੱਥੇ ਕੋਈ ਵੀ ਫੌਜੀ ਜਾਂ ਰਾਜਨੀਤਿਕ ਤਣਾਅ ਸਿੱਧੇ ਤੌਰ 'ਤੇ ਤੇਲ ਅਤੇ ਗੈਸ ਦੀਆਂ ਕੀਮਤਾਂ ਨੂੰ ਪ੍ਰਭਾਵਤ ਕਰਦਾ ਹੈ। ਇਸ ਵੇਲੇ, ਅਮਰੀਕਾ ਅਤੇ ਈਰਾਨ ਵਿਚਕਾਰ ਵਧਦੇ ਟਕਰਾਅ ਨੇ ਇੱਕ ਵਾਰ ਫਿਰ ਇਸ ਖੇਤਰ ਨੂੰ ਅਸਥਿਰਤਾ ਦੇ ਕੇਂਦਰ ਵਿਚ ਰੱਖਿਆ ਹੈ। ਤੇਲ ਬਾਜ਼ਾਰ ਵਿਚ ਅਨਿਸ਼ਚਿਤਤਾ ਦੇ ਕਾਰਨ, ਬ੍ਰੈਂਟ ਕੱਚੇ ਤੇਲ ਦੀਆਂ ਕੀਮਤਾਂ ਪ੍ਰਤੀ ਬੈਰਲ 110 ਡਾਲਰ ਤੋਂ ਉੱਪਰ ਹਨ। ਇਹ ਸਥਿਤੀ ਭਾਰਤ ਵਰਗੇ ਦੇਸ਼ ਲਈ ਬਹੁਤ ਚੁਣੌਤੀਪੂਰਨ ਹੈ, ਜੋ ਆਪਣੀਆਂ ਊਰਜਾ ਜ਼ਰੂਰਤਾਂ ਦਾ ਲਗਭਗ 85 ਪ੍ਰਤੀਸ਼ਤ ਆਯਾਤ ਕਰਦਾ ਹੈ।

ਕੰਪਾਈਲਰ ਲੇਖਕ
ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425
ਪੰਜਾਬ ਮੇਲ USA



ਜਦੋਂ ਤੇਲ ਮਹਿੰਗਾ ਹੋ ਜਾਂਦਾ ਹੈ, ਤਾਂ ਇਹ ਦੇਸ਼ ਦੇ ਆਯਾਤ ਬਿੱਲ, ਚਾਲੂ ਖਾਤੇ ਦੇ ਘਾਟੇ ਅਤੇ ਮਹਿੰਗਾਈ 'ਤੇ ਸਿੱਧਾ ਪ੍ਰਭਾਵ ਪਾਉਂਦਾ ਹੈ। ਇਹ ਸਿਰਫ਼ ਆਰਥਿਕ ਗਣਿਤ ਨਹੀਂ ਹੈ, ਸਗੋਂ ਇੱਕ ਲੜੀ ਪ੍ਰਤੀਕਿਰਿਆ ਹੈ। ਮਹਿੰਗਾ ਤੇਲ, ਮਹਿੰਗਾ ਆਵਾਜਾਈ, ਮਹਿੰਗੀਆਂ ਵਸਤੂਆਂ, ਵਧਦੀ ਮਹਿੰਗਾਈ, ਘਟਦੀ ਖਰੀਦ ਸ਼ਕਤੀ ਅਤੇ ਹੌਲੀ ਆਰਥਿਕ ਵਿਕਾਸ।

ਦੋਸਤੋ, ਜੇਕਰ ਅਸੀਂ ਮਹਿੰਗਾਈ ਅਤੇ ਆਮ ਆਦਮੀ 'ਤੇ ਇਸਦੇ ਪ੍ਰਭਾਵ ਬਾਰੇ ਗੱਲ ਕਰੀਏ: ਅਦਿੱਖ ਸੰਕਟ, ਰੁਪਏ ਦੀ ਗਿਰਾਵਟ ਅਤੇ ਤੇਲ ਦੀਆਂ ਕੀਮਤਾਂ ਵਿਚ ਵਾਧਾ ਆਮ ਆਦਮੀ 'ਤੇ ਸਭ ਤੋਂ ਵੱਧ ਪ੍ਰਭਾਵ ਪਾਉਂਦਾ ਹੈ। ਜਦੋਂ ਰੁਪਿਆ ਕਮਜ਼ੋਰ ਹੁੰਦਾ ਹੈ, ਤਾਂ ਆਯਾਤ ਕੀਤੀਆਂ ਚੀਜ਼ਾਂ ਹੋਰ ਮਹਿੰਗੀਆਂ ਹੋ ਜਾਂਦੀਆਂ ਹਨ। ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧਦੀਆਂ ਹਨ, ਜਿਸ ਨਾਲ ਆਵਾਜਾਈ ਹੋਰ ਮਹਿੰਗੀ ਹੋ ਜਾਂਦੀ ਹੈ, ਜਿਸ ਨਾਲ ਹਰ ਚੀਜ਼ ਦੀ ਕੀਮਤ ਵਧ ਜਾਂਦੀ ਹੈ। ਇਹ ਮਹਿੰਗਾਈ ਸਿਰਫ਼ ਇੱਕ ਆਰਥਿਕ ਸੂਚਕ ਨਹੀਂ ਹੈ, ਸਗੋਂ ਇੱਕ ਸਮਾਜਿਕ ਪ੍ਰਭਾਵ ਵੀ ਹੈ। ਇਹ ਗਰੀਬਾਂ ਅਤੇ ਮੱਧ ਵਰਗ ਦੀ ਖਰੀਦ ਸ਼ਕਤੀ ਨੂੰ ਘਟਾਉਂਦੀ ਹੈ, ਬਚਤ ਘਟਾਉਂਦੀ ਹੈ ਅਤੇ ਜੀਵਨ ਪੱਧਰ ਨੂੰ ਪ੍ਰਭਾਵਤ ਕਰਦੀ ਹੈ।

ਦੋਸਤੋ, ਜੇਕਰ ਅਸੀਂ ਵਿਸ਼ਵ ਬਾਜ਼ਾਰਾਂ ਦੀ ਪ੍ਰਤੀਕ੍ਰਿਆ ਬਾਰੇ ਗੱਲ ਕਰੀਏ: ਏਸ਼ੀਆ ਤੋਂ ਅਮਰੀਕਾ ਤੱਕ ਪ੍ਰਭਾਵ, ਇਹ ਸੰਕਟ ਭਾਰਤ ਤੱਕ ਸੀਮਤ ਨਹੀਂ ਸੀ। ਜਾਪਾਨ ਅਤੇ ਦੱਖਣੀ ਕੋਰੀਆ ਸਮੇਤ ਏਸ਼ੀਆਈ ਬਾਜ਼ਾਰਾਂ ਵਿਚ ਵੀ ਮਹੱਤਵਪੂਰਨ ਗਿਰਾਵਟ ਦੇਖੀ ਗਈ। ਇਹ ਇਸ ਲਈ ਹੈ ਕਿਉਂਕਿ ਵਿਸ਼ਵ ਬਾਜ਼ਾਰ ਆਪਸ ਵਿਚ ਜੁੜੇ ਹੋਏ ਹਨ। ਜਦੋਂ ਅਮਰੀਕਾ ਅਤੇ ਈਰਾਨ ਵਰਗੇ ਵੱਡੇ ਖਿਡਾਰੀ ਆਹਮੋ-ਸਾਹਮਣੇ ਹੁੰਦੇ ਹਨ, ਤਾਂ ਨਿਵੇਸ਼ਕ ਡਰ ਜਾਂਦੇ ਹਨ। ਇਹ ਡਰ ਸਿਰਫ਼ ਜੰਗ ਬਾਰੇ ਨਹੀਂ ਹੈ, ਸਗੋਂ ਇਸਦੇ ਆਰਥਿਕ ਪ੍ਰਭਾਵ ਬਾਰੇ ਵੀ ਹੈ, ਜਿਵੇਂ ਕਿ ਤੇਲ ਦੀਆਂ ਵਧਦੀਆਂ ਕੀਮਤਾਂ, ਸਪਲਾਈ ਲੜੀ ਵਿਚ ਵਿਘਨ ਅਤੇ ਵਿਸ਼ਵ ਵਪਾਰ ਵਿਚ ਗਿਰਾਵਟ। ਅਮਰੀਕੀ ਡਾਲਰ ਦੀ ਮਜ਼ਬੂਤੀ ਵੀ ਇਸ ਡਰ ਦਾ ਨਤੀਜਾ ਹੈ। ਜਦੋਂ ਕੋਈ ਵਿਸ਼ਵ ਸੰਕਟ ਆਉਂਦਾ ਹੈ, ਤਾਂ ਡਾਲਰ ਨੂੰ ਇੱਕ ਸੁਰੱਖਿਅਤ ਨਿਵੇਸ਼ ਮੰਨਿਆ ਜਾਂਦਾ ਹੈ ਅਤੇ ਇਸਦੀ ਮੰਗ ਵਧ ਜਾਂਦੀ ਹੈ। ਇਸ ਨਾਲ ਭਾਰਤੀ ਰੁਪਏ ਸਮੇਤ ਹੋਰ ਦੇਸ਼ਾਂ ਦੀਆਂ ਮੁਦਰਾਵਾਂ ਕਮਜ਼ੋਰ ਹੁੰਦੀਆਂ ਹਨ।

ਦੋਸਤੋ, ਜੇਕਰ ਅਸੀਂ ਨਕਾਰਾਤਮਕ ਬਿਰਤਾਂਤ ਬਨਾਮ ਹਕੀਕਤ: ਧਾਰਨਾ ਦੀ ਲੜਾਈ 'ਤੇ ਵਿਚਾਰ ਕਰੀਏ, ਤਾਂ ਰੁਪਏ ਦੇ 94.05 ਤੱਕ ਡਿੱਗਣ ਤੋਂ ਬਾਅਦ, ਦੇਸ਼ ਭਰ ਵਿਚ ਇੱਕ ਨਕਾਰਾਤਮਕ ਬਿਰਤਾਂਤ ਉੱਭਰਨਾ ਸ਼ੁਰੂ ਹੋ ਗਿਆ ਕਿ ਭਾਰਤੀ ਅਰਥਵਿਵਸਥਾ ਕਮਜ਼ੋਰ ਹੋ ਰਹੀ ਹੈ। ਹਾਲਾਂਕਿ, ਇਹ ਪੂਰੀ ਤਰ੍ਹਾਂ ਸਹੀ ਨਹੀਂ ਹੈ।

ਰੁਪਏ ਦੀ ਗਿਰਾਵਟ ਨੂੰ ਸਿਰਫ਼ ਘਰੇਲੂ ਕਮਜ਼ੋਰੀ ਵਜੋਂ ਦੇਖਣਾ ਗਲਤ ਹੋਵੇਗਾ। ਇਹ ਵਿਸ਼ਵਵਿਆਪੀ ਕਾਰਕਾਂ ਦਾ ਨਤੀਜਾ ਵੀ ਹੈ। ਕਈ ਹੋਰ ਦੇਸ਼ਾਂ ਦੀਆਂ ਮੁਦਰਾਵਾਂ ਵੀ ਇਸੇ ਤਰ੍ਹਾਂ ਦੇ ਦਬਾਅ ਹੇਠ ਹਨ। ਅਰਥਵਿਵਸਥਾ ਦੀ ਅਸਲ ਮਜ਼ਬੂਤੀ ਇਸਦੇ ਲੰਬੇ ਸਮੇਂ ਦੇ ਸੂਚਕਾਂ 'ਤੇ ਨਿਰਭਰ ਕਰਦੀ ਹੈ, ਜਿਵੇਂ ਕਿ ਜੀ.ਡੀ.ਪੀ. ਵਾਧਾ, ਬੁਨਿਆਦੀ ਢਾਂਚਾ, ਉਤਪਾਦਨ ਸਮਰੱਥਾ ਅਤੇ ਨੀਤੀ ਸਥਿਰਤਾ—ਸਿਰਫ ਥੋੜ੍ਹੇ ਸਮੇਂ ਦੀ ਐਕਸਚੇਂਜ ਦਰ 'ਤੇ ਨਹੀਂ।

ਦੋਸਤੋ, ਜੇਕਰ ਅਸੀਂ ਰਣਨੀਤਕ ਪਹੁੰਚ 'ਤੇ ਵਿਚਾਰ ਕਰੀਏ: ਭਾਰਤ ਲਈ ਅੱਗੇ ਵਧਣ ਦਾ ਰਸਤਾ, ਤਾਂ ਭਾਰਤ ਨੂੰ ਇਸ ਸੰਕਟ ਨਾਲ ਨਜਿੱਠਣ ਲਈ ਇੱਕ ਬਹੁ-ਪੱਖੀ ਰਣਨੀਤੀ ਅਪਣਾਉਣੀ ਪਵੇਗੀ। ਪਹਿਲਾਂ, ਊਰਜਾ ਸਰੋਤਾਂ ਨੂੰ ਵਿਭਿੰਨ ਬਣਾਓ—ਤੇਲ 'ਤੇ ਨਿਰਭਰਤਾ ਘਟਾਓ। ਦੂਜਾ, ਡਾਲਰ ਦੀ ਕਮਾਈ ਵਧਾਉਣ ਲਈ ਘਰੇਲੂ ਉਤਪਾਦਨ ਅਤੇ ਨਿਰਯਾਤ ਨੂੰ ਵਧਾਓ। ਤੀਜਾ, ਵਿਦੇਸ਼ੀ ਨਿਵੇਸ਼ ਨੂੰ ਆਕਰਸ਼ਿਤ ਕਰਨ ਲਈ ਸਥਿਰ ਨੀਤੀਆਂ ਅਤੇ ਸੁਧਾਰ। ਚੌਥਾ, ਡਿਜੀਟਲ ਅਤੇ ਸੇਵਾਵਾਂ ਖੇਤਰਾਂ ਨੂੰ ਮਜ਼ਬੂਤ ਕਰਨਾ, ਜੋ ਕਿ ਵਿਸ਼ਵਵਿਆਪੀ ਮੁਕਾਬਲੇ ਵਿਚ ਭਾਰਤ ਦੀ ਤਾਕਤ ਹਨ।

ਇਸ ਲਈ, ਜੇਕਰ ਅਸੀਂ ਉਪਰੋਕਤ ਸਾਰੀ ਕਹਾਣੀ ਦਾ ਅਧਿਐਨ ਅਤੇ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਵਾਂਗੇ ਕਿ 23 ਮਾਰਚ, 2026 ਦੀਆਂ ਘਟਨਾਵਾਂ ਸਿਰਫ਼ ਇੱਕ ਆਰਥਿਕ ਝਟਕਾ ਨਹੀਂ ਹਨ, ਸਗੋਂ ਇੱਕ ਯਾਦ ਦਿਵਾਉਂਦੀਆਂ ਹਨ ਕਿ ਕੋਈ ਵੀ ਦੇਸ਼ ਇੱਕ ਵਿਸ਼ਵੀਕਰਨ ਵਾਲੀ ਦੁਨੀਆਂ ਵਿਚ ਅਲੱਗ-ਥਲੱਗ ਨਹੀਂ ਰਹਿ ਸਕਦਾ। ਪੱਛਮੀ ਏਸ਼ੀਆ ਵਿਚ ਟਕਰਾਅ ਭਾਰਤ ਦੇ ਬਾਜ਼ਾਰਾਂ, ਮੁਦਰਾ ਅਤੇ ਆਮ ਆਦਮੀ ਤੱਕ ਪਹੁੰਚਿਆ ਹੈ। ਫਿਰ ਵੀ, ਹਰ ਸੰਕਟ ਮੌਕੇ ਵੀ ਲਿਆਉਂਦਾ ਹੈ। ਜੇਕਰ ਭਾਰਤ ਇਸ ਵਾਰ ਨੂੰ ਸਹੀ ਰਣਨੀਤੀ, ਮਜ਼ਬੂਤ ਨੀਤੀਆਂ ਅਤੇ ਲੰਬੇ ਸਮੇਂ ਦੇ ਦ੍ਰਿਸ਼ਟੀਕੋਣ ਨਾਲ ਸੰਭਾਲਦਾ ਹੈ, ਤਾਂ ਇਹ ਸੰਕਟ ਇੱਕ ਨਵੇਂ ਆਰਥਿਕ ਪਰਿਵਰਤਨ ਦੀ ਨੀਂਹ ਬਣ ਸਕਦਾ ਹੈ। ਇਸ ਲਈ, ਇਹ ਸਿਰਫ਼ ਰੁਪਏ ਜਾਂ ਸਟਾਕ ਮਾਰਕੀਟ ਦੀ ਕਹਾਣੀ ਨਹੀਂ ਹੈ, ਸਗੋਂ ਵਿਸ਼ਵਵਿਆਪੀ ਅੰਤਰ-ਨਿਰਭਰਤਾ, ਆਰਥਿਕ ਸੰਤੁਲਨ ਅਤੇ ਰਣਨੀਤਕ ਸੋਚ ਦੀ ਪ੍ਰੀਖਿਆ ਹੈ, ਜਿਸ ਵਿਚ ਭਾਰਤ ਨੂੰ ਨਾ ਸਿਰਫ਼ ਬਚਣਾ ਚਾਹੀਦਾ ਹੈ, ਸਗੋਂ ਪ੍ਰਫੁੱਲਤ ਵੀ ਹੋਣਾ ਚਾਹੀਦਾ ਹੈ।


# ਰਾਮਪਾਲ ਸ਼ਾਹਪੁਰੀ ਦਾ ਕਾਵਿ-ਸੰਗ੍ਰਹਿ 'ਬੀਜ ਅੰਦਰਲਾ ਜੰਗਲ਼' ਵਿਰਾਸਤ ਦੀ ਹੂਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਰਾਮਪਾਲ ਸ਼ਾਹਪੁਰੀ ਸੰਵੇਦਨਸ਼ੀਲ ਸ਼ਾਇਰ ਹੈ। ਉਹ ਪੰਜਾਬ ਦੀ ਅਮੀਰ ਵਿਰਾਸਤ ਦੀ ਪਹਿਰੇਦਾਰੀ ਕਰਨ ਵਾਲੀਆਂ ਖੁੱਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਲਿਖਦਾ ਹੈ। ਉਸ ਦੀਆਂ ਹੁਣ ਤੱਕ 6 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਤਿੰਨ ਕਾਵਿ-ਸੰਗ੍ਰਹਿ 'ਗੁਲਦਸਤਾ', 'ਮਲਾਲ' ਤੇ 'ਅੱਖ਼ਰਾਂ ਦੇ ਸਰ ਚਸ਼ਮੇਂ' ਅਤੇ ਤਿੰਨ ਆਲੋਚਨਾ ਤੇ ਅਧਿਐਨ ਦੀਆਂ ਪੁਸਤਕਾਂ ਸ਼ਾਮਲ ਹਨ। 'ਬੀਜ ਅੰਦਰਲਾ ਜੰਗਲ਼' ਉਸਦਾ ਚੌਥਾ ਕਾਵਿ-ਸੰਗ੍ਰਹਿ ਅਤੇ ਸੱਤਵੀਂ ਪੁਸਤਕ ਹੈ। ਇਸ ਕਾਵਿ-ਸੰਗ੍ਰਹਿ ਵਿਚ ਉਸਦੀਆਂ 66 ਕਵਿਤਾਵਾਂ ਸ਼ਾਮਲ ਹਨ। ਰਾਮਪਾਲ ਸ਼ਾਹਪੁਰੀ ਦੀ ਕਵਿਤਾ ਉਸਦੀ ਸਿਰਜਣਾਤਮਿਕ ਪ੍ਰਤਿਭਾ ਨੂੰ ਹੁਨਰ ਬਖ਼ਸ਼ਦੀ ਹੋਈ ਨਿਖ਼ਾਰ ਦਿੰਦੀ ਹੈ। ਉਸਦੀ ਸ਼ਬਦ ਸਿਰਜਣਾ ਵੀ ਨਿਵੇਕਲੀ ਹੈ, ਕਿਉਂਕਿ ਉਹ ਨਵੇਂ ਸ਼ਬਦ ਸਿਰਜਦਾ ਰਹਿੰਦਾ ਹੈ। ਉਸਦੀ ਕਵਿਤਾ ਇਨਸਾਨੀਅਤ ਦੀ ਪ੍ਰਤੀਨਿਧਤਾ ਕਰਦੀ ਹੋਈ ਪ੍ਰੇਰਨਾਮਈ ਬਣਦੀ ਹੈ। ਉਸਨੂੰ ਰਹੱਸਵਾਦੀ ਕਵੀ ਵੀ ਕਿਹਾ ਜਾ ਸਕਦਾ ਹੈ, ਕਿਉਂਕਿ ਉਸਦੀਆਂ ਕਵਿਤਾਵਾਂ ਸਵਾਲ ਕਰਦੀਆਂ ਹੋਈਆਂ ਗੁੱਝੀਆਂ ਬੁਝਾਰਤਾਂ ਪਾਉਂਦੀਆਂ ਹਨ। ਉਹ ਆਪਣੀਆਂ ਕਵਿਤਾਵਾਂ ਵਿਚ ਸਮਾਜਿਕ ਅਤੇ ਸੱਭਿਆਚਾਰਕ ਪ੍ਰਸਥਿਤੀਆਂ ਦਾ ਮੁਲਾਂਕਣ ਵੱਖਰੇ ਢੰਗ ਨਾਲ ਕਰਦਾ ਹੈ। ਕਵੀ ਮਹਿਸੂਸ ਕਰਦਾ ਹੈ ਕਿ ਸਮਾਜ ਆਪਣੇ ਸੱਭਿਆਚਾਰ ਤੋਂ ਦੂਰ ਹੁੰਦਾ ਜਾ ਰਿਹਾ ਹੈ। ਸਮਾਜ ਆਧੁਨਿਕਤਾ ਦੀ ਲਪੇਟ ਵਿਚ ਆ ਗਿਆ ਹੈ। ਕਵੀ ਮਾਨਵਤਾ ਦੇ ਬਦਲਦੇ ਵਿਵਹਾਰ ਦੇ ਕਰੂਪ ਹੋਣ 'ਤੇ ਵੀ ਚਿੰਤਾ ਪ੍ਰਗਟ ਕਰਦਾ ਹੈ। ਬਿਲਕੁਲ ਇਸੇ ਤਰ੍ਹਾਂ ਉਸਦੀ ਕਵਿਤਾ ਵਰਤਮਾਨ ਪੰਜਾਬੀ ਸਮਾਜਿਕ ਪ੍ਰਾਣੀਆਂ ਵਿਚ ਵਹਿਸ਼ੀਪਣਾ, ਧੋਖੇ, ਲਾਲਚ, ਫਰੇਬ ਦੀ ਪ੍ਰਵਿਰਤੀ ਦੇ ਭਾਰੂ ਹੋਣ ਨੂੰ ਨੈਤਿਕਤਾ ਤੋਂ ਕੋਹਾਂ ਮੀਲ ਦੂਰ ਜਾਣਾ ਮੰਨਦੀ ਹੈ। ਇਨਸਾਨ ਆਪਣੇ ਅੰਦਰ ਝਾਤੀ ਮਾਰਕੇ ਆਪਣੇ ਆਪੇ ਦੀ ਪਛਾਣ ਕਰਨ ਦੀ ਕੋਸ਼ਿਸ਼ ਨਹੀਂ ਕਰ ਰਿਹਾ, ਸਗੋਂ ਬਾਹਰੀ ਦ੍ਰਿਸ਼ਾਂ ਦੇ ਰੰਗਾਂ ਵਿਚ ਉਲਝ ਗਿਆ ਹੈ। ਉਸਦੀ ਕਵਿਤਾ ਮਾਨਵਤਾ ਨੂੰ ਝੰਜੋੜਨ ਦਾ ਕੰਮ ਕਰਦੀ ਹੈ। ਕਈ ਕਵਿਤਾਵਾਂ ਉਸਦੀ ਬੌਧਿਕ ਅਤੇ ਦਾਰਸ਼ਨਿਕ ਸੋਚ ਦੀ ਗਵਾਹੀ ਭਰਦੀਆਂ ਹਨ। ਉਹ ਬੁਰਾਈ ਦੀ ਜੜ ਤੱਕ ਪਹੁੰਚਕੇ ਉਸਦਾ ਹੱਲ ਕਰਨ ਦੀ ਕੋਸ਼ਿਸ਼ ਕਰਨ ਵਿਚ ਯਕੀਨ ਰੱਖਦਾ ਹੈ। ਉਸਦੀ ਕਵਿਤਾ ਸਾਮਰਾਜੀ ਤਾਕਤਾਂ ਦੀਆਂ ਕਰੂਰ ਚਾਲਾਂ ਨੂੰ




ਬੇਪਰਦ ਕਰਨ ਦੀ ਸਮਰੱਥਾ ਰੱਖਦੀ ਹੋਈ ਸਮਾਜਿਕ ਤਾਣੇ-ਬਾਣੇ ਵਿਚ ਮੁੜ ਸ਼ਹਿਨਾਈਆਂ ਵੱਜਣ ਦੀ ਆਸ ਕਰਦੀ ਹੈ। ਰਾਮਪਾਲ ਸ਼ਾਹਪੁਰੀ ਦੀਆਂ ਕੁਝ ਕਵਿਤਾਵਾਂ ਸੰਵਾਦ ਦੀ ਪ੍ਰਥਾ ਵਿਚੋਂ ਵਰਤਮਾਨ ਸਮੱਸਿਆਵਾਂ ਦਾ ਕਾਰਗਰ ਹੱਲ ਲੱਭਣ ਦੀ ਵਕਾਲਤ ਵੀ ਕਰਦੀਆਂ ਹਨ। ਉਹ ਆਸ਼ਾਵਾਦੀ ਕਵੀ ਹੈ, ਕਿਉਂਕਿ ਉਸਦੀ ਪਹਿਲੀ 'ਉਮੀਦ' ਸਿਰਲੇਖ ਵਾਲੀ ਕਵਿਤਾ ਇਨਸਾਨ ਨੂੰ ਉੱਚੇ ਤੇ ਸੁੱਚੇ ਇਖਲਾਕ ਕਰਕੇ ਮੁਸ਼ਕਿਲਾਂ 'ਤੇ ਕਾਬੂ ਪਾਉਣ ਦੀ ਸਮਰੱਥਾ ਦਾ ਪ੍ਰਗਟਾਵਾ ਕਰਦੀ ਹੈ। ਜੱਦੋ-ਜਹਿਦ ਨਾਲ ਹਰ ਮਸਲੇ ਨੂੰ ਸਰ ਕੀਤਾ ਜਾ ਸਕਦਾ ਹੈ। ਬਹੁਤੀਆਂ ਕਵਿਤਾਵਾਂ ਆਸ਼ਾਵਾਦੀ ਸੋਚ ਦੀਆਂ ਲਖਾਇਕ ਹਨ। 'ਅਨਮੋਲ ਸੌਗਾਤ' ਕਵਿਤਾ ਵਿਚ ਕਵੀ ਆਪਣੇ ਬਰਾਬਰੀ ਦੇ ਹੱਕ ਲਈ ਹਿੰਮਤ ਨਾਲ ਸਫਲਤਾ ਪ੍ਰਾਪਤ ਕਰਨ ਦੀ ਜਾਚ ਦੱਸਦਾ ਹੈ। 'ਸਮਝ ਦਾ ਦੀਵਾ' ਵਿਚ ਸਿਆਣਪ ਨਾਲ ਚਾਹਤਾਂ 'ਤੇ ਕਾਬੂ ਪਾ ਕੇ ਸਫਲਤਾ ਪ੍ਰਾਪਤ ਕੀਤੀ ਜਾ ਸਕਦੀ ਹੈ। 'ਸੁੱਚੇ ਖ਼ਿਆਲ' ਵਿਚ ਨੈਤਿਕਤਾ ਨੂੰ ਸਫਲਤਾ ਦੀ ਕੁੰਜੀ ਕਿਹਾ ਹੈ। 'ਸੁੱਕੇ ਫੁੱਲ' ਵਿਚ ਦੱਸਿਆ ਹੈ ਕਿ ਮਿਹਨਤੀ ਲੋਕਾਂ ਦੇ ਸਿਰ 'ਤੇ ਸਾਮਰਾਜੀ ਆਨੰਦ ਮਾਣਦੇ ਹਨ, ਪ੍ਰੰਤੂ ਜੇਕਰ ਕਿਰਤੀ ਆਈ 'ਤੇ ਆ ਜਾਣ, ਤਾਂ ਸੁੱਕੇ ਕੰਡੇ ਬਣਕੇ ਨਾਸ਼ ਕਰ ਸਕਦੇ ਹਨ। 'ਸੂਖ਼ਮਤਾ ਦਾ ਅਲਜਬਰਾ' ਕਵਿਤਾ ਵਿਚ ਦੱਸਿਆ ਹੈ ਕਿ ਨਿਸ਼ਾਨਾ ਨਿਸ਼ਚਿਤ ਕਰਕੇ ਚੋਟੀ 'ਤੇ ਪਹੁੰਚਿਆ ਜਾ ਸਕਦਾ ਹੈ, ਜਿਵੇਂ ਕੰਧ ਦੇ ਵਿਚ ਰੁੱਖ ਉਗ ਜਾਂਦਾ ਹੈ। 'ਸੋਝੀ ਦਾ ਬੁੱਲਾ' ਵਿਚ ਖੁਦਗਰਜ਼ੀ ਤੇ ਘੁਮੰਡ ਸਦਾ ਨਹੀਂ ਰਹਿੰਦੇ, ਇੱਕ ਨਾ ਇੱਕ ਦਿਨ ਉਨ੍ਹਾਂ ਨੂੰ ਅਕਲ ਨਾਲ ਮੱਥਾ ਮਾਰਨਾ ਪਵੇਗਾ। 'ਸੰਤਾਪ ਦੀ ਕਾਂਜਲੀ' ਵਿਚ ਲਾਲਸਾਵਾਂ ਇਨਸਾਨ ਨੂੰ ਵਿਵੇਕਹੀਣ ਬਣਾ ਦਿੰਦੀਆਂ ਹਨ, ਇਨ੍ਹਾਂ ਤੋਂ ਬਚਣਾ ਚਾਹੀਦਾ ਹੈ। 'ਹਸਰਤਾਂ ਭਰਿਆ' ਵਿਚ ਦੱਸਿਆ ਗਿਆ ਹੈ, ਜਦੋਂ ਦੂਜਿਆਂ 'ਤੇ ਜ਼ੁਲਮ ਹੁੰਦੇ ਹੋਣ ਤਾਂ ਚੁੱਪ ਨਹੀਂ ਰਹਿਣਾ ਚਾਹੀਦਾ, ਸਗੋਂ ਹੌਂਸਲੇ ਤੋਂ ਕੰਮ ਲੈਣਾ ਚਾਹੀਦਾ ਹੈ। ਕਵੀ ਆਪਣੀਆਂ ਕਵਿਤਾਵਾਂ ਵਿਚ ਸੱਚਾਈ ਦਾ ਸਾਥ ਦੇਣ, ਅਕਲ ਤੋਂ ਕੰਮ ਲੈਣ, ਨਿਡਰ ਰਹਿਣ, ਔਰਤ ਨੂੰ ਭਾਵਨਾਵਾਂ ਵਿਚ ਨਾ ਵਹਿਣ, ਦੁੱਖਾਂ ਦਾ ਡੱਟਕੇ ਵਿਰੋਧ ਕਰਨ, ਹਉਮੈ ਤਿਆਗਣ, ਕੁਦਰਤ ਦੀਆਂ ਰਹਿਮਤਾਂ ਨਾਲ ਪਿਆਰ ਕਰਨ, ਆਪਣੇ ਅੰਦਰ ਝਾਤੀ ਮਾਰਨ, ਜ਼ੋਰ ਜ਼ਬਰਦਸਤੀ ਦਾ ਵਿਰੋਧ ਕਰਨ, ਸਾਹਿਤਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਸਮਝਣ ਅਤੇ ਰੁੱਖਾਂ ਦੀ ਰੱਖਿਆ ਕਰਨ ਦੀ ਤਾਕੀਦ ਕਰਦਾ ਹੈ। 'ਖ਼ਾਨਗਾਹ' ਕਵਿਤਾ ਵਿਚ ਸ਼ਾਇਰ ਲਿਖਦਾ ਹੈ ਕਿ ਲੋਕ, ਲਾਲਚੀ ਤੇ ਖ਼ੁਦਗਰਜ਼ ਹੋ ਗਏ ਹਨ, ਭੁੱਖ ਨੰਗ ਐਨੀ ਵੱਧ ਗਈ ਤੇ ਉਨ੍ਹਾਂ ਦੇ ਸਬਰ ਟੁੱਟ ਗਏ ਹਨ। 'ਖ਼ੁਸ਼ੀਆਂ ਦੀਆਂ ਡਾਰਾਂ' ਵਿਚ ਦੱਸਿਆ ਹੈ ਕਿ ਨੌਜਵਾਨਾਂ 'ਤੇ ਵੀ ਇਕੱਲਤਾ ਭਾਰੂ ਹੋ ਗਈ ਹੈ, ਚਾਰੇ ਪਾਸੇ ਜ਼ੁਲਮ ਹੋ ਰਹੇ ਹਨ, ਪਰ ਫਿਰ ਵੀ ਲੋਕ ਖ਼ੁਸ਼ ਹਨ। ਦ੍ਰਿੜ੍ਹਤਾ ਨਾਲ ਕੰਡਿਆਂ ਭਾਵ ਦੁੱਖਾਂ ਦਾ ਮੁਕਾਬਲਾ ਕਰਨਾ ਸਿੱਖੋ। ਔਰਤਾਂ ਸਾਥੀਆਂ ਦੀਆਂ ਬੇਵਫ਼ਾਵਾਂ ਕਰਕੇ ਕਚਹਿਰੀਆਂ ਦੇ ਚੱਕਰਾਂ ਵਿਚ ਫਸੀਆਂ ਹੋਈਆਂ ਹਨ। ਪਰਵਾਸ ਦੀ ਸਮੱਸਿਆ ਨੇ ਪੰਜਾਬ ਦਾ ਨੁਕਸਾਨ ਕੀਤਾ ਹੈ। 'ਘਰ' ਕਵਿਤਾ ਰਿਸ਼ਤਿਆਂ ਦੀ ਨਿੱਘ ਦਾ ਪ੍ਰਤੀਕ ਹੁੰਦਾ ਹੈ। ਰਿਸ਼ਤਿਆਂ ਵਿਚਲੀ ਖਟਾਸ ਅਤੇ ਇਨ੍ਹਾਂ ਦੀ ਅਹਿਮੀਅਤ ਨੂੰ ਨਾ ਸਮਝਣ ਵਾਲੀਆਂ ਲਗਪਗ 8 ਕਵਿਤਾਵਾਂ ਹਨ, ਜਿਹੜੀਆਂ ਮੁਹੱਬਤ ਦੀ ਬਾਤ ਪਾਉਂਦੀਆਂ ਹਨ। ਇਨਸਾਨ ਸਵਾਦਾਂ ਦਾ ਕੈਦੀ ਬਣ ਗਿਆ, ਅੱਗੇ ਨਿਕਲਣ ਦੀ ਤਾਂਘ ਬੁਰੇ ਕੰਮ ਕਰਵਾਉਂਦੀ ਹੈ। ਲਗਪਗ ਦਸ ਕਵਿਤਾਵਾਂ ਜੰਗਲ਼ਾਂ ਤੇ ਰੁੱਖਾਂ ਦੀ ਕਟਾਈ 'ਤੇ ਦਸ ਹੀ ਕਵਿਤਾਵਾਂ ਵਾਤਾਵਰਨ ਅਤੇ ਪੰਛੀਆਂ ਦੀ ਬੇਰੁਖੀ ਦੀ ਲੋਕਾਈ ਵੱਲੋਂ ਬਾਤ ਪਾਉਂਦੀਆਂ ਹੋਈਆਂ, ਉਨ੍ਹਾਂ ਦੀ ਅਹਿਮੀਅਤ ਸਮਝਣ ਦੀ ਤਾਕੀਦ ਕਰਦੀਆਂ ਹਨ। ਇਨਸਾਨ ਸੂਰਜ ਅਤੇ ਧਰਤੀ ਦੀ ਪਾਬੰਦਗੀ ਤੋਂ ਵੀ ਸਬਕ ਸਿੱਖਣ ਦੀ ਕੋਸ਼ਿਸ਼ ਨਹੀਂ ਕਰਦਾ। 'ਬਾਬਾ ਮਹਿੰਗਾ' ਕਵਿਤਾ ਇਨਸਾਨ ਦੀ ਵਹਿਸ਼ੀ ਪ੍ਰਵਿਰਤੀ ਦੇ ਸੰਤਾਪ ਦਾ ਪ੍ਰਗਟਾਵਾ ਕਰਦੀ ਹੈ। ਲੋਕਾਂ ਦੇ ਦਿਲ ਦਰਿਆ ਨਹੀਂ ਰਹੇ, ਆਧੁਨਿਕਤਾ ਦੇ ਪ੍ਰਭਾਵ ਨੇ ਸੰਗੋੜ ਲਏ ਹਨ। ਇਨਸਾਨ ਹਵਾਈ ਕਿਲੇ ਉਸਾਰੀ ਜਾਂਦਾ ਹੈ, ਕਿਉਂਕਿ ਸੰਤੁਸ਼ਟੀ ਗਾਇਬ ਹੋ ਗਈ, ਪ੍ਰੰਤੂ ਇੱਕ ਨਾ ਇੱਕ ਦਿਨ ਧਰਤੀ 'ਤੇ ਆਉਣਾ ਹੈ। ਇਨਸਾਨ 'ਤੇ ਪੂਜੀਵਾਦ ਦਾ ਭੂਤ ਸਵਾਰ ਹੋ ਗਿਆ ਹੈ, ਇਸ ਕਰਕੇ ਅਮੀਰ ਬਣਨ ਦੀ ਤ੍ਰਿਸ਼ਨਾ ਵੱਧ ਰਹੀ ਹੈ। ਦੁੱਖ ਤਕਲੀਫ਼ ਜ਼ਿੰਦਗੀ ਦਾ ਹਿੱਸਾ ਹਨ, ਇਸ ਲਈ ਹੌਂਸਲਾ ਬਰਕਰਾਰ ਰੱਖਦਿਆਂ ਕਿਸੇ ਦਾ ਸਹਾਈ ਬਣਨਾ ਚਾਹੀਦਾ ਹੈ। ਵਕਤ ਦੇ ਹਾਣੀ ਬਣਕੇ ਵਿਚਰੋ ਤੇ ਰਸਾਇਣਾਂ ਦੀ ਵਰਤੋਂ ਤੋਂ ਪ੍ਰਹੇਜ ਕਰੋ, ਇਹ ਜ਼ਹਿਰੀਲੇ ਪਦਾਰਥ ਘਾਤਕ ਹੁੰਦੇ ਹਨ। ਅਖ਼ੀਰ ਵਿਚ ਕਿਹਾ ਜਾ ਸਕਦਾ ਹੈ ਕਿ ਰਾਮਪਾਲ ਸ਼ਾਹਪੁਰੀ ਦੀਆਂ ਕਵਿਤਾਵਾਂ ਸੁਨਹਿਰੀ ਜ਼ਿੰਦਗੀ ਜਿਊਣ ਲਈ ਪ੍ਰੇਰਨ ਸ੍ਰੋਤ ਬਣਨਗੀਆਂ, ਪ੍ਰੰਤੂ ਇਨ੍ਹਾਂ ਦੀ ਗੰਭੀਰਤਾ ਨੂੰ ਸਮਝਣ ਦੀ ਕੋਸ਼ਿਸ਼ ਕਰਨੀ ਪਵੇਗੀ।

**120 ਪੰਨਿਆਂ, 195 ਰੁਪਏ ਕੀਮਤ ਵਾਲਾ ਇਹ ਕਾਵਿ ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ : ਰਾਮਪਾਲ ਸ਼ਾਹਪੁਰੀ : 9914886310**

## ਈਰਾਨ ਵੱਲੋਂ "ਪਾਰਕ, ਮਨੋਰੰਜਨ ਖੇਤਰ ਅਤੇ ਸੈਰ-ਸਪਾਟਾ ਸਥਾਨ" ਨੂੰ ਨਿਸ਼ਾਨਾ ਬਣਾਉਣ ਦੀ ਚਿਤਾਵਨੀ

**ਦੁਬਈ, (ਪੰਜਾਬ ਮੇਲ)**- ਈਰਾਨ ਦੇ ਚੋਟੀ ਦੇ ਫੌਜੀ ਬੁਲਾਰੇ ਨੇ ਸ਼ੁੱਕਰਵਾਰ ਨੂੰ ਇੱਕ ਬੇਹੱਦ ਚਿੰਤਾਜਨਕ ਚਿਤਾਵਨੀ ਜਾਰੀ ਕਰਦਿਆਂ ਕਿਹਾ ਹੈ ਕਿ ਦੁਨੀਆਂ ਭਰ ਦੇ "ਪਾਰਕ, ਮਨੋਰੰਜਨ ਖੇਤਰ ਅਤੇ ਸੈਰ-ਸਪਾਟਾ ਸਥਾਨ" ਹੁਣ ਤੇਹਰਾਨ ਦੇ ਦੁਸ਼ਮਣਾਂ ਲਈ ਸੁਰੱਖਿਅਤ ਨਹੀਂ ਰਹਿਣਗੇ। ਇਹ ਧਮਕੀ ਅਜਿਹੇ ਸਮੇਂ ਆਈ ਹੈ, ਜਦੋਂ ਈਰਾਨ ਲਗਾਤਾਰ ਅਮਰੀਕੀ ਅਤੇ ਇਜ਼ਰਾਈਲੀ ਹਵਾਈ ਹਮਲਿਆਂ ਦਾ ਸਾਹਮਣਾ ਕਰ ਰਿਹਾ ਹੈ।

ਜਨਰਲ ਅਬੋਲਫਜ਼ਲ ਸ਼ੇਕਰਚੀ ਨੇ ਇੱਕ ਅਧਿਕਾਰਤ ਬਿਆਨ ਵਿਚ ਕਿਹਾ, "ਹੁਣ ਤੋਂ, ਸਾਡੇ ਕੋਲ ਤੁਹਾਡੇ ਬਾਰੇ ਜੋ ਜਾਣਕਾਰੀ ਹੈ, ਉਸ ਦੇ ਆਧਾਰ 'ਤੇ ਦੁਨੀਆਂ ਵਿਚ ਕਿਤੇ ਵੀ ਸਥਿਤ ਪਾਰਕ, ਮਨੋਰੰਜਨ ਖੇਤਰ ਅਤੇ ਸੈਰ-ਸਪਾਟਾ ਸਥਾਨ ਤੁਹਾਡੇ ਲਈ ਸੁਰੱਖਿਅਤ ਨਹੀਂ ਰਹਿਣਗੇ"। ਈਰਾਨੀ ਸਰਕਾਰੀ ਟੈਲੀਵਿਜ਼ਨ ਦੁਆਰਾ ਪ੍ਰਕਾਸ਼ਿਤ ਇਸ ਬਿਆਨ ਨੇ ਵਿਸ਼ਵ ਪੱਧਰ 'ਤੇ ਚਿੰਤਾਵਾਂ ਵਧਾ ਦਿੱਤੀਆਂ ਹਨ।

ਮਾਹਰਾਂ ਦਾ ਮੰਨਣਾ ਹੈ ਕਿ ਜਿਵੇਂ-ਜਿਵੇਂ ਜੰਗ ਲੰਬੀ ਖਿੱਚ ਰਹੀ ਹੈ, ਈਰਾਨ ਮੱਧ ਪੂਰਬ ਤੋਂ ਬਾਹਰ ਵੀ ਖਾੜਕੂ ਹਮਲਿਆਂ ਨੂੰ ਇੱਕ ਦਬਾਅ ਦੀ ਰਣਨੀਤੀ ਵਜੋਂ ਵਰਤ ਸਕਦਾ ਹੈ। ਇਸ ਧਮਕੀ ਨੇ ਉਨ੍ਹਾਂ ਖ਼ਦਸ਼ਿਆਂ ਨੂੰ ਮੁੜ ਸੁਰਜੀਤ ਕਰ ਦਿੱਤਾ ਹੈ ਕਿ ਈਰਾਨ ਆਪਣੇ ਦੁਸ਼ਮਣਾਂ ਨੂੰ ਨਿਸ਼ਾਨਾ ਬਣਾਉਣ ਲਈ ਗਲੋਬਲ ਸੈਰ-ਸਪਾਟਾ ਸਥਾਨਾਂ ਦੀ ਵਰਤੋਂ ਕਰ ਸਕਦਾ ਹੈ। ਫਿਲਹਾਲ, ਇਸ ਬਿਆਨ ਤੋਂ ਬਾਅਦ ਦੁਨੀਆਂ ਭਰ ਦੇ ਪ੍ਰਮੁੱਖ ਸੈਰ-ਸਪਾਟਾ ਦੇਸ਼ਾਂ ਵਿਚ ਸੁਰੱਖਿਆ ਨੂੰ ਲੈ ਕੇ ਚੌਕਸੀ ਵਧਣ ਦੀ ਸੰਭਾਵਨਾ ਹੈ।

## ਅਬੂ ਧਾਬੀ 'ਚ ਮਿਜ਼ਾਈਲ ਹਮਲੇ ਦੌਰਾਨ ਭਾਰਤੀ ਨਾਗਰਿਕ ਜ਼ਖ਼ਮੀ

**ਅਬੂ ਧਾਬੀ/ਦੁਬਈ, (ਪੰਜਾਬ ਮੇਲ)**- ਸੰਯੁਕਤ ਅਰਬ ਅਮੀਰਾਤ ਦੀ ਰਾਜਧਾਨੀ ਅਬੂ ਧਾਬੀ ਵਿਚ ਇੱਕ ਮਿਜ਼ਾਈਲ ਹਮਲੇ ਦੌਰਾਨ ਭਾਰਤੀ ਨਾਗਰਿਕ ਦੇ ਜ਼ਖ਼ਮੀ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਸਰੋਤਾਂ ਅਨੁਸਾਰ ਅਬੂ ਧਾਬੀ ਦੇ ਅਲ ਸ਼ਵਾਮੇਖ ਇਲਾਕੇ ਵਿਚ ਹਵਾਈ ਰੱਖਿਆ ਪ੍ਰਣਾਲੀ ਵੱਲੋਂ ਮਾਰ ਗਿਰਾਏ ਗਏ ਇਕ ਮਿਜ਼ਾਈਲ ਦਾ ਮਲਬਾ ਡਿੱਗਣ ਕਾਰਨ ਇਕ ਭਾਰਤੀ ਨਾਗਰਿਕ ਮਾਮੂਲੀ ਰੂਪ ਵਿਚ ਜ਼ਖ਼ਮੀ ਹੋ ਗਿਆ ਹੈ।

ਅਧਿਕਾਰੀਆਂ ਨੇ ਜਾਣਕਾਰੀ ਦਿੱਤੀ ਹੈ ਕਿ ਹਵਾਈ ਰੱਖਿਆ ਪ੍ਰਣਾਲੀ ਨੇ ਆ ਰਹੀ ਇੱਕ ਬੈਲਿਸਟਿਕ ਮਿਜ਼ਾਈਲ ਨੂੰ ਸਫਲਤਾਪੂਰਵਕ ਨਿਸ਼ਾਨਾ ਬਣਾ ਕੇ ਹਵਾ ਵਿਚ ਹੀ ਤਬਾਹ ਕਰ ਦਿੱਤਾ। ਹਾਲਾਂਕਿ ਮਿਜ਼ਾਈਲ ਦੇ ਟੁੱਟਣ ਤੋਂ ਬਾਅਦ ਉਸ ਦਾ ਮਲਬਾ ਰਿਹਾਇਸ਼ੀ ਇਲਾਕੇ ਵਿਚ ਜਾ ਡਿੱਗਿਆ, ਜਿਸ ਦੀ ਲਪੇਟ ਵਿੱਚ ਆਉਣ ਕਾਰਨ ਉੱਥੇ ਮੌਜੂਦ ਭਾਰਤੀ ਨਾਗਰਿਕ ਨੂੰ ਸੱਟਾਂ ਲੱਗੀਆਂ। ਘਟਨਾ ਤੋਂ ਤੁਰੰਤ ਬਾਅਦ ਐਮਰਜੈਂਸੀ ਟੀਮਾਂ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਨੂੰ ਸੰਭਾਲਿਆ।

ਅਬੂ ਧਾਬੀ ਦੇ ਮੀਡੀਆ ਦਫ਼ਤਰ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਇਕ ਪੋਸਟ ਰਾਹੀਂ ਇਸ ਘਟਨਾ ਦੀ ਪੁਸ਼ਟੀ ਕੀਤੀ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ
e-Baba Entertainment App ਨੂੰ Download ਕਰ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# ਗੁਰੂ ਅਮਰਦਾਸ ਸਾਹਿਬ ਜੀ

## ਗੁਰਗੱਦੀ 'ਤੇ ਵਿਸ਼ੇਸ਼

ਪ੍ਰਮਿੰਦਰ ਸਿੰਘ
'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲUSA





ਭਾਰਤ ਦੇ ਮੱਧਕਾਲੀਨ ਇਤਿਹਾਸ ਵਿਚ ਰਾਜਨੀਤਿਕ ਸਥਿਤੀ ਡਾਂਵਾਂਡੋਲ ਸੀ। ਦੇਸ਼ ਛੋਟੇ-ਛੋਟੇ ਆਜ਼ਾਦ ਰਾਜਾਂ ਵਿਚ ਵੰਡਿਆ ਹੋਇਆ ਸੀ। ਜਨ ਸਾਧਾਰਨ ਰਾਜਨੀਤਿਕ ਅਤੇ ਧਾਰਮਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਪੰਦਰਵੀਂ ਸਦੀ ਵਿਚ ਭਗਤੀ ਲਹਿਰ ਨਾਲ ਸਮਾਜ ਵਿਚ ਇੱਕ ਵੱਖਰਾ ਅਤੇ ਨਵਾਂ ਇਨਕਲਾਬ ਆਇਆ। ਭਗਤੀ ਲਹਿਰ ਦੇ ਸੁਧਾਰਕਾਂ ਨੇ ਮਨੁੱਖਤਾ ਦੇ ਦਿਲਾਂ ਵਿਚ ਆਤਮਿਕ ਅਧਿਆਤਮਿਕ ਜੋਤ ਜਗਾਈ। ਧਰਮ ਨਾਲ ਜੁੜੇ ਸੰਸਕਾਰਾਂ ਵਿਚ ਜਾਗ੍ਰਿਤੀ ਆਈ। ਇਸੇ ਲੜੀ ਵਿਚ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ 1469 ਈ. ਵਿਚ ਹੋਇਆ। ਆਪ ਸਿੱਖ ਲਹਿਰ ਦੇ ਮੋਢੀ ਵਿਚਾਰਧਾਰਕ ਆਗੂ ਸਨ। ਆਪ ਜੀ ਦਾ ਸਥਾਪਤ ਗੁਰਮਤਿ ਇਕ ਵਿਲੱਖਣ ਮੱਤ ਸੀ। ਸਿੱਖ ਧਰਮ ਇਕ ਪ੍ਰਮਾਤਮਾ ਨੂੰ ਮੰਨਣ ਵਾਲਾ ਕੌਮੀ ਮਾਰਗ ਹੈ। ਸਿੱਖੀ ਦਾ ਰੂਹਾਨੀ ਅਤੇ ਕੌਮੀ ਆਧਾਰ, ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਥਾਪਤ ਕੀਤਾ। ਬਾਅਦ ਦੇ 9 ਗੁਰੂਆਂ ਵੱਲੋਂ ਸਮੇਂ-ਸਮੇਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਕਤਾ ਦਾ ਰਾਹ ਦਰਸਾਇਆ। ਇਸ ਨਿਰੰਤਰ ਸਮਾਜ ਸੁਧਾਰ ਵਿਚ ਗੁਰੂ ਸਾਹਿਬਾਨ ਨੇ ਮੁਕਤੀ ਵਿਚਾਰ ਨੂੰ ਨਵਾਂ ਅਰਥ ਦੇ ਕੇ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ। ਗੁਰੂ ਸਾਹਿਬਾਨ ਜੀ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸਿੱਖ ਧਰਮ ਦਾ ਆਧਾਰ ਹੈ ਕਿ ਇਕ ਪ੍ਰਮਾਤਮਾ ਵਿਚ ਯਕੀਨ ਰੱਖਣਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਜੋਤੀ-ਜੋਤ ਸਮਾਉਣ ਵੇਲੇ ਆਪਣੇ ਸਿੱਖ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸਿੱਖੀ ਮਾਰਗ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਦਿੱਤੀ। ਇਹ ਗੁਰੂ ਪ੍ਰਥਾ ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ 1708 ਤੱਕ ਜਾਰੀ ਰਹੀ। ਉਪਰੰਤ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਾਪਤ ਹੋਈ। ਸੰਨ 1699 ਈ. ਦੀ ਵਿਸਾਖੀ 'ਤੇ ਪੰਜ ਪਿਆਰੇ ਸਾਜ ਕੇ ਫੌਜੀ ਖਾਲਸਾ ਕਾਇਮ ਕੀਤਾ। ਸਿੱਖਾਂ ਨੂੰ ਇਕ ਵੱਖਰੀ ਪਛਾਣ ਦਿੱਤੀ। ਇਸੇ ਗੁਰੂ ਪ੍ਰਥਾ ਵਿਚ ਗੁਰੂ ਅਮਰਦਾਸ ਸਾਹਿਬ ਜੀ ਸਿੱਖਾਂ ਦੇ ਤੀਸਰੇ ਗੁਰੂ ਹੋਏ ਹਨ।

ਆਪ ਜੀ ਦਾ ਆਗਮਨ ਪਿੰਡ ਬਾਸਰਕੇ ਗਿੱਲਾਂ (ਅੰਮ੍ਰਿਤਸਰ), ਪਿਤਾ ਬਾਬਾ ਤੇਜ਼ਭਾਨ ਜੀ ਭੱਲਾ ਖਤਰੀ ਅਤੇ ਮਾਤਾ ਬਖਤ ਕੌਰ ਦੇ ਗ੍ਰਹਿ ਵਿਖੇ 23 ਮਈ, 1479 ਨੂੰ ਹੋਇਆ। ਪਰਿਵਾਰ ਖੇਤੀ ਅਤੇ ਦੁਕਾਨ ਵਪਾਰ ਕਰਦਾ ਸੀ। ਬੜਾ ਮਿਹਨਤੀ ਪਰਿਵਾਰ ਸੀ। ਧਾਰਮਿਕ ਬਿਰਤੀ ਵਾਲੇ ਸਨ। ਧਾਰਮਿਕ ਤੌਰ 'ਤੇ ਵੈਸ਼ਣਵੀ ਹਿੰਦੂ ਧਰਮ ਨਾਲ ਜੁੜੇ ਹੋਏ ਸਨ। ਆਪ ਜੀ ਦਾ ਵਿਆਹ 24 ਸਾਲ ਦੀ ਉਮਰ ਵਿਚ ਸਨਖੱਤ੍ਰਾ ਪਿੰਡ ਦੇ ਬਹਿਲ ਪਰਿਵਾਰ ਵਿਚ 1503 ਨੂੰ ਮਾਤਾ ਮਨਸਾ ਦੇਵੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਭਾਈ ਮੋਹਨ ਅਤੇ ਭਾਈ ਮੋਹਰੀ, ਦੋ ਧੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਹੋਏ। ਆਪ 42 ਸਾਲ ਦੀ ਉਮਰ 1521 ਈ. ਨੂੰ ਹਰਿਦੁਆਰ ਤੀਰਥ ਇਸ਼ਨਾਨ 'ਤੇ ਗਏ। ਫਿਰ 20 ਸਾਲ 1541 ਤੱਕ ਨੇਮ ਨਾਲ ਹਰ ਸਾਲ ਜਾਂਦੇ ਰਹੇ।

ਆਪ ਜੀ ਦੇ ਭਤੀਜੇ ਦੀ ਵਹੁਟੀ ਬੀਬੀ ਅਮਰੋ ਦਾ ਅੰਮ੍ਰਿਤ ਵੇਲੇ ਰੱਬੀ-ਬਾਣੀ ਪੜ੍ਹਨ ਦੇ ਨੇਮ ਸੀ। ਰੱਬੀ ਬਾਣੀ ਜਦੋਂ ਅਮਰਦਾਸ ਜੀ ਨੇ ਸਰਵਣ ਕੀਤੀ, ਤਾਂ ਉਨ੍ਹਾਂ ਦੇ ਮਨ 'ਤੇ ਇਸ ਦਾ ਡੂੰਘਾ ਪ੍ਰਭਾਵ ਪਿਆ। ਇਸੇ ਪ੍ਰਭਾਵ ਹੇਠ ਗੁਰੂ ਦਰਸ਼ਨਾਂ ਦੀ ਤਾਂਘ ਉਨ੍ਹਾਂ ਨੂੰ ਖਡੂਰ ਸਾਹਿਬ ਖਿੱਚ ਲਿਆਈ। ਸੰਨ 1540 ਵਿਚ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਜਾਣ ਲਿਆ ਸੀ ਕਿ ਮੈਨੂੰ ਆਪਣਾ ਅਧਿਆਤਮਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਤਦ 62 ਸਾਲ ਦੀ ਉਮਰ ਵਿਚ ਉਨ੍ਹਾਂ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਆਪਣਾ ਗੁਰੂ ਧਾਰ ਲਿਆ।

ਆਪ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਸੇਵਾ ਵਿਚ ਪੱਕੇ ਤੌਰ 'ਤੇ ਰਹਿਣ ਲੱਗੇ। ਉਹ ਦਿਨ-ਰਾਤ ਸੇਵਾ 'ਚ ਜੁੱਟ ਗਏ। ਖਡੂਰ ਸਾਹਿਬ ਤੋਂ ਬਿਆਸ ਦਰਿਆ ਤਿੰਨ ਕੋਹ 'ਤੇ ਹੈ। ਆਪ ਅੰਮ੍ਰਿਤ ਵੇਲੇ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਇਸ਼ਨਾਨ ਲਈ ਗਾਗਰ ਭਰ ਕੇ ਲਿਆਉਂਦੇ। ਲੰਗਰਾਂ ਦੀ ਸੇਵਾ ਵਿਚ ਲੱਕੜੀ ਲਿਆਉਣਾ, ਭਾਂਡੇ ਮਾਂਜਣਾ, ਪਾਣੀ ਢੋਣਾ, ਪੱਖਾ ਝੱਲਣਾ ਤੇ ਸੰਗਤਾਂ ਦੇ ਸੁੱਖ ਆਰਾਮ ਲਈ ਸੇਵਾ ਕਰਨ ਦਾ ਨੇਮ ਸੀ। ਵਿਹਲੇ ਸਮੇਂ ਗੁਰੂ ਅੰਗਦ ਦੇਵ ਸਾਹਿਬ ਜੀ ਪਾਸੋਂ ਗੁਰੂ ਨਾਨਕ ਦੀ ਬਾਣੀ ਪੜ੍ਹਦੇ ਰਹਿਣਾ। ਗੁਰੂ ਅੰਗਦ ਦੇਵ ਸਾਹਿਬ ਜੀ ਕੋਲ ਗੁਰਬਾਣੀ ਦਾ ਸੰਗ੍ਰਹਿ ਸੀ। ਬਾਣੀ ਦੀ ਇਸ ਲਗਨ ਨੇ ਉਨ੍ਹਾਂ ਨੂੰ 74 ਸਾਲ ਦੀ ਉਮਰ 'ਚ ਗੁਰਬਾਣੀ ਦਾ ਰਚੇਤਾ ਬਣਾ ਦਿੱਤਾ। ਉਨ੍ਹਾਂ ਨੇ 12 ਸਾਲ ਤੱਕ ਗੁਰੂ ਦੀ ਸੇਵਾ ਕੀਤੀ।

ਲੋਕਾਂ ਨੇ ਉਨ੍ਹਾਂ ਦਾ ਮਖੌਲ ਵੀ ਉਡਾਇਆ। ਉਨ੍ਹਾਂ ਨੂੰ ਨੌਕਰ, ਪਾਗਲ, ਕਹਾਰਾ ਆਦਿ ਕਿਹਾ। ਆਪ ਜੀ ਨੇ ਇਸ ਨਰਾਦਰੀ ਦੀ ਕਦੇ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਦੇ ਮਨ ਵਿਚ ਗੁਰੂ ਦੀ ਸੇਵਾ ਅਤੇ ਸਤਿਕਾਰ ਸੀ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਉਨ੍ਹਾਂ ਦੀ ਨਿਰਾਦਰੀ ਸੁਣ ਕੇ ਕਿਹਾ ਕਿ ਆਪ ਧੰਨ ਹੋ, ਆਪ ਨਿਥਾਵਿਆਂ ਦੀ ਥਾਂ, ਨਿਆਸਰਿਆਂ ਦਾ ਆਸਰਾ ਹੋ, ਨਿਘਰਿਆਂ ਦਾ ਘਰ ਹੋ ਆਦਿ ਨਾਵਾਂ ਨਾਲ ਪ੍ਰਸ਼ੰਸਾ ਅਤੇ ਸਨਮਾਨ ਕੀਤਾ। ਆਪ ਜੀ ਦੀ ਗੁਰੂ ਪ੍ਰਤੀ ਸ਼ਰਧਾ, ਸੇਵਾ ਭਾਵਨਾ, ਹਲੀਮੀ, ਨਿਮਰਤਾ ਅਤੇ ਪ੍ਰਬੰਧਕੀ ਯੋਗਤਾ ਤੋਂ ਪ੍ਰਭਾਵਿਤ ਹੋ ਕੇ 29 ਮਾਰਚ, 1552 ਨੂੰ ਗੁਰਗੱਦੀ ਸੌਂਪ ਦਿੱਤੀ। ਜਦਕਿ ਆਪ ਜੀ ਦੀ ਉਮਰ 6 ਦਹਾਕੇ ਪਾਰ ਕਰ ਚੁੱਕੀ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਦੇ ਅਦੇਸ਼ ਅਨੁਸਾਰ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਖਡੂਰ ਸਾਹਿਬ ਤੋਂ ਗੋਇੰਦਵਾਲ ਬਣਾ ਲਿਆ ਸੀ। ਇਹ ਨਗਰ ਵੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਕਹਿਣ 'ਤੇ ਹੀ ਆਪ ਵੱਲੋਂ ਵਸਾਇਆ ਗਿਆ ਸੀ। ਗੁਰਗੱਦੀ 'ਤੇ ਬੈਠਦਿਆਂ ਹੀ ਭਾਵੇਂ ਆਪ ਜੀ ਨੂੰ ਘਰੇਲੂ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਨੇ ਗੁਰਆਈ ਗੱਦੀ ਨੂੰ ਲੈ ਕੇ ਆਪ ਜੀ ਦੀ ਵਿਰੋਧਤਾ ਕੀਤੀ। ਉਹ ਇਕ ਦਿਨ ਗੋਇੰਦਵਾਲ ਸਾਹਿਬ ਆ ਕੇ ਜਬਰੀ ਗੁਰਗੱਦੀ 'ਤੇ ਬੈਠ ਗਿਆ। ਆਪ ਜੀ ਨੂੰ ਅਹਿਸਾਸ ਕਿ ਉਨ੍ਹਾਂ ਖੁਦ ਗੁਰੂ ਅੰਗਦ ਦੇਵ ਸਾਹਿਬ ਜੀ ਦੀ 12 ਸਾਲ ਸੇਵਾ ਕੀਤੀ ਹੈ ਤੇ ਸ਼ਾਂਤ ਰਹੇ। ਨਿਸ਼ਕਾਮ ਸੇਵਾ ਲਈ ਉਨ੍ਹਾਂ ਦੇ ਮਨ ਵਿਚ ਕੋਈ ਲਾਲਸਾ ਤੇ ਵਡਿਆਈ ਨਹੀਂ ਸੀ। ਗੁਰੂ ਜੀ ਇਸੇ ਝਗੜੇ ਵਿਚ ਆਪ ਬਾਸਰਕੇ ਆ ਗਏ। ਪਰ ਸੰਗਤਾਂ ਨੇ ਬਾਬਾ ਦਾਤੂ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਫਿਰ ਗੁਰੂ ਸਾਹਿਬ ਜੀ ਨੂੰ ਸੰਗਤਾਂ ਨੇ ਗੋਇੰਦਵਾਲ ਸਾਹਿਬ ਮੋੜ ਲਿਆਂਦਾ। ਬਾਬਾ ਦਾਤੂ ਜੀ ਨੇ ਬਾਦਸ਼ਾਹ ਅਕਬਰ ਕੋਲ ਵੀ ਗੁਰੂ ਸਾਹਿਬ ਵਿਰੁੱਧ ਸ਼ਿਕਾਇਤ ਕੀਤੀ ਪਰ ਸਫਲ ਨਾ ਹੋ ਸਕੇ।

ਆਪਣੇ 22 ਸਾਲਾਂ ਦੇ ਗੁਰਕਾਲ ਵਿਚ ਸਿੱਖ ਮੱਤ ਦੇ ਸੰਗਠਨ ਤੇ ਵਿਕਾਸ ਲਈ ਸਮਾਜਿਕ ਸੁਧਾਰ ਵੀ ਕੀਤੇ। ਆਪਣੇ ਅਧਿਆਤਮਕ ਉਪਦੇਸ਼ ਵਿਚ, ਉਨ੍ਹਾ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲੈਣ ਲਈ ਕਿਹਾ। ਗੁਰੂ ਸਾਹਿਬਾਨ ਸੰਸਾਰ ਨੂੰ ਸੱਚਾ ਅਤੇ ਅਰਥ ਭਰਪੂਰ ਮੰਨਦੇ ਹਨ। ਗ੍ਰਹਿਸਥ ਨਾਲ ਜੋੜਦੇ ਹਨ। ਜਦਕਿ ਲੋਕ ਝੂਠੇ ਰੀਤੀ-ਰਿਵਾਜ਼ਾਂ ਅਤੇ ਕਰਮਕਾਂਡਾਂ ਵਿਚ ਫਸੇ ਸਨ। ਗੁਰੂ ਸਾਹਿਬ ਜੀ ਨੇ ਮਨੁੱਖਤਾ ਵਿਚੋਂ ਬੁਰਾਈਆਂ ਦੂਰ ਕਰਨ ਲਈ ਜਿਵੇਂ ਧਰਮ-ਵੰਡ, ਵਰਣ-ਵੰਡ, ਜਾਤ-ਪਾਤ, ਊਚ-ਨੀਚ ਦੀ ਵੰਡ ਖਤਮ ਕਰਕੇ ਸੰਗਤ ਨੂੰ ਸੰਸਥਾਈ ਰੂਪ ਦਿੱਤਾ। ਉਨ੍ਹਾਂ ਉਪਦੇਸ਼ ਦਿੱਤਾ ਕਿ ਉੱਚੀ ਜਾਤ, ਉੱਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ-ਪਾਤ ਦੇ ਭੇਦ ਮਿਟਾਉਣ ਲਈ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ। ਲੰਗਰ ਵਿਚ ਜਿਸ ਕਿਸੇ ਵੀ ਆਏ ਪ੍ਰਦੇਸ਼ੀ ਨਾਲ ਇਕੋ ਜਿਹਾ ਸਲੂਕ ਹੋਵੇ। ਲੰਗਰ ਦੇ ਉਦਮ ਨੂੰ ਜਾਰੀ ਰੱਖਦਿਆਂ ਸਭ ਜਾਤਾਂ ਦੀ ਸੰਗਤ ਨੂੰ ਇਕੋ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਛਕਾਇਆ ਜਾਂਦਾ ਸੀ। ਗੁਰੂ ਜੀ ਨੇ ਇਕੋ ਪੰਗਤ 'ਚ ਬੈਠ ਕੇ ਲੰਗਰ ਛੱਕਣਾ ਲਾਜ਼ਮੀ ਕਰ ਦਿੱਤਾ। ਪਹਿਲਾਂ ਹਰ ਇਕ ਲਈ ਪੰਗਤ, ਫਿਰ ਸੰਗਤ ਦੀ ਡੂੰਘੀ ਸਾਂਝ ਬਣਾ ਦਿੱਤੀ। ਸ਼ੂਦਰ ਅਖਵਾਉਂਦੇ ਗਰੀਬ ਲੋਕਾਂ ਦੇ ਦਿਲ ਵਿਚ ਗੁਰੂ ਸਾਬਿਹ ਲਈ ਪਿਆਰ ਅਤੇ ਸਤਿਕਾਰ ਵਧਿਆ। ਗੁਰੂ ਜੀ ਦੀ ਵਡਿਆਈ ਚੁਫੇਰੇ ਵਧਣ ਲੱਗੀ।

ਸੰਨ 1560 ਦੇ ਮੁਗਲ ਬਾਦਸ਼ਾਹ ਅਕਬਰ ਨੇ ਗੋਇੰਦਵਾਲ ਆ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਬਾਦਸ਼ਾਹ ਨੇ ਵੀ ਲੰਗਰ ਦੀ ਪੰਗਤ 'ਚ ਬੈਠ ਕੇ ਲੰਗਰ ਪ੍ਰਸ਼ਾਦ ਛੱਕਿਆ। ਸਿੱਖਾਂ ਦੇ ਪਿਆਰ-ਭਰੇ ਸਲੂਕ ਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ। ਬਾਦਸ਼ਾਹ ਨੇ ਲੰਗਰ ਦੇ ਖਰਚੇ ਲਈ ਜਾਗੀਰ ਦੇਣੀ ਚਾਹੀ। ਗੁਰੂ ਸਾਹਿਬ ਜੀ ਨੇ ਆਖਿਆ ਕਿ ਗੁਰੂ ਕਾ ਲੰਗਰ ਸਭ ਸਿੱਖਾਂ ਦੇ ਸਾਂਝੇ ਉਦਮ ਨਾਲ ਹੀ ਚੱਲਦਾ ਹੈ। ਜਗੀਰ ਦੇ ਬਦਲੇ ਵਿਚ ਗੁਰੂ ਸਾਹਿਬ ਜੀ ਨੇ ਗੈਰ ਮੁਸਲਮਾਨਾਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਲੱਗਦਾ ਮਸੂਲ ਤੋਂ ਮੁਕਤ ਕਰਵਾ ਲਿਆ।

ਆਪ ਜੀ ਨੇ ਬੜੇ ਸਾਰਥਿਕ ਅਤੇ ਯੋਜਨਾਬੰਦ ਤਰੀਕੇ ਨਾਲ ਸਿੱਖ ਧਰਮ ਦਾ ਪ੍ਰਚਾਰ ਅੱਗੇ ਤੋਰਿਆ। ਆਪ ਜੀ ਨੇ ਖੁਦ ਪ੍ਰਚਾਰਕ ਦੌਰੇ ਕੀਤੇ। ਉਪਰੰਤ ਦੂਰ-ਦੂਰ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ। ਉਨ੍ਹਾਂ ਨੇ 22 ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਹਰ ਕੇਂਦਰ 'ਤੇ ਸਥਾਨਕ ਉੱਚ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕ ਨੂੰ ਮੁਖੀ ਬਣਾਇਆ, ਜੋ ਸੰਗਤਾਂ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਸਾਹਿਬ ਜੀ ਦਾ ਹੁਕਮ ਸੁਣਾਉਂਦੇ/ਗੁਰੂ ਸਾਹਿਬ ਜੀ ਤੱਕ ਚੜ੍ਹਾਵਾ ਪਹੁੰਚਾਉਂਦੇ, ਜੋ ਇਕ ਜਗ੍ਹਾ ਜਮ੍ਹਾ ਹੋ ਕੇ ਸਮਾਜ ਭਲਾਈ ਦੇ ਕਾਰਜਾਂ ਲਈ ਖਰਚ ਹੁੰਦਾ ਸੀ। ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀਆਂ ਸਿੱਖਿਆਵਾਂ ਨਾਲ ਜੋੜਦੇ। ਸੰਗਤਾਂ ਵਿਚ ਇਹ ਪਦਵੀ ਬੜੇ ਸਤਿਕਾਰ ਅਤੇ ਇਤਬਾਰ ਵਾਲੀ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਨੇ ਰਾਵੀ ਦਰਿਆ ਤੇ ਬਿਆਸ ਦਰਿਆ ਵਿਚਕਾਰਲੇ ਇਲਾਕੇ ਦੇ ਪਿੰਡਾਂ ਵਿਚ ਪ੍ਰਚਾਰ ਕੀਤਾ। ਸਿੱਖਾਂ ਦੀ ਗਿਣਤੀ ਵਧਦੀ ਗਈ। ਸਿੱਖ ਧਰਮ ਦੇ ਪ੍ਰਚਾਰ ਨੂੰ ਫੈਲਾਉਣ ਲਈ ਗੁਰੂ ਜੀ ਨੇ ਸਾਰੀ ਸਿੱਖ-ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆਂ ਵਿਚ ਵੰਡਿਆ। ਇਸ ਤਰ੍ਹਾਂ 22 ਸਿਆਣੇ ਪ੍ਰਚਾਰਕ ਨੀਅਤ ਕੀਤੇ। ਪ੍ਰਚਾਰਕ ਨੇ ਬੋਲਣ ਵੇਲੇ ਸਾਹਮਣੇ ਬੈਠੀ ਸੰਗਤ ਨੂੰ ਸੰਬੋਧਨ ਕਰਦਿਆਂ ਨਜ਼ਰ ਮਾਰਨੀ ਹੁੰਦੀ ਹੈ। ਉੱਚੇ ਥਾਂ 'ਤੇ ਬੈਠਣਾ ਹੁੰਦਾ ਹੈ। ਇਸ ਲਈ ਮੰਜੀ ਬੈਠਣ ਲਈ ਵਰਤੀ ਜਾਂਦੀ ਸੀ, ਜਿਸ 'ਤੇ ਬੈਠ ਕੇ ਗੁਰਮਤਿ ਸਰਵਣ ਕਰਾਉਣਾ ਸੀ, ਇਸ ਤਰ੍ਹਾਂ ਪ੍ਰਚਾਰਕਾਂ ਦੀਆਂ 22 ਮੰਜੀਆਂ ਥਾਪੀਆਂ ਗਈਆਂ। ਗੁਰੂ ਸਾਹਿਬ ਜੀ ਨੇ ਇਕ ਅਲਿਆਰ ਨਾਮੀ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ ਸੀ। ਭਾਈ ਗੁਰਦਾਸ ਜੀ ਜੋ ਸਮੇਂ ਦੇ ਧਰਮ ਸ਼ਾਸਤਰੀ ਮੰਨੇ ਜਾਂਦੇ ਸਨ, ਨੂੰ ਵੀ ਆਗਰਾ ਵਿਖੇ ਪ੍ਰਚਾਰਕ ਥਾਪਿਆ।

ਸਮਾਜਿਕ ਸੁਧਾਰਾਂ ਵਿਚ ਜੋ ਕਾਰਜ ਕੀਤੇ ਉਨ੍ਹਾਂ ਵਿਚ ਵੇਰਵਾ ਹੈ ਕਿ ਸਮਾਜ ਵਰਤੋਂ ਵਿਹਾਰ ਵਿਚ ਜਾਤਾਂ ਬਰਾਦਰੀ ਦੇ ਆਧਾਰ 'ਤੇ ਵਿਆਹ ਹੁੰਦੇ ਸਨ। ਗੁਰੂ ਸਾਹਿਬ ਜੀ ਨੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਅੰਤਰ ਜਾਤੀ ਵਿਆਹ 'ਤੇ ਜ਼ੋਰ ਦਿੱਤਾ।

ਆਪ ਜੀ ਨੇ ਸਤੀ ਦੀ ਰਸਮ ਤੋਂ ਵਰਜਿਆ। ਉਨ੍ਹਾਂ ਕਿਹਾ ਕਿ ਸਤੀ ਉਹ ਨਹੀਂ, ਜੋ ਪਤੀ ਦੀ ਮੌਤ ਨਾਲ ਪ੍ਰਾਣ ਤਿਆਗ ਦੇਵੇ। ਸਗੋਂ ਪਤੀ ਤੋਂ ਬਾਅਦ ਆਪਣਾ ਚਾਲ-ਚਲਣ ਉੱਚਾ ਰੱਖਣ ਅਤੇ ਨਾਮ ਜਪਣ, ਤਦ ਹੀ ਵੱਡੀਆਂ ਸਤੀ ਅਖਵਾਉਣਗੀਆਂ। ਇਸਤਰੀਆਂ ਨੂੰ ਸਤੀ ਬੰਧਨ ਤੋਂ ਮੁਕਤ ਕੀਤਾ। ਉਨ੍ਹਾਂ ਨੂੰ ਮੁੜ ਵਿਆਹ ਦਾ ਵੀ ਉਪਦੇਸ਼ ਦਿੱਤਾ।

ਇਸਤਰੀਆਂ ਨੂੰ ਮੂੰਹ ਢੱਕ ਕੇ ਪਰਦੇ ਜਾਂ ਘੁੰਡ ਵਿਚ ਰਹਿਣ ਦੇ ਰਿਵਾਜ਼ ਨੂੰ ਖਤਮ ਕੀਤਾ। ਇਸ ਤਰ੍ਹਾਂ ਪਰਦੇ ਦੀ ਰਸਮ ਜਿਹੀ ਸਮਾਜਿਕ ਬੁਰਾਈ ਤੋਂ ਮੁਕਤ ਕੀਤਾ। ਇਸ ਤਰ੍ਹਾਂ ਇਸਤਰੀ ਨੂੰ ਅਜਿਹੇ ਬੰਧਨਾਂ ਤੋਂ ਮੁਕਤ ਕੀਤਾ। ਉਨ੍ਹਾਂ ਨੂੰ ਸਮਾਜ ਵਿਚ ਮਾਣ ਦਿਵਾਇਆ। ਗੁਰੂ ਸਾਹਿਬ ਜੀ ਨੇ ਇਸਤਰੀਆਂ ਨੂੰ ਸੇਵਾ ਪ੍ਰਬੰਧ ਵਿਚ ਲਾਇਆ। ਉਨ੍ਹਾਂ ਨੂੰ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਨਾਲ ਜੋੜਿਆ। ਉਨ੍ਹਾਂ ਨੇ ਇਸਤਰੀਆਂ ਨੂੰ ਪ੍ਰਚਾਰਕ ਨਿਯੁਕਤ ਕੀਤਾ।

ਗੁਰੂ ਸਾਹਿਬ ਜੀ ਨੇ ਜਨਮ-ਮਰਨ ਸਮੇਂ ਦੀਆਂ ਫਾਲਤੂ ਰਹੂ-ਰੀਤਾਂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿਚ ਰਹਿਣ ਦੀ ਮਰਿਯਾਦਾ ਚਲਾਈ। ਗੁਰੂ ਸਾਹਿਬ ਜੀ ਨੇ ਮਨੁੱਖਤਾ ਨੂੰ ਹਉਮੈ ਤਿਆਗ ਕੇ ਬੇਗਰਜ਼ ਸੇਵਾ ਦਾ ਉਪਦੇਸ਼ ਦਿੱਤਾ। ਪ੍ਰਮਾਤਮਾ ਨੂੰ ਆਤਮ ਸਮਰਪਣ ਕਰਕੇ ਉਸ ਦੀ ਕੀਤੀ ਸੇਵਾ ਹੀ ਭਗਤੀ ਹੈ। ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ। ਗੁਰੂ ਸਾਹਿਬ ਜੀ ਨੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਸਮਾਜਿਕ ਜੀਵਨ ਦੇ ਲਈ ਸਵ-ਨਿਰਮਾਣ ਅਤੇ ਨਰੋਆ ਜੀਵਨ ਪ੍ਰਦਾਨ ਕਰਨ ਲਈ ਅਧਿਆਤਮਕ ਰਾਹ ਵਿਖਾਇਆ। ਗੁਰੂ ਨਾਨਕ ਦੇਵ ਸਾਹਿਬ ਜੀ ਵੱਲੋਂ ਜੋ ਸਮਾਜ-ਸੁਧਾਰ ਦੀ ਲਹਿਰ ਚਲਾਈ ਗਈ ਸੀ। ਉਸੇ ਵਿਚਾਰਧਾਰਾ ਤੇ ਨਿਸ਼ਾਨੇ ਨਿਸ਼ਚਿਤ ਕੀਤੇ ਕਿ ਮਨੁੱਖਤਾ ਦੀ ਭਲਾਈ ਸੱਚ ਦੇ ਰਾਹ 'ਤੇ ਚੱਲਦਿਆਂ ਕਰਨੀ ਹੈ। ਅੱਗੇ ਨਿਰੰਤਰ ਗੁਰੂਆਂ ਵੱਲੋਂ ਇਸ ਲੋਕ ਭਲਾਈ ਦੀ ਲਹਿਰ ਨੂੰ ਜਥੇਬੰਦ ਕੀਤਾ। ਵਧਾਇਆ, ਪ੍ਰਚਾਰਿਆ ਅਤੇ ਥਿੜਕਣ ਨਹੀਂ ਦਿੱਤਾ।

ਨਿਰਮਾਣ ਕਾਰਜਾਂ 'ਚ ਗੋਇੰਦਵਾਲ ਨਗਰ ਵਸਾਇਆ। ਗੋਇੰਦਵਾਲ ਸਾਹਿਬ ਪੱਤਣ ਦਾ ਇਲਾਕਾ ਸੀ। ਮੁਸਾਫਰਾਂ ਦੇ ਲੰਘਣ ਤੋਂ ਇਲਾਵਾ ਸੰਗਤ ਵੀ ਬਹੁਤ ਜੁੜਦੀ ਸੀ। ਲੰਗਰ ਵੀ ਵਰਤਦਾ ਸੀ। ਪਰ ਪਾਣੀ ਦੀ ਬੜੀ ਕਮੀ ਸੀ। ਆਪ ਜੀ ਨੇ 1559 'ਚ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ, ਜਿਸ ਨਾਲ ਪਾਣੀ ਦੀ ਕਮੀ ਦੂਰ ਹੋਈ। ਇਹ ਅਸਥਾਨ ਸਿੱਖ ਧਰਮ ਦਾ ਵੱਡਾ ਧਾਰਮਿਕ ਅਸਥਾਨ ਜਾਣਿਆ ਜਾਣ ਲੱਗਾ। ਜਿੱਥੇ ਪਹਿਲਾ ਵਿਸਾਖੀ ਜੋੜ-ਮੇਲਾ ਸੰਪੰਨ ਹੋਇਆ। ਗੋਇੰਦਵਾਲ ਸਾਹਿਬ ਜੀ ਦੇ ਹੋਰ ਨਿਰਮਾਣ ਕਾਰਜਾਂ ਵਿਚ ਅਨੰਦ ਜੀ ਦਾ ਅਸਥਾਨ, ਹਵੇਲੀ ਸਾਹਿਬ ਅਤੇ ਮੋਹਨ ਜੀ ਦਾ ਚੋਬਾਰਾ ਸ਼ਾਮਲ ਹਨ। ਗੁਰੂ ਸਾਹਿਬ ਜੀ ਦੇ ਸਮੇਂ ਗੋਇੰਦਵਾਲ ਸਾਹਿਬ ਇਕ ਵੱਡਾ ਪ੍ਰਚਾਰ ਕੇਂਦਰ ਬਣਿਆ। ਪਰ ਸਿੱਖਾਂ ਦੀ ਵਧਦੀ ਗਿਣਤੀ ਵੇਖ ਕੇ ਮਾਝੇ ਦੇ ਇਲਾਕੇ ਵਿਚ ਵੀ 1570 ਵਿਚ 'ਗੁਰੂ ਚੱਕ' (ਅੰਮ੍ਰਿਤਸਰ) ਬਣਾਉਣਾ ਸ਼ੁਰੂ ਕੀਤਾ। ਆਪ ਜੀ ਨੇ ਪਵਿੱਤਰ ਸਰੋਵਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸ ਨੂੰ ਗੁਰੂ ਰਾਮਦਾਸ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਇਹ ਜ਼ਮੀਨ ਪਿੰਡ ਤੁੰਗ ਤੋਂ ਖਰੀਦੀ ਗਈ ਸੀ। ਇਥੇ ਇਕ ਨਗਰ ਵਸਾਉਣ ਦੀ ਯੋਜਨਾ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵਿਉਂਤਬੰਦੀ ਕਰਕੇ ਗੁਰੂ ਰਾਮਦਾਸ ਸਾਹਿਬ ਜੀ ਵੱਲੋਂ 1577 ਵਿਚ ਬਣਾਏ ਰਾਏ ਸਰੋਵਰ 'ਤੇ ਨਗਰ ਉਸਾਰਿਆ, ਜੋ 28 ਦਸੰਬਰ 1588 ਨੂੰ ਨੀਂਹ ਰੱਖੀ ਗਈ।

ਆਪ ਜੀ ਨੇ ਸੰਗਤਾਂ ਨੂੰ ਗੁਰੂ ਸ਼ਬਦ ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਪਹਿਲੇ ਗੁਰੂ ਸਾਹਿਬਾਨ ਵੱਲੋਂ ਇਕੱਤਰ ਕੀਤੀ ਹੋਈ ਗੁਰਬਾਣੀ ਦੇ ਸੰਗ੍ਰਹਿ ਵਿਚ ਹੋਰ ਵਾਧਾ ਕਰਦੇ ਹੋਏ ਆਪਣਾ ਯੋਗਦਾਨ ਪਾਇਆ, ਜਿਸ ਦੇ ਤਹਿਤ 907 ਸ਼ਬਦ, 19 ਰਾਗਾਂ ਵਿਚ ਦਰਜ ਹਨ ਅੰਤ ਆਪ ਜੀ ਗੋਇੰਦਵਾਲ ਸਾਹਿਬ ਵਿਖੇ 1 ਸਤੰਬਰ 1674 ਨੂੰ 95 ਸਾਲ ਦੀ ਉਮਰ ਵਿਚ ਜੋਤੀ-ਜੋਤ ਸਮਾ ਗਏ। ਚੌਥੇ ਗੁਰੂ ਵਜੋਂ ਗੁਰੂ ਰਾਮਦਾਸ ਸਾਹਿਬ ਜੀ ਗੁਰਗੱਦੀ 'ਤੇ ਵਿਰਾਜਮਾਨ ਹੋਏ।

ਅੰਤਿਕਾ:- ਹੇ ਮੇਰੇ ਮਨ ਵਿਕਾਰਾਂ ਤੋਂ ਬਚਣ ਲਈ ਸਿਰਫ ਪ੍ਰਮਾਤਮਾ ਦਾ ਨਾਮ ਜਪਿਆ ਕਰੇ। ਇਹ ਨਾਮ ਖਜ਼ਾਨਾ ਮੈਨੂੰ ਗੁਰੂ ਨੇ ਬਖਸ਼ਿਆ ਹੈ। ਹੇ ਭਾਈ! ਜੇ ਮਨੁੱਖ ਦਾ ਮਨ ਵਿਕਾਰਾਂ ਦੀ ਮੈਲ ਨਾਲ ਭਰਿਆ ਰਹੇ, ਤਾਂ ਉਤਨਾ ਚਿਰ ਮਨੁੱਖ ਜੋ ਕਰਦਾ ਹੈ, ਸਭ ਕੁਝ ਵਿਕਾਰ ਹੀ ਕਰਦਾ ਹੈ। ਸਰੀਰ ਨੂੰ ਤੀਰਥਾਂ ਆਦਿਕ ਦੇ ਇਸ਼ਨਾਨ ਕਰਾਉਣ ਨਾਲ ਮਨ ਪਵਿੱਤਰ ਨਹੀਂ ਹੋ ਸਕਦਾ। ਪਰ ਇਹ ਸੰਸਾਰ ਤੀਰਥ-ਇਸ਼ਨਾਨ ਤੋਂ ਮਨ ਦੀ ਪਵਿੱਤਰਤਾ ਮਿਲ ਜਾਣ ਦੇ ਭੁਲੇਖੇ ਵਿਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ। ਕੋਈ ਵਿਰਲਾ ਮਨੁੱਖ ਹੀ ਇਸ ਸੱਚਾਈ ਨੂੰ ਸਮਝਦਾ ਹੈ। ਜੋ ਮਨੁੱਖ ਕਰਾਮਾਤੀ ਯੋਗੀਆਂ ਵਾਲੇ ਆਸਣ ਕਰਨੇ ਸਿੱਖ ਲਏ, ਜੇ ਕਾਮ-ਵਾਸਨਾ ਨੂੰ ਜਿੱਤ ਕੇ ਆਸਣਾਂ ਦੇ ਅਭਿਆਸ ਦੀ ਕਮਾਈ ਕਰਨ ਲੱਗ ਪਏ। ਤਾਂ ਵੀ ਮਨ ਦੀ ਮੈਲ ਨਹੀਂ ਲਹਿੰਦੀ। ਮਨ ਵਿਚੋਂ ਹਉਮੈ ਦੀ ਮੈਲ ਨਹੀਂ ਜਾਂਦੀ। ਹੇ ਭਾਈ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਹੋਰ ਕੋਈ ਯਤਨ, ਇਸ ਮਨ ਨੂੰ ਪਵਿੱਤਰ ਨਹੀਂ ਕਰ ਸਕਦਾ। ਜੇ ਗੁਰੂ ਮਿਲ ਪਏ, ਤਾਂ ਮਨ ਦੀ ਬਿਰਤੀ ਸੰਸਾਰ ਵੱਲੋਂ ਉਲਟ ਜਾਂਦੀ ਹੈ। ਤੇ ਮਨ ਦੀ ਐਸੀ ਉੱਚੀ ਦਸ਼ਾ ਬਣ ਜਾਂਦੀ ਹੈ, ਜੋ ਬਿਆਨ ਨਹੀਂ ਕੀਤੀ ਜਾ ਸਕਦੀ।

ਨਾਨਕ ਆਖਦਾ ਹੈ - ਜਿਹੜਾ ਮਨੁੱਖ ਗੁਰੂ ਨੂੰ ਮਿਲ ਕੇ ਵਿਕਾਰਾਂ ਵੱਲੋਂ ਅਛੋਹ ਹੋ ਜਾਂਦਾ ਹੈ। ਤੇ ਫਿਰ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਤਮਿਕ ਜੀਵਨ ਹਾਸਲ ਕਰ ਲੈਂਦਾ ਹੈ। ਉਸ ਦੇ ਅੰਦਰੋਂ ਮਾਇਆ ਦੀ ਮਮਤਾ ਦੀ ਮੈਲ ਲਹਿ ਜਾਂਦੀ ਹੈ। ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ। (ਅੰਗ : 558, ਵਡਹੰਸ ਮਹਲਾ ੩ ਘਰੁ ੧)

# ਸਤਪਾਲ ਭੀਖੀ ਦਾ ਕਾਵਿ-ਸੰਗ੍ਰਹਿ 'ਕਵਿਤਾ ਕੀ ਤੇਰੀ ਕੀ ਮੇਰੀ' ਨਾਬਰਾਬਰੀ ਦੀ ਦਾਸਤਾਂ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਸਤਪਾਲ ਭੀਖੀ ਸਾਹਿਤਕ ਖੇਤਰ ਦਾ ਜਾਣਿਆਂ ਪਛਾਣਿਆਂ ਕਰਮਯੋਗੀ ਸਾਹਿਤਕਾਰ ਹੈ। ਮੁੱਢਲੇ ਤੌਰ 'ਤੇ ਉਹ ਸਥਾਪਤ ਬਾਲ ਸਾਹਿਤਕਾਰ ਹੈ। ਹੁਣ ਤੱਕ ਉਸਦੀਆਂ 35 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿਚ ਬਾਲ ਸਾਹਿਤ ਦੀਆਂ 16, ਦਸ ਅਨੁਵਾਦ, ਤਿੰਨ ਸੰਪਾਦਿਤ, ਇੱਕ ਜੀਵਨੀ, ਇੱਕ ਹਿੰਦੀ ਕਾਵਿ-ਸੰਗ੍ਰਹਿ ਅਤੇ ਤਿੰਨ ਪੰਜਾਬੀ ਦੇ ਕਾਵਿ-ਸੰਗ੍ਰਹਿ ਸ਼ਾਮਲ ਹਨ। ਚਰਚਾ ਅਧੀਨ 'ਕਵਿਤਾ ਕੀ ਤੇਰੀ ਕੀ ਮੇਰੀ' ਉਸਦਾ ਚੌਥਾ ਪੰਜਾਬੀ ਦਾ ਕਾਵਿ-ਸੰਗ੍ਰਹਿ ਅਤੇ 36ਵੀਂ ਪੁਸਤਕ ਹੈ। ਇਸ ਕਾਵਿ-ਸੰਗ੍ਰਹਿ ਵਿਚ ਉਸਦੀਆਂ 74 ਖੁੱਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਹਨ, ਜਿਹੜੀਆਂ ਸਮਾਜਿਕ ਨਾਬਰਾਬਰੀ ਦੀਆਂ ਉਲਝੀਆਂ ਤੰਦਾਂ ਨੂੰ ਸਲੀਕੇ ਵਿਚ ਲਿਆਕੇ ਇਨਸਾਫ਼ ਦੀ ਤਰਾਜੂ ਵਿਚ ਤੋਲਣ ਦੀ ਕੋਸ਼ਿਸ਼ ਦਾ ਪ੍ਰਤੀਕ ਹਨ। ਕਾਵਿ-ਸੰਗ੍ਰਹਿ ਦੀਆਂ ਕਵਿਤਾਵਾਂ ਸਿੰਬਾਲਿਕ ਹਨ, ਜਿਹੜੀਆਂ ਸ਼ਬਦਾਂ ਦੇ ਤੀਰਾਂ ਰਾਹੀਂ ਸਮਾਜਿਕ ਤਾਣੇ-ਬਾਣੇ ਨੂੰ ਕੁਰੇਦਦੀਆਂ ਹੋਈਆਂ ਇਨਸਾਫ਼ ਦੀ ਗੁਹਾਰ ਲਗਾਉਂਦੀਆਂ ਹਨ। ਆਮ ਪਾਠਕ ਉਸਦੇ ਸ਼ਬਦੀ ਅਰਥ ਹੀ ਕੱਢਦੇ ਰਹਿੰਦੇ ਹਨ, ਪ੍ਰੰਤੂ ਇਹ ਸ਼ਬਦ ਕਵੀ ਦੀ ਕਲਪਨਾ ਦੇ ਖੰਭਾਂ ਦੇ ਸਹਾਰੇ ਅਸਮਾਨ ਵਿਚ ਉਡਦੇ ਹੋਏ ਪ੍ਰੇਰਨਾ ਦਾ ਸ੍ਰੋਤ ਬਣਦੇ ਹਨ। ਕਵੀ ਦੀਆਂ ਕਵਿਤਾਵਾਂ ਨੂੰ ਸਮਝਣ ਤੋਂ ਬਾਅਦ ਇਹ ਮਹਿਸੂਸ ਹੋਇਆ ਹੈ ਕਿ ਕਾਵਿ ਰੂਪੀ ਮੋਤੀ, ਜ਼ਿੰਦਗੀ ਦੀਆਂ ਗੁੱਝੀਆਂ ਪਰਤਾਂ ਖੋਲ੍ਹਕੇ ਜ਼ਿੰਦਗੀ ਨੂੰ ਬਿਹਤਰ ਢੰਗ ਨਾਲ ਗੁਜ਼ਾਰਨ ਦੇ ਬਹੁ-ਕੀਮਤੀ ਨੁਕਤੇ ਹਨ। ਸਤਪਾਲ ਭੀਖੀ ਦੀਆਂ ਲਗਪਗ ਸਾਰੀਆਂ ਹੀ ਕਵਿਤਾਵਾਂ ਉਸਦੇ ਅਧਿਆਪਕ ਜੀਵਨ ਦੇ ਤਜ਼ਰਬੇ 'ਤੇ ਆਧਾਰਿਤ ਹਨ। ਇਨ੍ਹਾਂ ਕਵਿਤਾਵਾਂ ਦੇ ਵਿਸ਼ੇ ਭਾਵੇਂ ਸਿੱਧੇ/ਅਸਿੱਧੇ ਢੰਗ ਨਾਲ ਹੋ ਰਹੀਆਂ ਕੁਰੈਹਿਤਾਂ ਤੋਂ ਪਰਦੇ ਚੁੱਕਦੇ ਹਨ, ਪ੍ਰੰਤੂ ਲਗਪਗ ਸਾਰੀਆਂ ਹੀ ਕਵਿਤਾਵਾਂ ਗ਼ਰੀਬਾਂ ਦੀ ਜ਼ਿੰਦਗੀ ਦੀਆਂ ਵੱਖ-ਵੱਖ ਤਹਿਆਂ ਖੋਲ੍ਹਦੇ ਹੋਏ ਪਾਠਕ ਨੂੰ ਉਨ੍ਹਾਂ ਦੀ ਬਿਹਤਰੀ ਲਈ ਤਤਪਰ ਹੋਣ ਦੀ







ਪ੍ਰੇਰਨਾ ਦਿੰਦੇ ਹਨ। ਕਵੀ ਗ਼ਰੀਬਾਂ ਦੇ ਬੱਚਿਆਂ ਵੱਲੋਂ ਪੜ੍ਹਾਈ ਬਾਦਸਤੂਰ ਚਾਲੂ ਨਾ ਰੱਖ ਸਕਣ ਦੀ ਬੇਬਸੀ ਨੂੰ ਕਾਵਿਕ ਰੂਪ ਦੇ ਕੇ ਉਨ੍ਹਾਂ ਦੇ ਪਰਿਵਾਰਾਂ ਦੇ ਦਰਦ ਦਾ ਪ੍ਰਗਟਾਵਾ ਕਰਦਾ ਹੈ। ਇਸਤਰੀਆਂ ਦੀਆਂ ਮਜਬੂਰੀਆਂ, ਬੇਬਸੀਆਂ, ਸਿਹਤ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੀ ਮਨੋਦਸ਼ਾ ਨੂੰ ਕਵਿਤਾਵਾਂ ਦੇ ਵਿਸ਼ੇ ਬਣਾਉਂਦਾ ਹੈ। ਸਤਪਾਲ ਭੀਖੀ ਨੂੰ ਉਨ੍ਹਾਂ ਦੇ ਜੀਵਨ, ਰਹਿਣ ਸਹਿਣ, ਸਮਾਜ ਵਿਚ ਵਿਚਰਣ ਅਤੇ ਸਮਾਜਿਕ ਅਨਿਆਂ ਵਿਚੋਂ ਆਸ ਦੀ ਕਿਰਨ ਜ਼ਰੂਰ ਵਿਖਾਈ ਦਿੰਦੀ ਹੈ। 'ਸਕੂਲ' ਸਿਰਲੇਖ ਵਾਲੀ ਕਵਿਤਾ ਵਿਚ ਅਨੇਕਾਂ ਸਮਾਜਿਕ ਅਲਾਮਤਾਂ ਦਾ ਝਾਉਲਾ ਪੈਂਦਾ ਤਾਂ ਹੈ, ਜਿਨ੍ਹਾਂ ਵਿਚ ਬਜ਼ੁਰਗਾਂ ਦੀ ਅਣਵੇਖੀ, ਵੇਸਵਾਵਾਂ ਦੀ ਮਜਬੂਰੀ, ਥਾਣਿਆਂ ਵਿਚ ਹੋ ਰਹੀਆਂ ਜ਼ਿਆਦਤੀਆਂ ਤੇ ਹੇਰਾਫੇਰੀਆਂ, ਚੁਣੇ ਹੋਏ ਨੁਮਾਇੰਦਿਆਂ ਦੇ ਝੂਠ ਦੇ ਪੁਲੰਦੇ ਅਤੇ ਹਸਪਤਾਲਾਂ ਵਿਚ ਦਰਦਾਂ ਦੀਆਂ ਚੀਸਾਂ ਦਾ ਵੇਰਵਾ ਦਿੱਤਾ ਗਿਆ ਹੈ, ਪ੍ਰੰਤੂ ਜਦੋਂ ਇਹ ਲੋਕ ਮਾਸੂਮ ਬੱਚੇ ਹੁੰਦੇ ਹਨ, ਉਦੋਂ ਫੁੱਲਾਂ ਦੀ ਤਰ੍ਹਾਂ ਟਹਿਕਦੇ ਹੁੰਦੇ ਹਨ। ਉਦੋਂ ਉਨ੍ਹਾਂ ਦੇ ਭਵਿੱਖੀ ਜੀਵਨ ਬਾਰੇ ਅਜਿਹੀਆਂ ਹਰਕਤਾਂ ਕਰਨ ਬਾਰੇ ਕਿਆਸਿਆ ਵੀ ਨਹੀਂ ਜਾ ਸਕਦਾ। ਵੱਡੇ ਹੋਕੇ ਰੂਪ ਨੂੰ ਕਰੂਪ ਕਰ ਲੈਂਦੇ ਹਨ। ਸਕੂਲਾਂ ਵਿਚ ਬੱਚਿਆਂ ਨੂੰ ਅਲਜਬਰੇ ਦੀ ਤਰ੍ਹਾਂ ਪੜ੍ਹਾਇਆ ਨਹੀਂ ਜਾ ਸਕਦਾ, ਉਨ੍ਹਾਂ ਦੀ ਮਾਨਸਿਕਤਾ ਦਾ ਧਿਆਨ ਰੱਖਦਿਆਂ ਰੰਗ-ਬਰੰਗੀਆਂ ਚੀਜ਼ਾਂ ਦੀ ਵਰਤੋਂ ਕਰਨ ਦੀ ਲੋੜ ਹੁੰਦੀ ਹੈ। ਕਿਤਾਬੀ ਗਿਆਨ ਕਿਸੇ ਕੰਮ ਦਾ ਨਹੀਂ ਹੁੰਦਾ, ਜ਼ਿੰਦਗੀ ਜਿਉਣ ਦਾ ਗਿਆਨ ਮਨੁੱਖਤਾ ਦਾ ਆਧਾਰ ਹੁੰਦਾ ਹੈ। ਸਤਪਾਲ ਭੀਖੀ ਆਪਣੀ ਕਵਿਤਾ 'ਪਹਾੜਾ' ਵਿਚ ਦੱਸਦਾ ਹੈ ਕਿ ਜ਼ਿੰਦਗੀ ਹਿਸਾਬ ਦੇ ਪਹਾੜਿਆਂ ਦੀ ਤਰ੍ਹਾਂ ਰੱਟੇ ਲਾਕੇ ਬਸਰ ਨਹੀਂ ਕੀਤੀ ਜਾ ਸਕਦੀ, ਸਗੋਂ ਇਹ ਤਾਂ ਸਿਆਣਪੀ ਤਕਨੀਕ ਦੀ ਮੁਹਤਾਜ਼ ਹੋਣੀ ਚਾਹੀਦੀ ਹੈ। ਰਿਸ਼ਤਿਆਂ ਦਾ ਨਿੱਘ ਇਨਸਾਨ ਦੀ ਜ਼ਿੰਦਗੀ ਬਦਲ ਦਿੰਦਾ ਹੈ, ਇਸ ਲਈ ਰਿਸ਼ਤੇ ਸਾਂਭਕੇ ਰੱਖਣੇ ਤੇ ਨਿਭਾਉਣੇ ਸਿਖਣੇ ਚਾਹੀਦੇ ਹਨ। ਮਾਂ ਇਨ੍ਹਾਂ ਰਿਸ਼ਤਿਆਂ ਦੀ ਲਾਇਬ੍ਰੇਰੀ ਹੁੰਦੀ ਹੈ, ਜਿਹੜੀ ਜ਼ਿੰਦਗੀ ਦੀਆਂ ਅਟੱਲ ਸੱਚਾਈਆਂ ਦੀਆਂ ਪ੍ਰੰਪਰਾਵਾਂ ਦੀ ਪਿਉਂਦ ਰਾਹੀਂ ਜਾਣਕਾਰੀ ਦੇ ਕੇ ਜ਼ਿੰਦਗੀ ਜਿਉਣ ਦੀ ਤਰਕੀਬ ਦੱਸਦੀ ਹੈ। ਮਾਂ ਨਾਲ ਸੰਬੰਧਤ ਕਵੀ ਨੇ ਚਾਰ ਕਵਿਤਾਵਾਂ ਲਿਖੀਆਂ ਹਨ। ਕੁਦਰਤ ਦੀ ਕਾਇਨਾਤ ਸੰਤੁਸ਼ਟੀ ਤੇ ਸਬਰ ਸੰਤੋਖ ਦਿੰਦੀ ਹੈ। ਘਰਾਂ ਦੀ ਹੋਂਦ ਬਰਕਰਾਰ ਰੱਖਣ ਲਈ ਮੁਹੱਬਤ ਗਹਿਣਾ ਹੈ। ਮੁਹੱਬਤ ਨੂੰ ਜ਼ਿੰਦਗੀ ਵਿਚੋਂ ਮਨਫ਼ੀ ਕਰਨ ਨਾਲ ਜ਼ਿੰਦਗੀ ਰਸਹੀਣ ਬਣ ਜਾਂਦੀ ਹੈ। ਅੰਤਰ ਮਨ ਦਾ ਸੰਵਾਦ ਰਚਾਉਣਾ ਚਾਹੀਦਾ ਹੈ, ਨਹੀਂ ਤਾਂ ਸਮੇਂ ਦੀ ਆਧੁਨਿਕਤਾ ਦਾਵਾਨਲ ਬਣ ਸਕਦੀ ਹੈ। ਮਨ 'ਤੇ ਕਾਬੂ ਰੱਖਣਾ ਜ਼ਰੂਰੀ ਹੈ। ਮਰਦ ਨਾਲੋਂ ਔਰਤ ਸਬਰ, ਸੰਤੋਖ ਵਾਲੀ ਹੁੰਦੀ ਹੈ। ਗ਼ਰੀਬ ਹੀ ਗ਼ਰੀਬੀ ਚੀਸ ਨੂੰ ਮਹਿਸੂਸ ਕਰ ਸਕਦਾ ਹੈ। ਸਤਪਾਲ ਭੀਖੀ ਨੇ ਗ਼ਰੀਬ ਦੀ ਜ਼ਿੰਦਗੀ ਨੂੰ ਬਹੁਤ ਨੇੜਿਉਂ ਵੇਖਿਆ ਜਾਂ ਮਹਿਸੂਸ ਕੀਤਾ ਹੋਣਾ ਹੈ, ਜਿਸ ਕਰਕੇ ਉਸਨੇ ਇੱਕ ਦਰਜਨ ਤੋਂ ਵੱਧ ਕਵਿਤਾਵਾਂ ਕਿਰਤੀਆਂ ਦੀ ਜੱਦੋ-ਜਹਿਦ ਦਾ ਵਰਣਨ ਕਰਨ ਵਾਲੀਆਂ ਲਿਖੀਆਂ ਹਨ। ਕਿਰਤੀ ਨੂੰ ਪਤਾ ਹੁੰਦਾ ਹੈ ਕਿ ਉਸਦੀ ਮਿਹਨਤ ਨਾਲ ਕੀਤੀ

**112 ਪੰਨਿਆਂ, 195 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ। ਸੰਪਰਕ : ਸਤਪਾਲ ਭੀਖੀ : 9876155530**

ਕਿਰਤ ਦਾ ਫਲ ਕਿਤਨਾ ਮਿੱਠਾ ਤੇ ਆਨੰਦਮਈ ਹੁੰਦਾ ਹੈ। ਉਹ ਆਪਣੀ ਇੱਕ 'ਪੀਨਾ' ਸਿਰਲੇਖ ਵਾਲੀ ਕਵਿਤਾ ਵਿਚ ਲਿਖਦਾ ਹੈ ਕਿ ਜਦੋਂ ਗਾਹਕ ਪੀਨੇ ਦੀ ਦੁਕਾਨ ਵਿਚ ਵੜ੍ਹਦਾ ਹੈ, ਤਾਂ ਉਹ ਆਪਣੇ ਤਜ਼ਰਬੇ ਨਾਲ ਹੀ ਉਸਦੀ ਮਾਨਸਿਕਤਾ ਨੂੰ ਸਮਝ ਜਾਂਦਾ ਹੈ ਕਿ ਉਸਨੂੰ ਕਿੰਨਾ ਨੰਬਰ ਆਵੇਗਾ ਤੇ ਕਿਹੜੀ ਕਿਸਮ ਤੇ ਡਿਜ਼ਾਈਨ ਉਸਨੂੰ ਮਨਜ਼ੂਰ ਹੋਵੇਗਾ। ਪੀਨਾ ਗ਼ਰੀਬ ਦੀ ਗ਼ਰੀਬੀ ਬਾਰੇ ਵੀ ਸਮਝ ਜਾਂਦਾ ਹੈ। ਇਸੇ ਤਰ੍ਹਾਂ 'ਕਮੀਜ਼' ਸਿਰਲੇਖ ਵਾਲੀ ਕਵਿਤਾ ਵੀ ਕਿਰਤੀ ਦੀ ਕਦਰ ਦਾ ਪ੍ਰਗਟਾਵਾ ਕਰਦੀ ਹੋਈ, ਸਾਂਝੀਵਾਲਤਾ, ਆਤਮ ਨਿਰਭਰਤਾ, ਸਹਿਨਸ਼ੀਲਤਾ ਦਾ ਸੰਦੇਸ਼ ਦਿੰਦੀ ਹੋਈ ਚੁਗਾਵੀਆਂ, ਕਿਸਾਨ, ਪੇਂਜੇ, ਦਰਜੀ, ਕਾਜ਼ ਕਰਦੀ ਔਰਤ ਅਤੇ ਪੈਕਰ ਦੀ ਮਿਹਨਤ ਦੀ ਕਰਾਮਾਤ ਵਿਖਾਈ ਦਿੰਦੀ ਹੈ। ਮਿੱਤਰ, ਰਿਸ਼ਤਾ, ਪਵੁਣ ਗੁਰੂ, ਹਰ ਪਿੰਡ ਸੈਦਪੁਰ ਹੈ!, ਸੈਦਪੁਰ ਦੀ ਸੱਦ, ਗੁਰੂ, ਜਗਤਗੜ੍ਹ ਦੀ ਨਹਿਰ ਅਤੇ ਸੰਬਾਦ ਕਵਿਤਾਵਾਂ ਗੁਰਬਾਣੀ ਨੂੰ ਆਧਾਰ ਬਣਾਕੇ ਲਿਖੀਆਂ ਹਨ, ਜਿਨ੍ਹਾਂ ਵਿਚੋਂ ਮਨੁੱਖਤਾ ਨੂੰ ਸੰਬਾਦ, ਹੱਕ-ਸੱਚ, ਮੀਰੀ-ਪੀਰੀ, ਸਬਰ, ਸੰਤੋਖ, ਸਦਭਾਵਨਾ ਤੇ ਸ਼ਾਂਤੀ ਦਾ ਸੰਦੇਸ਼ ਮਿਲਦਾ ਹੈ। ਭਵਿੱਖ ਵਿਚ ਸਤਪਾਲ ਭੀਖੀ ਤੋਂ ਹੋਰ ਵਧੇਰੇ ਸਾਰਥਿਕ ਸਾਹਿਤ ਦੀ ਉਮੀਦ ਕੀਤੀ ਜਾ ਸਕਦੀ ਹੈ।

# ਸਾਵਧਾਨ : ਕਿਉਂਕਿ ਦਿਲ ਦਾ ਮਾਮਲਾ ਹੈ

## ਹਰਿਆਣਾ 'ਚ ਦਿਲ ਦੇ ਦੌਰੇ ਨਾਲ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ ਅਤਿ ਚਿੰਤਾਜਨਕ

ਜਗਤਾਰ ਸਮਾਲਸਰ
ਏਲਨਾਬਾਦ,
ਜ਼ਿਲ੍ਹਾ ਸਿਰਸਾ, ਹਰਿਆਣਾ
ਸੰਪਰਕ : 94670-95953
ਪੰਜਾਬ ਮੇਲ USA



ਹਰਿਆਣਾ ਵਿਚ 18 ਤੋਂ 45 ਸਾਲ ਦੀ ਉਮਰ ਦੇ ਨੌਜਵਾਨਾਂ ਦੀਆਂ ਦਿਲ ਦੇ ਦੌਰੇ ਨਾਲ ਹੋਈਆਂ ਮੌਤਾਂ ਬਾਰੇ ਪਿਛਲੇ ਪੰਜ ਸਾਲਾਂ ਦਾ ਅੰਕੜੇ ਇੱਕ ਗੰਭੀਰ ਚੇਤਾਵਨੀ ਦੇ ਰਹੇ ਹਨ। ਹਰਿਆਣਾ ਵਿਧਾਨ ਸਭਾ ਵਿਚ ਸਿਹਤ ਵਿਭਾਗ ਵੱਲੋਂ ਪੇਸ਼ ਕੀਤੇ ਗਏ ਅੰਕੜਿਆਂ ਅਨੁਸਾਰ 2020 ਤੋਂ 2025 ਦੇ ਵਿਚਕਾਰ ਕੁੱਲ 17582 ਮੌਤਾਂ ਦਿਲ ਦੇ ਦੌਰੇ ਕਾਰਨ ਹੋਈਆਂ ਹਨ। ਜਿਸ ਵਿਚ 2025 ਸਭ ਤੋਂ ਘਾਤਕ ਸਾਲ ਰਿਹਾ ਹੈ। 2020 ਵਿਚ 2394 ਅਜਿਹੇ ਨੌਜਵਾਨਾਂ ਦੀ ਮੌਤ ਦਿਲ ਦੇ ਦੌਰੇ ਕਾਰਨ ਹੋਈ, ਜਿਨ੍ਹਾਂ ਦੀ ਉਮਰ 18 ਤੋਂ 45 ਸਾਲ ਦੇ ਵਿਚਕਾਰ ਸੀ, ਜਦੋਂਕਿ 2025 ਵਿਚ ਅਜਿਹੇ ਹੀ 3255 ਲੋਕਾਂ ਦੀ ਦਿਲ ਦੇ ਦੌਰੇ ਨਾਲ ਮੌਤ ਹੋਈ ਹੈ। ਅੰਕੜੇ ਦੱਸਦੇ ਹਨ ਕਿ ਹਰਿਆਣਾ ਵਿਚ ਪਿਛਲੇ ਪੰਜ ਸਾਲਾਂ ਵਿਚ ਦਿਲ ਦੇ ਦੌਰੇ ਨਾਲ 17582 ਨੌਜਵਾਨਾਂ ਦੀ ਮੌਤ ਹੋਈ ਹੈ।

ਸਿਹਤ ਵਿਭਾਗ ਦੇ ਅੰਕੜਿਆਂ ਅਨੁਸਾਰ 2020 ਵਿਚ 18 ਤੋਂ 45 ਸਾਲ ਦੀ ਉਮਰ ਦੇ 2,394 ਲੋਕਾਂ ਦੀ ਦਿਲ ਦੇ ਦੌਰੇ ਨਾਲ ਮੌਤ ਹੋ ਗਈ। 2021 ਵਿਚ ਕੁੱਲ 3,188, 2022 ਵਿਚ 2,796, 2023 ਵਿਚ 2,886, 2024 ਵਿਚ 3,063 ਅਤੇ 2025 ਵਿਚ 3,255 ਨੌਜਵਾਨਾਂ ਦੀ ਮੌਤ ਦਿਲ ਦੇ ਦੌਰੇ ਨਾਲ ਹੋਈ ਹੈ। ਜਨਵਰੀ 2026 ਵਿਚ 391 ਨੌਜਵਾਨਾਂ ਦੀ ਦਿਲ ਦੇ ਦੌਰੇ ਨਾਲ ਮੌਤ ਹੋ ਚੁੱਕੀ ਹੈ।

ਹਰਿਆਣਾ ਦੇ ਯਮੁਨਾਨਗਰ ਜ਼ਿਲ੍ਹੇ ਵਿਚ ਸਭ ਤੋਂ ਵੱਧ ਨੌਜਵਾਨਾਂ ਦੀਆਂ ਮੌਤਾਂ ਦਿਲ ਦੇ ਦੌਰੇ ਨਾਲ ਹੋਈਆਂ ਹਨ। ਸਾਲ 2020 ਵਿਚ ਇਕੱਲੇ ਯਮੁਨਾਨਗਰ ਜ਼ਿਲ੍ਹੇ ਵਿਚ 387 ਮੌਤਾਂ ਹੋਈਆ ਪ੍ਰੰਤੂ ਸਾਲ 2025 ਵਿਚ ਇਹ ਅੰਕੜਾਂ ਵੱਧਕੇ 389 ਤੱਕ ਪਹੁੰਚ ਗਿਆ ਹੈ। ਇਸ ਦੌਰਾਨ ਸਿਰਸਾ ਵਿਚ 2020 ਵਿਚ 213 ਅਤੇ 2025 ਵਿਚ 331 ਮੌਤਾਂ ਦਿਲ ਦੇ ਦੌਰੇ ਕਾਰਨ ਹੋਈਆ ਹਨ। ਫਤਿਹਾਬਾਦ ਵਿਚ 2020 ਵਿਚ 214 ਅਤੇ 2025 ਵਿਚ 270 ਮੌਤਾਂ ਹੋਈਆ ਹਨ।

ਹਰਿਆਣਾ ਦੇ ਅੰਬਾਲਾ ਜ਼ਿਲ੍ਹੇ ਵਿਚ ਸਾਲ 2020 ਦੌਰਾਨ 31 ਅਤੇ ਸਾਲ 2025 ਦੌਰਾਨ 23 ਮੌਤਾਂ ਦਿਲ ਦੇ ਦੌਰੇ ਕਾਰਨ ਹੋਈਆ। ਇਸੇ ਤਰ੍ਹਾਂ ਭਿਵਾਨੀ ਵਿਚ ਕ੍ਰਮਵਾਰ 50 ਅਤੇ 93, ਚਰਖੀ ਦਾਦਰੀ 106 ਅਤੇ 92, ਫਰੀਦਾਬਾਦ 60 ਅਤੇ 138, ਫਤਿਹਾਬਾਦ ਵਿਚ 214 ਅਤੇ 270, ਗੁਰੂਗ੍ਰਾਮ ਵਿਚ 113 ਅਤੇ 83, ਹਿਸਾਰ ਵਿਚ 27 ਅਤੇ 39, ਝੱਜਰ ਵਿਚ 143 ਅਤੇ 104, ਜੀਂਦ ਵਿਚ 117 ਅਤੇ 186, ਕੈਥਲ ਵਿਚ 164 ਅਤੇ 126, ਕਰਨਾਲ ਵਿਚ 17 ਅਤੇ 65, ਕੁਰੂਕਸ਼ੇਤਰ ਵਿਚ 90 ਅਤੇ 145, ਨੂਹ ਵਿਚ 92 ਅਤੇ 230, ਨਾਰਨੌਲ ਵਿਚ 90 ਅਤੇ 79, ਪੰਚਕੂਲਾ ਵਿਚ 116 ਅਤੇ 106, ਪਾਣੀਪਤ ਵਿਚ 8 ਅਤੇ 216, ਪਲਵਲ ਵਿਚ 196 ਅਤੇ 286, ਰੇਵਾੜੀ ਵਿਚ 75 ਅਤੇ 126, ਰੋਹਤਕ ਵਿਚ 33 ਅਤੇ 30, ਸਿਰਸਾ ਵਿਚ 213 ਅਤੇ 331, ਸੋਨੀਪਤ ਵਿਚ 52 ਅਤੇ 68 ਜਦੋਂਕਿ ਯਮੁਨਾਨਗਰ ਵਿਚ ਸਾਲ 2020 ਦੌਰਾਨ 387 ਅਤੇ ਸਾਲ 2025 ਵਿਚ 389 ਮੌਤਾਂ 18 ਤੋਂ 45 ਸਾਲ ਤੱਕ ਦੇ ਨੌਜਵਾਨਾਂ ਦੀਆਂ ਦਿਲ ਦੇ ਦੌਰੇ ਨਾਲ ਹੋ ਚੁੱਕੀਆਂ ਹਨ।

ਹਰਿਆਣਾ ਸਿਹਤ ਵਿਭਾਗ ਵੱਲੋਂ ਜਾਰੀ ਕੀਤੇ ਗਏ ਇਹ ਅੰਕੜੇ ਇਸ ਗੰਭੀਰ ਸਮੱਸਿਆ ਦੇ ਜਲਦੀ ਤੋਂ ਜਲਦੀ ਸਾਰਥਿਕ ਹੱਲ ਦੀ ਮੰਗ ਕਰ ਰਹੇ ਹਨ।

ਡਾਕਟਰਾਂ ਅਨੁਸਾਰ ਨੌਜਵਾਨਾਂ ਵਿਚ ਦਿਲ ਦੇ ਦੌਰੇ ਨਾਲ ਹੋ ਰਹੀਆਂ ਮੌਤਾਂ ਦੇ ਵਧਦੇ ਅੰਕੜਿਆਂ ਦਾ ਮੁੱਖ ਕਾਰਨ ਨੌਜਵਾਨਾਂ ਦੀ ਜੀਵਨਸ਼ੈਲੀ ਵਿਚ ਨਿਰੰਤਰ ਆ ਰਿਹਾ ਬਦਲਾਅ ਹੈ। ਕਰੜੇ ਮੁਕਾਬਲੇ ਵਾਲੀਆਂ ਪ੍ਰੀਖਿਆਵਾਂ ਕਾਰਨ ਨੌਜਵਾਨਾਂ ਤੇ ਵਧ ਰਿਹਾ ਦਬਾਅ ਅਤੇ ਰੁਜ਼ਗਾਰ ਦੇ ਵਸੀਲਿਆਂ ਦੀ ਵੱਡੀ ਘਾਟ ਕਾਰਨ ਨੌਜਵਾਨ ਵਰਗ ਨਿਰੰਤਰ ਮਾਨਸਿਕ ਪਰੇਸ਼ਾਨੀ ਦਾ ਸ਼ਿਕਾਰ ਹੋ ਰਿਹਾ ਹੈ। ਨੌਜਵਾਨ ਪੀੜ੍ਹੀ ਵਿਚ ਹੱਥੀਂ ਕਿਰਤ ਨਾ ਕਰਨਾ ਅਤੇ ਬਾਜ਼ਾਰੀ ਵਸਤੂਆਂ ਦੇ ਖਾਣ-ਪੀਣ ਦਾ ਲਗਾਤਾਰ ਵਧਦਾ ਰੁਝਾਨ ਵੀ ਨੌਜਵਾਨਾਂ ਨੂੰ ਗਲਤ ਦਿਸ਼ਾ ਵੱਲ ਲਿਜਾ ਰਿਹਾ ਹੈ। ਪਰਿਵਾਰਕ ਮੈਂਬਰਾਂ ਨਾਲ ਆਪਣੇ ਦੁੱਖ-ਸੁੱਖ ਸਾਂਝੇ ਕਰਨ ਦੀ ਬਜਾਏ ਨੌਜਵਾਨਾਂ ਵੱਲੋਂ ਮੋਬਾਇਲ ਫੋਨ 'ਤੇ ਆਪਣਾ ਜ਼ਿਆਦਾ ਸਮਾਂ ਬਤੀਤ ਕਰਨਾ ਵੀ ਇਸਦੇ ਮੁੱਖ ਕਾਰਨ ਹਨ।

ਨੌਜਵਾਨਾਂ ਨੂੰ ਚਾਹੀਦਾ ਹੈ ਕਿ ਖੇਡਾਂ ਨਾਲ ਜੁੜਕੇ ਆਪਣੇ ਜੀਵਨ ਨੂੰ ਖ਼ੁਸ਼ਹਾਲ ਬਣਾਇਆ ਜਾਵੇ, ਸਹਿਣਸ਼ੀਲਤਾ ਰੱਖਕੇ ਆਪਣੀ ਸੋਚ ਨੂੰ ਦੂਰਅੰਦੇਸ਼ੀ ਬਣਾਇਆ ਜਾਵੇ। ਹਮੇਸ਼ਾ ਖੁਸ਼ ਰਹਿਣ ਦੇ ਢੰਗ ਤਰੀਕੇ ਲੱਭੇ ਜਾਣ ਅਤੇ ਮਾਨਸਿਕ ਪ੍ਰੇਸ਼ਾਨੀਆਂ ਤੋਂ ਦੂਰ ਰਹਿਕੇ ਆਪਣੇ ਦੁੱਖ-ਸੁੱਖ ਹਮੇਸ਼ਾ ਪਰਿਵਾਰ ਨਾਲ ਸਾਂਝੇ ਕੀਤੇ ਜਾਣੇ ਚਾਹਿਦੇ ਹਨ ਕਿਉਂਕਿ ਜ਼ਿੰਦਗੀ ਬਹੁਤ ਅਨਮੋਲ ਹੈ।



# ਕਿਸੇ ਵੀ ਕਾਰਜ ਪਿੱਛੇ ਤੁਹਾਡੀ ਭਾਵਨਾ ਕੀ ਹੈ?

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਅਜੇ ਤੱਕ ਅਜਿਹਾ ਆਦਰਸ਼ਿਕ ਸਮਾਜ ਕਿਉਂ ਨਹੀਂ ਬਣ ਸਕਿਆ ਭਾਵ ਅਜਿਹਾ ਸਮਾਜ ਜਿਸ ਵਿਚ ਹਰ ਮਨੁੱਖ ਨੂੰ ਸ਼ਾਂਤੀ, ਸੁੱਖ, ਖੁਸ਼ਹਾਲੀ, ਇਨਸਾਫ਼, ਆਜ਼ਾਦੀ ਤੇ ਮਨੁੱਖ ਨੂੰ ਮੁੱਢਲੀਆਂ ਲੋੜਾਂ ਮਿਲ ਸਕਣ। ਸਮਾਜ ਵਿਚ ਰਹਿੰਦੇ ਵਿਅਕਤੀਆਂ ਨਾਲ ਸਮਾਜ ਬਣਦਾ ਹੈ, ਇਸ ਦਾ ਭਾਵ ਇਹ ਹੋਇਆ ਕਿ ਆਦਰਸ਼ਿਕ ਸਮਾਜ ਲਈ ਆਦਰਸ਼ਿਕ ਵਿਅਕਤੀ ਚਾਹੀਦੇ ਹਨ ਪਰ ਸਾਰੇ ਵਿਅਕਤੀ ਆਦਰਸ਼ਿਕ ਨਹੀਂ ਬਣ ਸਕਦੇ। ਅਜਿਹਾ ਸਮਾਜ ਜਿਸ ਵਿਚ ਹਰ ਇਕ ਲਈ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ।

ਇਸ ਲਈ ਕੁਝ ਇਕ ਵਿਅਕਤੀ ਜਿਨ੍ਹਾਂ ਨੇ ਸਮਾਜ ਨੂੰ ਇਕ ਸੇਧ ਦੇਣੀ ਹੁੰਦੀ ਹੈ ਤੇ ਸਮਾਜ ਦਾ ਪ੍ਰਬੰਧ ਕਰਨਾ ਹੁੰਦਾ ਹੈ ਤੇ ਲੋਕਾਂ ਦੀਆਂ ਸਮੱਸਿਆਵਾਂ ਦਾ ਹਲ ਕਰਨਾ ਹੁੰਦਾ ਹੈ, ਉਹ ਤਾਂ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਚਾਹੀਦੇ ਹਨ, ਜਿਵੇਂ ਧਾਰਮਿਕ, ਵਿੱਦਿਅਕ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਤੇ ਪ੍ਰਬੰਧਕ ਪਰ ਦੁੱਖ ਦੀ ਗੱਲ ਇਹ ਹੈ ਕਿ ਅੱਜ ਇਹ ਲੋਕ ਹੀ ਆਪਣੇ ਫ਼ਰਜ਼ਾਂ ਤੇ ਜ਼ਿੰਮੇਵਾਰੀ ਦੀ ਕੁਤਾਹੀ ਕਰ ਰਹੇ ਹਨ, ਭਾਵ ਵਾੜ ਹੀ ਖੇਤ ਨੂੰ ਖਾਈ ਜਾਂਦੀ ਹੈ। ਰਾਜੇ ਸ਼ੀਂਹ ਮੁਕੱਦਮ ਕੁੱਤੇ ਵਾਲੀ ਗੱਲ ਬਣੀ ਹੋਈ ਹੈ।



ਕਾਰਣ ਇਹ ਹੈ ਕਿ ਅੱਜ ਇਹ ਲੋਕ ਵੀ ਪੈਸੇ ਤੇ ਸੱਤਾ ਪਿੱਛੇ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਜ਼ਨਸਮੈਨ ਤੇ ਖੇਤੀਬਾੜੀ ਕਰਨ ਵਾਲੇ ਲੋਕਾਂ ਦਾ ਕੰਮ ਤੇ ਸਿਰਫ਼ ਪੈਸਾ ਇਕੱਠਾ ਕਰਨਾ ਤੇ ਕਮਾਉਣਾ ਹੁੰਦਾ ਹੈ। ਪਰ ਜੇ ਕੋਈ ਸੰਤ ਬਣ ਕੇ ਤੇ ਘਰ ਬਾਰ ਤਿਆਗ ਕਰਕੇ, ਫਿਰ ਵੀ ਉਹ ਦੁਨੀਆਵੀਂ ਚੀਜ਼ਾਂ ਦੀ ਭਾਵ ਪੈਸਾ ਇਕੱਠਾ ਕਰਨ ਦੀ ਸੋਚਦਾ ਹੈ, ਤਾਂ ਉਹ ਸੰਤ ਨਹੀਂ, ਸਗੋਂ ਭੇਖੀ ਹੈ ਤੇ ਸੰਤ ਹੋਣ ਦਾ ਢੌਂਗ ਰਚ ਰਿਹਾ ਹੈ। ਇਸੇ ਤਰ੍ਹਾਂ ਪੁਲਿਸ, ਨਿਆਂਪਾਲਿਕਾ ਤੇ ਰਾਜਨੀਤਿਕ ਇਨ੍ਹਾਂ ਲੋਕਾਂ ਨੇ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਤੇ ਜੇਕਰ ਉਨ੍ਹਾਂ ਦਾ ਲਕਸ਼ ਵੀ ਪੈਸਾ ਕਮਾਉਣਾ ਹੀ ਬਣ ਜਾਵੇ ਤਾਂ ਉਹ ਆਪਣੇ ਫ਼ਰਜ਼ ਵਲੋਂ ਕੁਤਾਹੀ ਕਰ ਰਹੇ ਹੋਣਗੇ ਕਿਉਂਕਿ ਉਹ ਆਪਣੇ ਅਸਲੀ ਲਕਸ਼ ਭਾਵ ਅਸਲੀ ਨੁਕਤੇ ਨੂੰ ਭੁੱਲ ਰਹੇ ਹੋਣਗੇ।

ਕਾਰਣ ਇਹ ਹੈ ਕਿ ਅੱਜ ਇਹ ਲੋਕ ਵੀ ਪੈਸੇ ਤੇ ਸੱਤਾ ਪਿੱਛੇ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਬਿਜ਼ਨਸਮੈਨ ਤੇ ਖੇਤੀਬਾੜੀ ਕਰਨ ਵਾਲੇ ਲੋਕਾਂ ਦਾ ਕੰਮ ਤੇ ਸਿਰਫ਼ ਪੈਸਾ ਇਕੱਠਾ ਕਰਨਾ ਤੇ ਕਮਾਉਣਾ ਹੁੰਦਾ ਹੈ। ਪਰ ਜੇ ਕੋਈ ਸੰਤ ਬਣ ਕੇ ਤੇ ਘਰ ਬਾਰ ਤਿਆਗ ਕਰਕੇ, ਫਿਰ ਵੀ ਉਹ ਦੁਨੀਆਵੀਂ ਚੀਜ਼ਾਂ ਦੀ ਭਾਵ ਪੈਸਾ ਇਕੱਠਾ ਕਰਨ ਦੀ ਸੋਚਦਾ ਹੈ, ਤਾਂ ਉਹ ਸੰਤ ਨਹੀਂ, ਸਗੋਂ ਭੇਖੀ ਹੈ ਤੇ ਸੰਤ ਹੋਣ ਦਾ ਢੌਂਗ ਰਚ ਰਿਹਾ ਹੈ। ਇਸੇ ਤਰ੍ਹਾਂ ਪੁਲਿਸ, ਨਿਆਂਪਾਲਿਕਾ ਤੇ ਰਾਜਨੀਤਿਕ ਇਨ੍ਹਾਂ ਲੋਕਾਂ ਨੇ ਲੋਕਾਂ ਬਾਰੇ ਸੋਚਣਾ ਹੁੰਦਾ ਹੈ ਤੇ ਜੇਕਰ ਉਨ੍ਹਾਂ ਦਾ ਲਕਸ਼ ਵੀ ਪੈਸਾ ਕਮਾਉਣਾ ਹੀ ਬਣ ਜਾਵੇ ਤਾਂ ਉਹ ਆਪਣੇ ਫ਼ਰਜ਼ ਵਲੋਂ ਕੁਤਾਹੀ ਕਰ ਰਹੇ ਹੋਣਗੇ ਕਿਉਂਕਿ ਉਹ ਆਪਣੇ ਅਸਲੀ ਲਕਸ਼ ਭਾਵ ਅਸਲੀ ਨੁਕਤੇ ਨੂੰ ਭੁੱਲ ਰਹੇ ਹੋਣਗੇ। ਪੁਲਿਸ ਦਾ ਕੰਮ ਲੋਕਾਂ ਦੀ ਜਾਨ, ਮਾਲ ਤੇ ਇੱਜ਼ਤ ਦੀ ਰੱਖਿਆ ਕਰਨਾ ਹੁੰਦਾ ਹੈ, ਨਿਆਂਪਾਲਿਕਾਂ ਨੇ ਲੋਕਾਂ ਨੂੰ ਇਨਸਾਫ਼ ਦੇਣਾ ਹੁੰਦਾ ਹੈ ਅਤੇ ਰਾਜਨੀਤਿਕ ਦਾ ਕੰਮ ਹੁੰਦਾ ਹੈ ਲੋਕਾਂ ਬਾਰੇ ਸੋਚਣਾ ਪਰ ਅੱਜਕੱਲ੍ਹ ਦਾ ਰਾਜਨੀਤਿਕ ਇੰਨਾ ਸੁਆਰਥੀ, ਪਦਾਰਥਵਾਦੀ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਇਸ ਤੋਂ ਬਿਨਾਂ ਕੁਝ ਹੋਰ ਨਜ਼ਰ ਨਹੀਂ ਆਉਂਦਾ।

ਇਸੇ ਤਰ੍ਹਾਂ ਧਰਮ ਦੇ ਖੇਤਰ ਵਿਚ ਵੀ ਇੰਨਾ ਪਾਖੰਡਵਾਦ ਆ ਗਿਆ ਹੈ ਕਿ ਧਾਰਮਿਕ ਆਗੂ ਕਰਦੇ ਕੁਝ ਹਨ, ਕਹਿੰਦੇ ਕੁਝ ਹਨ, ਭਾਵ ਕਹਿਣੀ ਤੇ ਕਰਨੀ ਤੋਂ ਕੋਹਾਂ ਦੂਰ ਹਨ ਤੇ ਲੋਕਾਂ ਵਿਚ ਏਕਤਾ, ਭਾਈਚਾਰਾ, ਪਿਆਰ, ਹਮਦਰਦੀ, ਨਿਮਰਤਾ, ਸਹਿਣਸ਼ੀਲਤਾ ਤੇ ਸਬਰ-ਸੰਤੋਖ ਕਿੱਥੋਂ ਆਵੇ ਕਿਉਂਕਿ ਧਰਮ ਵਿਚ ਅਸਲੀ ਨੁਕਤੇ ਤਾਂ ਗਾਇਬ ਹਨ। ਭਾਵ ਗੁਰਬਾਣੀ ਦੇ ਆਸ਼ੇ ਅਨੁਸਾਰ ਭਾਵ ਗੁਰੂਆਂ ਦੇ ਦਿੱਤੇ ਉਪਦੇਸ਼ ਉੱਤੇ ਚੱਲਣ ਦਾ ਤਾਂ ਕੋਈ ਯਤਨ ਹੀ ਨਹੀਂ ਕਰਦਾ ਤਾਂ ਆਦਰਸ਼ਿਕ ਸਮਾਜ ਦੀ ਉਸਾਰੀ ਕਿਵੇਂ ਹੋ ਸਕਦੀ ਹੈ। ਗੁਰੂ ਘਰਾਂ ਦੇ ਪ੍ਰਬੰਧਕ ਸ਼ਰਾਬੀ ਤੇ ਮੋਨੇ ਸੰਗਤ ਨੂੰ ਕੀ ਪ੍ਰਚਾਰ ਕਰਨਗੇ। ਇਸੇ ਤਰ੍ਹਾਂ ਵਿੱਦਿਆਂ ਦਾ ਖੇਤਰ ਹੈ। ਅਧਿਆਪਕਾਂ ਦਾ ਮੁੱਖ ਕਰਤੱਵ ਬੱਚਿਆਂ ਨੂੰ ਸਿੱਖਿਆ ਦੇਣੀ ਹੁੰਦਾ ਹੈ। ਪਰ ਅੱਜ ਦਾ ਅਧਿਆਪਕ ਵੀ ਇੰਨਾ ਪਦਾਰਥਵਾਦੀ ਹੋ ਗਿਆ ਕਿ ਉਸ ਨੂੰ ਵੀ ਪੈਸਾ ਹੀ ਨਜ਼ਰ ਆਉਂਦਾ ਹੈ ਤੇ ਪੜ੍ਹਾਉਣ ਦੀ ਗੱਲ ਤਾਂ ਦੂਜੇ ਨੰਬਰ 'ਤੇ ਹੈ। ਸਕੂਲ ਵਿਚ ਪੜ੍ਹਾਈ ਨਾ ਕਰਾਉਣੀ ਤੇ ਮਗਰੋਂ ਵਿਦਿਆਰਥੀਆਂ ਨੂੰ ਟਿਊਸ਼ਨਾਂ ਰੱਖਣ ਲਈ ਮਜਬੂਰ ਕਰਨਾ। ਇਹੋ ਕਾਰਣ ਹੈ ਕਿ ਵਿਦਿਆਰਥੀਆਂ ਨੇ ਅਧਿਆਪਕਾਂ ਦੇ ਆਪਸੀ ਸਬੰਧ ਪਹਿਲੇ ਵਰਗੇ ਨਹੀਂ ਰਹੇ। ਪਹਿਲੇ ਸਮੇਂ ਵਿਚ ਅਧਿਆਪਕ ਤੇ ਵਿਦਿਆਰਥੀ ਦਾ ਆਪਸੀ ਸਬੰਧ ਗੁਰੂ ਤੇ ਚੇਲੇ ਵਾਲਾ ਹੁੰਦਾ ਸੀ ਪਰ ਹੁਣ ਇਹ ਕਦਰਾਂ-ਕੀਮਤਾਂ ਖੰਭ ਲਾ ਕੇ ਉਡ ਰਹੀਆਂ ਹਨ ਤੇ ਵਿਦਿਆਰਥੀਆਂ ਦੇ ਦਿਲਾਂ ਵਿਚ ਅਧਿਆਪਕਾਂ ਲਈ ਕੋਈ ਅਦਬ ਤੇ ਪਿਆਰ ਨਹੀਂ ਰਿਹਾ। ਪਹਿਲੇ ਸਮੇਂ ਵਿਚ ਅਧਿਆਪਕ ਮਿਹਨਤੀ, ਜ਼ਿੰਮੇਵਾਰ ਹੁੰਦੇ ਸਨ ਤੇ ਬੱਚਿਆਂ ਨੂੰ ਮੁਫ਼ਤ ਪੜ੍ਹਾਇਆ ਕਰਦੇ ਸਨ। ਅਧਿਆਪਕ ਅਤਿ ਦੇ ਉੱਚੇ ਕਿਰਦਾਰ ਦੇ ਮਾਲਕ ਹੁੰਦੇ ਸਨ।

ਇਸੇ ਤਰ੍ਹਾਂ ਗਾਇਕੀ ਦਾ ਖੇਤਰ ਹੈ, ਇਸ ਵਿਚ ਵੀ ਉਹ ਪੁਰਾਣੀਆਂ ਕੀਮਤਾਂ ਨਹੀਂ ਰਹੀਆਂ ਲੱਚਰਤਾ ਤੇ ਅਸ਼ਲੀਲਤਾ ਗਾਇਕਾਂ ਵਿਚ ਭਾਰੂ ਹੋ ਰਹੀ ਹੈ ਪਰ ਕੁਝ ਚੰਗਾ ਵੀ ਹੋ ਰਿਹਾ ਹੈ ਤੇ ਕੁਝ ਗਾਇਕ ਬਹੁਤ ਚੰਗੇ ਵੀ ਹਨ ਤੇ ਉਨ੍ਹਾਂ ਨੇ ਆਪਣੇ ਪੁਰਾਣੇ ਸੱਭਿਆਚਾਰ ਨੂੰ ਸਾਂਭਿਆ ਹੋਇਆ ਹੈ। ਪੁਰਾਣੇ ਗਾਇਕ ਜਿਵੇਂ ਯਮਲਾ ਜੱਟ, ਸੁਰਿੰਦਰ ਕੌਰ, ਪ੍ਰਕਾਸ਼ ਕੌਰ ਤੇ ਆਸਾ ਸਿੰਘ ਮਸਤਾਨਾ ਵਰਗਿਆਂ ਨੂੰ ਦਹਾਕੇ ਹੀ ਬੀਤ ਗਏ ਹਨ ਪਰ ਉਨ੍ਹਾਂ ਦੇ ਗੀਤ ਅੱਜ ਵੀ ਨਵੇਂ ਲੱਗਦੇ ਹਨ ਤੇ ਮਨ ਨੂੰ ਸਕੂਨ ਦਿੰਦੇ ਹਨ, ਜਦੋਂਕਿ ਅੱਜ ਦੀ ਗਾਇਕੀ ਵਿਚ ਸ਼ੋਰ-ਸ਼ਰਾਬਾ ਜ਼ਿਆਦਾ ਹੈ ਤੇ ਕੰਨਾਂ ਨੂੰ ਖਾਣ ਵਾਲਾ ਹੈ ਤੇ ਸਕੂਨ ਘੱਟ ਹੈ। ਇਸੇ ਤਰ੍ਹਾਂ ਸਾਹਿਤ ਦੇ ਖੇਤਰ ਵਿਚ ਹੈ। ਇੰਨਾ ਸਾਹਿਤ ਲਿਖਿਆ ਗਿਆ ਹੈ ਅਤੇ ਬੜੇ ਵਿਦਵਾਨ, ਸ਼ਾਇਰ ਤੇ ਲੇਖਕ ਪੈਦਾ ਹੋਏ ਹਨ। ਪਰ ਅੱਜ ਤੱਕ ਸਾਹਿਤ ਨੇ ਮਨੁੱਖੀ ਜੀਵਨ ਵਿਚ ਕਿੰਨੀ ਕੁ ਤਬਦੀਲੀ ਲਿਆਂਦੀ ਹੈ। ਜਦੋਂਕਿ ਸਾਹਿਤ ਦਾ ਕੰਮ ਤਾਂ ਮਨੁੱਖੀ ਜੀਵਨ ਵਿਚ ਕੋਈ ਪ੍ਰੀਵਰਤਨ ਲਿਆਉਣਾ ਹੁੰਦਾ ਹੈ। ਇਸ ਦਾ ਕਾਰਣ ਇਹ ਹੈ ਕਿ ਬਹੁਤ ਸਾਰਾ ਸਾਹਿਤ ਤਾਂ ਪੜ੍ਹਨ ਯੋਗ ਵੀ ਨਹੀਂ ਹੁੰਦਾ ਤੇ ਉਸ ਵਿਚ ਲੱਚਰਤਾ ਤੇ ਅਸ਼ਲੀਲਤਾ ਹੀ ਨਜ਼ਰ ਆਉਂਦੀ। ਕੁਝ ਲੇਖਕ ਅਜਿਹਾ ਤਾਂ ਜ਼ਰੂਰ ਲਿਖਦੇ ਹਨ ਕਿ ਉਨ੍ਹਾਂ ਦੀਆਂ ਰਚਨਾਵਾਂ ਪੜ੍ਹਨਯੋਗ ਜ਼ਰੂਰ ਹੁੰਦੀਆਂ ਹਨ ਪਰ ਉਨ੍ਹਾਂ 'ਚ ਵਿਸ਼ਾ ਬਿਲਕੁਲ ਹੀ ਗਾਇਬ ਹੁੰਦਾ ਹੈ। ਇਹ ਪਤਾ ਹੀ ਨਹੀਂ ਲੱਗਦਾ ਕਿ ਉਹ ਕਹਿਣਾ ਕੀ ਚਾਹੁੰਦੇ ਹਨ। ਕੁਝ ਲੇਖਕ ਅਜਿਹੇ ਹਨ, ਜਿਨ੍ਹਾਂ ਦੀ ਰਚਨਾ ਦਾ ਮੁੱਖ ਉਦੇਸ਼, ਸਮਾਜ ਨੂੰ ਕੋਈ ਨਾ ਕੋਈ ਸੰਦੇਸ਼ ਦੇਣਾ ਹੁੰਦਾ ਹੈ। ਜਿਵੇਂ ਗੁਰਦਿਆਲ ਸਿੰਘ, ਪ੍ਰੋ. ਸੁਰਿੰਦਰ ਸਿੰਘ ਨਰੂਲਾ ਤੇ ਢਾਡੀ ਸੋਹਣ ਸਿੰਘ ਸ਼ੀਤਲ ਆਦਿ। ਗੁਰਦਿਆਲ ਸਿੰਘ ਤਾਂ ਆਖਦਾ ਹੈ ਕਿ ਜੇ ਕੋਈ ਪਾਤਰ ਅਣ-ਮਨੁੱਖੀ ਕਦਰਾਂ-ਕੀਮਤਾਂ ਦੇ ਵਿਰੁੱਧ ਕੋਈ ਸੱਟ ਨਹੀਂ ਮਾਰਦਾ। ਭਾਵ ਕੋਈ ਵਿਰੋਧਤਾ ਨਹੀਂ ਕਰਦਾ, ਤਾਂ ਮੈਂ ਉਸ ਰਚਨਾ ਨੂੰ ਸਾਹਿਤਕ ਰਚਨਾ ਨਹੀਂ ਮੰਨਦਾ। ਬਾਕੀ ਸਾਹਿਤ ਵਿਚ ਕੁਝ ਲੇਖਕ ਆਪਣੀਆਂ ਰਚਨਾਵਾਂ ਵਿਚ ਵਿਸ਼ਾ ਤਾਂ ਜ਼ਰੂਰ ਛੋਹਦੇ ਹਨ ਪਰ ਉਹ ਬੋਲੀ ਅਜਿਹੀ ਲਿਖਦੇ ਹਨ ਕਿ ਆਮ ਸਾਧਾਰਣ ਮਨੁੱਖ ਦੀ ਸਮਝ ਤੋਂ ਬਾਹਰ ਹੁੰਦੀ ਹੈ ਤੇ ਉਸ ਰਚਨਾ ਦਾ ਲਾਭ ਕੀ ਹੋਵੇਗਾ। ਇਸ ਲਈ ਰਚਨਾ ਆਮ ਲੋਕਾਂ ਦੀ ਬੋਲੀ ਵਿਚ ਸਮਝ ਆਉਣ ਵਾਲੀ ਹੋਣੀ ਚਾਹੀਦੀ ਹੈ। ਪਰ ਅਜਿਹਾ ਨਹੀਂ ਹੁੰਦਾ ਕਿਉਂਕਿ ਲੇਖਕ ਵਿਸ਼ੇ ਦੀ ਥਾਂ ਆਪਣੀ ਪ੍ਰਭਾਵਸ਼ਾਲੀ ਬੋਲੀ ਰਾਹੀਂ ਪ੍ਰਭਾਵ ਦੇਣਾ ਚਾਹੁੰਦਾ ਹੈ। ਬਾਕੀ ਕੁਝ ਕਵੀ, ਲੇਖਕ ਲਿਖਦੇ ਸੁਹਣਾ ਹਨ ਪਰ ਉਨ੍ਹਾਂ ਦਾ ਆਪਣਾ ਨਿੱਜੀ ਜੀਵਨ ਉਸ ਦੇ ਅਨੁਸਾਰ ਨਹੀਂ ਹੁੰਦਾ ਤੇ ਜਿਸ ਕਰਕੇ ਪਾਠਕਾਂ ਤੇ ਉਸ ਰਚਨਾ ਦਾ ਬਹੁਤ ਚੰਗਾ ਪ੍ਰਭਾਵ ਨਹੀਂ ਹੁੰਦਾ।


ਲੇਖਕ ਦਾ ਆਪਣਾ ਜੀਵਨ ਵੀ ਆਪਣੀ ਰਚਨਾ ਅਨੁਸਾਰ ਹੋਣਾ ਚਾਹੀਦਾ ਹੈ। ਇਸ ਲਈ ਲੋੜ ਹੈ, ਅਸਲੀ ਨੁਕਤੇ ਨੂੰ ਆਪਣੇ ਫ਼ਰਜ਼ ਨੂੰ ਸਮਝਾਣ ਦੀ ਕੋਈ ਮਨੁੱਖ ਜੋ ਕਹਿੰਦਾ ਹੈ ਤੇ ਕਰਦਾ ਹੈ, ਉਸ ਦੀ ਭਾਵਨਾ ਕੀ ਹੈ? ਉਸ ਦਾ ਮਨਰੋਥ ਨਿੱਜੀ ਹੈ ਜਾਂ ਸਮੁੱਚੇ ਸਮਾਜ ਲਈ। ਇਸੇ ਤਰ੍ਹਾਂ ਹੀ ਸਾਡੇ ਘਰਾਂ ਤੇ ਸਮਾਜ ਦੀ ਦਸ਼ਾ ਹੈ। ਕੁਝ ਲੋਕ ਬੜਾ ਮਿੱਠਾ ਬੋਲਦੇ ਹਨ ਤੇ ਆਪਣੇ ਆਪ ਨੂੰ ਬਹੁਤ ਚੰਗਾ ਮਨੁੱਖ ਸਾਬਤ ਕਰਨ ਦਾ ਯਤਨ ਕਰਦੇ ਹਨ ਪਰ ਪਿੱਛੇ ਉਸ ਦੀ ਭਾਵਨਾ ਹੋਰ ਹੁੰਦੀ ਹੈ ਤੇ ਉਹ ਮਨੁੱਖ ਦੂਜਿਆਂ ਪ੍ਰਤੀ ਸੁਹਿਰਦ ਨਹੀਂ ਹੁੰਦਾ। ਅਜਿਹੇ ਭੇਖੀ ਲੋਕਾਂ ਨੂੰ ਪਰਖਣ ਦੀ ਲੋੜ ਹੁੰਦੀ ਹੈ ਤੇ ਦੂਜਿਆਂ ਦੀਆਂ ਮਿੱਠੀਆਂ-ਮਿੱਠੀਆਂ ਗੱਲਾਂ ਤੇ ਚਾਲਾਂ ਤੋਂ ਬਚਣਾ ਚਾਹੀਦਾ ਹੈ। ਇਸੇ ਤਰ੍ਹਾਂ ਚੋਣ ਕਰਨ ਵੇਲੇ, ਵੋਟਰਾਂ ਨੂੰ ਚਾਹੀਦਾ ਹੈ ਕਿ ਭੇਖੀ ਭ੍ਰਿਸ਼ਟ ਰਾਜਨੀਤਿਕ ਦੀ ਚੋਣ ਨਾ ਕਰੋ ਤੇ ਆਪਣੇ ਨਿੱਜੀ ਸੁਆਰਥ ਤੋਂ ਉਪਰ ਉਠ ਕੇ ਯੋਗ ਉਮੀਦਵਾਰ ਦੀ ਚੋਣ ਕਰੋ। ਇਸ ਤਰ੍ਹਾਂ ਸਰਕਾਰੀ ਦਫ਼ਤਰਾਂ ਵਿਚ ਕੰਮ ਕਰਨ ਵਾਲੇ ਕਰਮਚਾਰੀਆਂ ਦੀ ਚੋਣ ਵੀ ਯੋਗ ਉਮੀਦਵਾਰ ਦੀ ਚੋਣ ਕਰਨੀ ਚਾਹੀਦੀ ਹੈ, ਤਾਂ ਜੋ ਸਾਰੀ ਸਰਕਾਰੀ ਮਸ਼ਨੀਰੀ ਚੰਗੀ ਤਰ੍ਹਾਂ ਕੰਮ ਕਰ ਸਕੇ ਤਾਂ ਸਮਾਜ ਦਾ ਹਰ ਵਿਅਕਤੀ ਆਪਣੀਆਂ ਲੋੜਾਂ ਤੇ ਸਮੱਸਿਆਵਾਂ ਦਾ ਹੱਲ ਪੂਰਾ ਕਰ ਸਕੇ।


ਇਨ੍ਹਾਂ ਸਾਰੇ ਵਿਚਾਰਾਂ ਦਾ ਸਬੰਧ ਧਰਮ ਨਾਲ ਹੈ ਕਿਉਂਕਿ ਧਰਮ ਸਿਰਫ਼ ਪ੍ਰਮਾਤਮਾ ਨੂੰ ਪ੍ਰਾਪਤ ਕਰਨ ਦਾ ਹੀ ਸਾਧਨ ਨਹੀਂ, ਸਗੋਂ ਧਰਮ ਦਾ ਸਬੰਧ ਸਾਡੇ ਜੀਵਨ ਨਾਲ ਵੀ ਹੈ, ਭਾਵ ਧਰਮ ਇਕ ਮਨੁੱਖੀ ਜੀਵਨ ਜਾਂਚ ਹੈ। ਇਸ ਲਈ ਧਰਮ ਦਾ ਸਬੰਧ ਸਦਾਚਾਰ, ਈਮਾਨਦਾਰੀ, ਹਮਦਰਦੀ ਭਾਵ ਮੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਨਾਲ ਹੁੰਦਾ ਹੈ।

ਪੱਤਰਕਾਰੀ ਕਿਸੇ ਵੀ ਦੇਸ਼ ਦਾ ਚੌਥਾ ਥੰਮ੍ਹ ਹੁੰਦੀ ਹੈ। ਪਰ ਅੱਜਕੱਲ੍ਹ ਪੱਤਰਕਾਰੀ ਵਿਚ ਵੀ ਭ੍ਰਿਸ਼ਟਾਚਾਰ ਆਰੰਭ ਹੋ ਗਿਆ ਹੈ। ਪੱਤਰਕਾਰ ਦਾ ਅਸਲੀ ਮਨੋਰਥ ਜੋ ਹੋਣਾ ਚਾਹੀਦਾ ਹੈ, ਉਹ ਗਾਇਬ ਹੀ ਹੁੰਦਾ ਹੈ। ਦੇਖਣਾ ਇਹ ਹੁੰਦਾ ਹੈ ਕਿ ਸੰਪਾਦਕ ਜਦੋਂ ਕੋਈ ਪਰਚਾ ਕੱਢਣਾ ਆਰੰਭ ਕਰਦਾ ਹੈ, ਤਾਂ ਉਸ ਦੀ ਭਾਵਨਾ ਕੀ ਹੁੰਦੀ ਹੈ, ਭਾਵ ਪੱਤਰਕਾਰ ਜਾਂ ਸੰਪਾਦਕ ਦਾ ਮੁੱਖ ਉਦੇਸ਼ ਕੀ ਹੁੰਦਾ ਹੈ? ਕੁਝ ਲੋਕ ਪਰਚਾ ਕੱਢਣ ਨੂੰ ਪੈਸਾ ਕਮਾਉਣ ਦਾ ਸਾਧਨ ਹੀ ਮੰਨਦੇ ਹਨ। ਇਹ ਠੀਕ ਹੈ ਪੈਸਾ ਵੀ ਜ਼ਿੰਦਗੀ ਦੀ ਲੋੜ ਹੈ ਪਰ ਪੈਸਾ ਜ਼ਿੰਦਗੀ ਲਈ means ਹੈ not end. ਪੱਤਰਕਾਰ ਦਾ ਪਹਿਲਾ ਕਰਤੱਵ ਹੈ ਕਿ ਉਹ ਹੱਕ, ਸੱਚ ਤੇ ਇਨਸਾਫ਼ ਬਾਰੇ ਲਿਖੇ ਤੇ ਭ੍ਰਿਸ਼ਟਾਚਾਰ ਤੇ ਜ਼ੁਲਮ-ਜਬਰ ਜਿੱਥੇ ਸਮਾਜ ਵਿਚ ਹੁੰਦਾ ਹੈ, ਉਸ ਨੂੰ ਨੰਗਿਆਂ ਕਰੇ ਤੇ ਆਪਣੀ ਆਵਾਜ਼ ਨੂੰ ਬੁਲੰਦ ਕਰੇ, ਲੇਖਕਾਂ ਦੀਆਂ ਉਨ੍ਹਾਂ ਰਚਨਾਵਾਂ ਨੂੰ ਵੀ ਪਹਿਲ ਦੇਵੇ, ਜਿਸ ਵਿਚ ਲੇਖਕ ਦੀ ਰਚਨਾ ਦਾ ਸਬੰਧ ਸਮਾਜ ਤੇ ਮਨੁੱਖੀ ਜੀਵਨ ਨਾਲ ਹੋਵੇ ਕਿਉਂਕਿ ਸਮਾਜ ਤੋਂ ਦੂਰ ਦਾ ਸਾਹਿਤ ਗੁਣਕਾਰੀ ਨਹੀਂ ਹੁੰਦਾ। ਸਾਹਿਤ ਉਹ ਚੰਗਾ ਹੁੰਦਾ ਹੈ ਜਿਹੜਾ ਮਨੁੱਖੀ ਜੀਵਨ ਦੇ ਦੁੱਖ-ਸੁੱਖ ਤੇ ਸੁਧਾਰ ਦੀ ਗੱਲ ਕਰੇ। ਸਿਰਜਣਾਤਮਿਕ ਸਾਹਿਤ ਦਾ ਇਹੋ ਹੀ ਫ਼ਰਜ਼ ਹੁੰਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਈ ਪੱਤਰਕਾਰ ਬਹੁਤ ਚੰਗਾ ਕਰਤੱਵ ਵੀ ਨਿਭਾ ਰਹੇ ਹਨ। ਪਰ ਕਈਆਂ ਨੇ ਆਪਣੇ ਅਸਲੀ ਨੁਕਤੇ ਤੋਂ ਬਹੁਤ ਦੂਰ ਦੀ ਗੱਲ ਕਰਦੇ ਹਨ ਤੇ ਸਿਰਫ਼ ਉਨ੍ਹਾਂ ਦਾ ਮੁੱਖ ਉਦੇਸ਼ ਪੈਸਾ ਕਮਾਉਣਾ ਹੀ ਹੁੰਦਾ ਹੈ ਜਿਹੜਾ ਕਿ ਸਮਾਜ ਲਈ ਬਹੁਤ ਹੀ ਖ਼ਤਰਨਾਕ ਰੁਝਾਨ ਹੈ। ਪੱਤਰਕਾਰੀ ਕੋਈ ਫੁੱਲਾਂ ਦਾ ਵਿਛਾਉਣਾ ਨਹੀਂ, ਸਗੋਂ ਕੰਡਿਆਂ ਦਾ ਸਫ਼ਰ ਹੈ। ਸੱਚੀ ਪੱਤਰਕਾਰੀ ਨੂੰ ਕੁਰਬਾਨੀ ਦੀ ਲੋੜ ਹੁੰਦੀ ਹੈ। ਕਈ ਪੱਤਰਕਾਰਾਂ ਨੇ ਇਸ ਸੱਚਾਈ ਨੂੰ ਸੱਚ ਕਰ ਵੀ ਦਿਖਾਇਆ ਹੈ, ਉਨ੍ਹਾਂ ਨੇ ਸ਼ਹਾਦਤ ਦਾ ਜਾਮ ਤਾਂ ਪੀ ਲਿਆ ਪਰ ਉਹ ਆਪਣੀ ਸੋਚ ਤੋਂ ਭਾਵ ਵਿਚਾਰਧਾਰਾ ਤੋਂ ਪਿੱਛੇ ਨਹੀਂ ਹਟੇ।

ਹਰ ਮਨੁੱਖ ਦੇ ਕੋਈ ਕੰਮ ਕਰਨ ਦੇ ਪਿੱਛੇ ਉਸ ਦਾ ਨਿੱਜੀ ਹਿੱਤ ਲੁਕਿਆ ਹੋਇਆ ਹੁੰਦਾ ਹੈ ਤੇ ਅਸਲੀ ਨੁਕਤਾ ਭਾਵ ਮੁੱਦਾ ਤਾਂ ਗਾਇਬ ਹੀ ਹੁੰਦਾ ਹੈ। ਹਰ ਮਨੁੱਖ ਸਭ ਤੋਂ ਪਹਿਲਾਂ ਸ਼ੋਹਰਤ ਦਾ ਭੁੱਖਾ ਹੈ। ਇਸ ਦੀ ਖ਼ਾਤਰ ਮਨੁੱਖ ਪਤਾ ਨਹੀਂ ਕੀ-ਕੀ ਪਾਖੰਡ ਕਰਦਾ ਹੈ ਤੇ ਲੋਕਾਂ ਨਾਲ ਫ਼ਰੇਬ ਕਰਦਾ ਹੈ। ਇਸ ਤੋਂ ਬਾਅਦ ਹਰ ਮਨੁੱਖ ਪੈਸੇ ਤੇ ਸੱਤਾ ਦਾ ਭੁੱਖਾ ਹੈ ਕਿ ਉਸ ਨੂੰ ਕਿਵੇਂ ਨਾ ਕਿਵੇਂ ਸੱਤਾ ਦੀ ਪ੍ਰਾਪਤੀ ਹੋ ਜਾਏ ਤੇ ਸੱਤਾ ਪ੍ਰਾਪਤ ਕਰਕੇ ਉਸ ਆਦਮੀ ਦਾ ਲਕਸ਼ ਕੀ ਹੈ, ਭਾਵ ਉਹ ਕੀ ਕਰਨਾ ਚਾਹੁੰਦਾ ਹੈ, ਸ਼ਾਇਦ ਉਸ ਨੂੰ ਆਪ ਵੀ ਨਾ ਪਤਾ ਹੋਵੇ। ਆਪਣਾ ਫ਼ਰਜ਼ ਦਾ ਵੀ ਪਤਾ ਨਹੀਂ ਹੁੰਦਾ, ਜਿਸ ਕੁਰਸੀ ਤੇ ਬੈਠੇ ਹਨ। ਅਜਿਹੇ ਵਿਸ਼ੇਸ਼ ਵਿਅਕਤੀ ਤੋਂ ਤੁਸੀਂ ਕੀ ਆਸ ਰੱਖ ਸਕਦੇ ਹੋ ਕਿ ਉਹ ਸਮਾਜ ਦਾ ਕੁਝ ਸੁਆਰੇਗਾ, ਜਿਵੇਂ ਕਿ ਅੱਜਕੱਲ੍ਹ ਹੋ ਰਿਹਾ ਹੈ।

# 95 ਸਾਲਾਂ ਵਿਚ ਕਿਸੇ ਵੀ ਭਾਰਤੀ ਵਿਗਿਆਨੀ ਨੂੰ ਨਹੀਂ ਮਿਲਿਆ ਨੋਬਲ ਪੁਰਸਕਾਰ






ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



ਭਾਰਤ ਵਿਚ ਕੰਮ ਕਰਨ ਵਾਲੇ ਕਿਸੇ ਵੀ ਵਿਗਿਆਨੀ ਨੂੰ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਜਾਂ ਦਵਾਈ ਵਿਚ ਨੋਬਲ ਪੁਰਸਕਾਰ ਪ੍ਰਾਪਤ ਕੀਤੇ 95 ਸਾਲ ਹੋ ਗਏ ਹਨ। 1930 ਵਿਚ, ਸੀ.ਵੀ. ਰਮਨ ਨੂੰ ਭੌਤਿਕ ਵਿਗਿਆਨ ਵਿਚ ਨੋਬਲ ਪੁਰਸਕਾਰ ਮਿਲਿਆ, ਜੋ ਕਿ ਅੱਜ ਤੱਕ ਕਿਸੇ ਭਾਰਤੀ ਵਿਗਿਆਨੀ ਨੂੰ ਦਿੱਤਾ ਗਿਆ ਇੱਕੋ ਇੱਕ ਸਨਮਾਨ ਹੈ। ਇਸ ਤੋਂ ਬਾਅਦ, ਹਰਗੋਬਿੰਦ ਖੁਰਾਨਾ (1968, ਦਵਾਈ), ਸੁਮਣਯਮ ਚੰਦਰਸ਼ੇਖਰ (1983, ਭੌਤਿਕ ਵਿਗਿਆਨ), ਅਤੇ ਵੈਂਕਟਰਮਨ ਰਾਮਕ੍ਰਿਸ਼ਨਨ (2009, ਰਸਾਇਣ ਵਿਗਿਆਨ) ਨੇ ਇਹ ਪੁਰਸਕਾਰ ਜਿੱਤਿਆ ਹੈ, ਪਰ ਉਹ ਸਾਰੇ ਆਪਣੇ ਕੰਮ ਦੇ ਸਮੇਂ ਭਾਰਤ ਤੋਂ ਬਾਹਰ ਰਹਿੰਦੇ ਸਨ ਅਤੇ ਭਾਰਤੀ ਨਾਗਰਿਕ ਨਹੀਂ ਸਨ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਭਾਰਤ ਵਿਚ ਵਿਗਿਆਨਕ ਅਤੇ ਖੋਜ ਸਮਰਥਾਵਾਂ ਦੇ ਵਿਕਾਸ ਵਿਚ ਕਈ ਰੁਕਾਵਟਾਂ ਹਨ। ਬੁਨਿਆਦੀ ਖੋਜ ’ਤੇ ਲੋੜੀਂਦਾ ਧਿਆਨ ਨਹੀਂ ਦਿੱਤਾ ਜਾਂਦਾ, ਸਰਕਾਰੀ ਫੰਡਿੰਗ ਘੱਟ ਹੁੰਦੀ ਹੈ ਅਤੇ ਨੌਕਰਸ਼ਾਹੀ ਕੰਮ ਨੂੰ ਹੌਲੀ ਕਰ

ਦਿੰਦੀ ਹੈ। ਨਿੱਜੀ ਖੇਤਰ ਵਿਚ ਖੋਜ ਲਈ ਪ੍ਰੋਤਸਾਹਨ ਅਤੇ ਮੌਕੇ ਸੀਮਤ ਹਨ। ਯੂਨੀਵਰਸਿਟੀਆਂ ਵਿਚ ਖੋਜ ਸਮਰੱਥਾ ਕਮਜ਼ੋਰ ਹੈ ਅਤੇ ਆਬਾਦੀ ਦੇ ਮੁਕਾਬਲੇ ਖੋਜਕਰਤਾਵਾਂ ਦੀ ਗਿਣਤੀ ਵਿਸ਼ਵ ਔਸਤ ਨਾਲੋਂ ਪੰਜ ਗੁਣਾ ਘੱਟ ਹੈ। ਇਹੀ ਕਾਰਨ ਹੈ ਕਿ ਭਾਰਤ ਵਿਚ ਨੋਬਲ ਪੁਰਸਕਾਰ ਲਈ ਯੋਗ ਵਿਗਿਆਨੀਆਂ ਦਾ ਪੂਲ ਬਹੁਤ ਘੱਟ ਹੈ।

ਭਾਰਤ ਦੇ ਬਹੁਤ ਸਾਰੇ ਵਿਗਿਆਨੀਆਂ ਨੂੰ ਨੋਬਲ ਪੁਰਸਕਾਰ ਲਈ ਨਾਮਜ਼ਦ ਕੀਤਾ ਗਿਆ ਹੈ, ਪਰ ਕਦੇ ਵੀ ਇਹ ਪ੍ਰਾਪਤ ਨਹੀਂ ਹੋਇਆ। ਮੇਘਨਾਦ ਸਾਹਾ, ਹੋਮੀ ਭਾਭਾ, ਅਤੇ ਸਤੇਂਦਰਨਾਥ ਬੋਸ ਨੂੰ ਭੌਤਿਕ ਵਿਗਿਆਨ ਵਿਚ, ਜੀ.ਐੱਨ. ਰਾਮਚੰਦਰਨ ਅਤੇ ਟੀ. ਸ਼ੇਸ਼ਾਦਰੀ ਨੂੰ ਰਸਾਇਣ ਵਿਗਿਆਨ ਵਿਚ ਅਤੇ ਉਪੇਂਦਰਨਾਥ ਬ੍ਰਹਮਚਾਰੀ ਨੂੰ ਦਵਾਈ ਵਿਚ ਨਾਮਜ਼ਦ ਕੀਤਾ ਗਿਆ ਸੀ। ਜਗਦੀਸ਼ ਚੰਦਰ ਬੋਸ ਅਤੇ ਕੇ.ਐੱਸ. ਕ੍ਰਿਸ਼ਨਨ ਵਰਗੇ ਵਿਗਿਆਨੀਆਂ ਨੂੰ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਦੇ ਬਾਵਜੂਦ ਭੌਤਿਕ ਵਿਗਿਆਨ ਵਿਚ ਨੋਬਲ ਪੁਰਸਕਾਰ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਈ.ਸੀ.ਜੀ. ਸੁਦਰਸ਼ਨ ਨੂੰ 1979 ਅਤੇ 2005 ਵਿਚ ਦੋ ਵਾਰ ਭੌਤਿਕ ਵਿਗਿਆਨ ਵਿਚ ਨੋਬਲ ਪੁਰਸਕਾਰ ਤੋਂ ਇਨਕਾਰ ਕੀਤਾ ਗਿਆ ਸੀ। ਸੀ.ਐੱਨ.ਆਰ. ਰਾਓ ਦੇ ਠੋਸ-ਅਵਸਥਾ ਰਸਾਇਣ ਵਿਗਿਆਨ ਵਿਚ ਯੋਗਦਾਨ ਨੂੰ ਵੀ ਨੋਬਲ-ਯੋਗ ਮੰਨਿਆ ਗਿਆ ਸੀ, ਪਰ ਉਨ੍ਹਾਂ ਨੂੰ ਅਜੇ ਤੱਕ ਇਹ ਸਨਮਾਨ ਨਹੀਂ ਮਿਲਿਆ ਹੈ। ਸੰਯੁਕਤ ਰਾਜ ਅਮਰੀਕਾ ਅਤੇ ਯੂਰਪ ਨੇ ਵਿਗਿਆਨਕ ਪੁਰਸਕਾਰਾਂ ’ਤੇ ਦਬਦਬਾ ਬਣਾਇਆ ਹੈ। ਉੱਤਰੀ ਅਮਰੀਕਾ ਅਤੇ ਯੂਰਪ ਤੋਂ ਇਲਾਵਾ ਸਿਰਫ਼ ਨੌਂ ਦੇਸ਼ਾਂ ਦੇ ਖੋਜਕਰਤਾਵਾਂ ਨੇ ਵਿਗਿਆਨ ਵਿਚ ਨੋਬਲ ਪੁਰਸਕਾਰ ਜਿੱਤੇ ਹਨ। 21 ਦੇ ਨਾਲ, ਜਪਾਨ ਕੋਲ ਏਸ਼ੀਆ ਵਿਚ ਸਭ ਤੋਂ ਵੱਧ ਪੁਰਸਕਾਰ ਹਨ। ਅਮਰੀਕਾ ਅਤੇ ਯੂਰਪ ਵਿਚ, ਮਜ਼ਬੂਤ ਖੋਜ ਬੁਨਿਆਦੀ ਢਾਂਚਾ, ਵਿੱਤੀ ਸਹਾਇਤਾ ਅਤੇ ਇੱਕ ਬਿਹਤਰ ਵਾਤਾਵਰਣ ਪ੍ਰਣਾਲੀ ਨੇ ਉੱਥੋਂ ਦੇ ਵਿਗਿਆਨੀਆਂ ਨੂੰ ਨੋਬਲ ਪੁਰਸਕਾਰ ਜਿੱਤਣ ਦਾ ਕਾਰਨ ਬਣਾਇਆ ਹੈ। ਭਾਰਤੀ ਵਿਗਿਆਨੀਆਂ ਨੂੰ ਮਾਨਤਾ ਨਾ ਮਿਲਣ ਦਾ ਇੱਕੋ ਇੱਕ ਕਾਰਨ ਪੁਰਸਕਾਰ ਪ੍ਰਣਾਲੀ ਨਹੀਂ ਹੈ। ਖੋਜ ਫੰਡਿੰਗ, ਬੁਨਿਆਦੀ ਢਾਂਚੇ ਅਤੇ ਸਰਕਾਰੀ ਸਹਾਇਤਾ ਦੀ ਘਾਟ ਨੇ ਵਿਗਿਆਨੀਆਂ ਆਪਣੇ ਕੰਮ ਨੂੰ ਪੂਰੀ ਤਰ੍ਹਾਂ ਵਿਕਸਤ ਕਰਨ ਤੋਂ ਰੋਕਿਆ ਹੈ। ਭਵਿੱਖ ਵਿਚ, ਭਾਰਤੀ ਵਿਗਿਆਨੀਆਂ ਦੁਆਰਾ ਨੋਬਲ ਪੁਰਸਕਾਰ ਜਿੱਤਣਾ ਮੁੱਖ ਤੌਰ ’ਤੇ ਉਨ੍ਹਾਂ ਦੀ ਵਿਅਕਤੀਗਤ ਪ੍ਰਤਿਭਾ ਅਤੇ ਚਤੁਰਾਈ ’ਤੇ ਨਿਰਭਰ ਕਰੇਗਾ, ਨਾ ਕਿ ਪ੍ਰਣਾਲੀਗਤ ਸਹਾਇਤਾ ’ਤੇ।

# ਸੱਚ ਚੁੱਪ ਅਤੇ ਰਿਸ਼ਤਿਆਂ ਦੇ ਦਰਮਿਆਨ ਖੜ੍ਹਾ ਇਨਸਾਨ



-ਡਾ. ਅਮਰਜੀਤ ਟਾਂਡਾ
ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ ਕੀਟ ਵਿਗਿਆਨੀ ਦੇ ਖੇਤੀ ਮਾਹਰ
ਸੰਪਰਕ+61 412913021
ਪੰਜਾਬ ਮੇਲ USA



ਜ਼ਿੰਦਗੀ ਦੇ ਰਾਗ ਵੱਖਰੇ ਗੀਤ ਵੱਖਰੇ।

ਵਧੀਆ ਰਹੇਗਾ ਜੇ ਗੀਤ ਵਾਂਗ ਜ਼ਿੰਦਗੀ ਨੂੰ ਵੀ ਸੁਰ ਵਿਚ ਗਾਇਆ ਜਾਵੇ। ਟੁਰਿਆ ਜਾਵੇ ਮਟਕ ਨਾਲ।

ਇਹ ਜ਼ਿੰਦਗੀ ਦੀ ਇਕ ਡੂੰਘੀ ਸੱਚਾਈ ਹੈ, ਜਦੋਂ ਸੱਚ, ਚੁੱਪ ਅਤੇ ਰਿਸ਼ਤਿਆਂ ਦੇ ਦਰਮਿਆਨ ਵਿਚ ਖੜ੍ਹਾ ਇਨਸਾਨ ਜ਼ਿੰਦ.ਗੀ ਦੇ ਪੜਾਵਾਂ ਬਾਰੇ ਵੱਖ-ਵੱਖ ਐਂਗਲਾਂ ਤੋਂ ਸੋਚਦਾ ਹੈ।

ਜ਼ਿੰਦਗੀ ਵੀ ਇੱਕ ਕਿਤਾਬ ਲਿਖਣ ਵਾਂਗ ਹੈ, ਹੱਸਦਾ ਵੱਸਦਾ ਘਰ ਸਜਾਉਣ ਚਲਾਉਣ ਦਾ ਸੁਪਨਾ।

ਕਈ ਵਾਰ ਜ਼ਿੰਦਗੀ ਅਚਾਨਕ ਸਾਨੂੰ ਇਕ ਅਜਿਹੇ ਮੋੜ ’ਤੇ ਲਿਆ ਕੇ ਖੜ੍ਹਾ ਕਰ ਦਿੰਦੀ ਹੈ, ਜਿੱਥੇ ਅੰਦਰ ਇਕ ਤੂਫ਼ਾਨ ਉੱਠ ਰਿਹਾ ਹੁੰਦਾ ਹੈ ਤੇ ਬਾਹਰ ਰਿਸ਼ਤਿਆਂ ਦੀਆਂ ਨਾਜ਼ੁਕ ਡੋਰਾਂ ਕੰਬ ਰਹੀਆਂ ਹੁੰਦੀਆਂ ਹਨ।

ਇੱਕ ਪਾਸੇ ਸੱਚ ਖੜ੍ਹਾ ਹੁੰਦਾ ਹੈ—ਸਾਫ਼, ਨੰਗਾ, ਕਈ ਵਾਰ ਕਠੋਰ।

ਦੂਜੇ ਪਾਸੇ ਰਿਸ਼ਤੇ ਹੁੰਦੇ ਹਨ—ਨਰਮ, ਭਾਵਨਾਵਾਂ ਨਾਲ ਭਰੇ ਹੋਏ, ਪਰ ਕੱਚ ਦੇ ਬਰਤਨਾਂ ਵਾਂਗ ਨਾਜ਼ੁਕ।

ਉਸ ਵੇਲੇ ਇਨਸਾਨ ਸੋਚਦਾ ਹੈ, ਜੇ ਮੈਂ ਗੱਲ ਕਹਿ ਦਿੱਤੀ ਤਾਂ ਸ਼ਾਇਦ ਰਿਸ਼ਤੇ ਟੁੱਟ ਜਾਣ। ਜੇ ਚੁੱਪ ਰਹਿ ਗਿਆ ਤਾਂ ਮੇਰੇ ਅੰਦਰ ਕੁਝ ਟੁੱਟ ਜਾਵੇਗਾ।

ਚੁੱਪ ਕਈ ਵਾਰ ਬੜੀ ਭਾਰੀ ਹੋ ਜਾਂਦੀ ਹੈ। ਉਹ ਸਿਰਫ਼ ਖਾਮੋਸ਼ੀ ਨਹੀਂ ਰਹਿੰਦੀ—ਉਹ ਦਿਲ ਦੇ ਅੰਦਰ ਹੌਲੀ-ਹੌਲੀ ਇਕ ਗਹਿਰਾ ਜ਼ਖ਼ਮ ਬਣ ਜਾਂਦੀ ਹੈ। ਅਤੇ ਜ਼ਖ਼ਮ ਵੀ ਅਜਿਹਾ ਜੋ ਕਿਸੇ ਨੂੰ ਦਿੱਸਦਾ ਨਹੀਂ, ਪਰ ਰੂਹ ਨੂੰ ਪਲ ਪਲ ਖਾਂਦਾ ਰਹਿੰਦਾ ਹੈ। ਪਰ ਜ਼ਿੰਦਗੀ ਦੀ ਸਿਆਣਪ ਇਹ ਹੈ ਕਿ ਹਰ ਚੌਰਾਹੇ ’ਤੇ ਦੋ ਹੀ ਰਸਤੇ ਨਹੀਂ ਹੁੰਦੇ। ਕਈ ਵਾਰ ਇਕ ਤੀਜਾ ਰਸਤਾ ਵੀ ਹੁੰਦਾ ਹੈ—ਸੱਚ ਦਾ ਰਸਤਾ, ਪਰ ਨਰਮੀ ਨਾਲ। ਸੱਚ ਜਦੋਂ ਗੁੱਸੇ ਵਿਚ ਕਿਹਾ ਜਾਂਦਾ ਹੈ, ਤਾਂ ਉਹ ਤਲਵਾਰ ਬਣ ਜਾਂਦਾ ਹੈ। ਤਲਵਾਰ ਸੱਚੀ ਹੋ ਸਕਦੀ ਹੈ, ਪਰ ਉਸ ਦੀ ਧਾਰ ਰਿਸ਼ਤਿਆਂ ਨੂੰ ਕੱਟ ਦਿੰਦੀ ਹੈ। ਪਰ ਜਦੋਂ ਉਹੀ ਸੱਚ ਸਮਝ, ਸਬਰ ਅਤੇ ਪਿਆਰ ਨਾਲ ਕਿਹਾ ਜਾਂਦਾ ਹੈ, ਤਾਂ ਉਹ ਦੁਆ ਬਣ ਜਾਂਦਾ ਹੈ। ਦੁਆ ਵਿਚ ਕੋਈ ਧਾਰ ਨਹੀਂ ਹੁੰਦੀ, ਪਰ ਉਸ ਵਿਚ ਇਕ ਅਜਿਹੀ ਰੌਸ਼ਨੀ ਹੁੰਦੀ ਹੈ, ਜੋ ਦਿਲਾਂ ਦੇ ਹਨ੍ਹੇਰੇ ਨੂੰ ਹੌਲੀ-ਹੌਲੀ ਪਿਆਰ ’ਚ ਘੋਲ ਦਿੰਦੀ ਹੈ।

ਅਸਲ ਵਿਚ ਸੱਚ ਦੀ ਤਾਕਤ ਉਸਦੇ ਸ਼ਬਦਾਂ ਵਿਚ ਨਹੀਂ ਹੁੰਦੀ, ਉਹ ਉਸਦੇ ਲਹਿਜ਼ੇ ਵਿਚ ਹੁੰਦੀ ਹੈ। ਸ਼ਬਦ ਕਈ ਵਾਰ ਕਠੋਰ ਹੁੰਦੇ ਹਨ, ਪਰ ਲਹਿਜ਼ਾ ਉਨ੍ਹਾਂ ਨੂੰ ਮਿੱਠਾ ਕਰ ਸਕਦਾ ਹੈ। ਜਦ ਇਨਸਾਨ ਇਹ ਕਲਾ ਸਿੱਖ ਲੈਂਦਾ ਹੈ, ਉਹ ਰਿਸ਼ਤਿਆਂ ਨੂੰ ਵੀ ਬਚਾ ਲੈਂਦਾ ਹੈ ਅਤੇ ਆਪਣੀ ਰੂਹ ਨੂੰ ਵੀ ਮਰਨ ਨਹੀਂ ਦਿੰਦਾ।

ਅਧਿਆਤਮਕ ਨਜ਼ਰੀਏ ਨਾਲ ਵੇਖੀਏ ਤਾਂ ਸੱਚ ਕੁਦਰਤ ਦੀ ਹੀ ਇੱਕ ਝਲਕ ਹੈ, ਜੋ ਸਜ਼ਾ ਵਾਂਗ ਨਹੀਂ ਦਿੰਦਾ, ਉਹ ਕਰੁਣਾ ਵਰਗੀ ਹੁੰਦੀ ਹੈ। ਕਰੁਣਾ ਮਨੁੱਖਤਾ ਦੀ ਸਭ ਤੋਂ ਉੱਚੀ ਅਵਸਥਾ ਹੈ। ਜਦੋਂ ਅਹੰਕਾਰ ਘਟਦਾ ਹੈ ਤੇ ਦਿਲ ਵੱਡਾ ਹੁੰਦਾ ਹੈ, ਤਾਂ ਕਰੁਣਾ ਆਪਣੇ ਆਪ ਜਨਮ ਲੈਂਦੀ ਹੈ।

ਕੁਦਰਤ ਵੀ ਸਾਨੂੰ ਸਬਕ ਚੀਖ ਕੇ ਨਹੀਂ ਦਿੰਦੀ; ਉਹ ਹੌਲੀ-ਹੌਲੀ ਸਬਕ ਸਿਖਾਉਂਦੀ ਹੈ, ਹਵਾ ਦੀ ਨਰਮੀ ਨਾਲ, ਮੀਂਹ ਦੀ ਬੂੰਦ ਨਾਲ, ਸਮੇਂ ਦੀ ਚੁੱਪ ਨਾਲ।

ਇਸ ਲਈ ਜਦੋਂ ਜ਼ਿੰਦਗੀ ਅਜਿਹੇ ਮੋੜ ’ਤੇ ਲਿਆ ਕੇ ਖੜ੍ਹੀ ਕਰ ਦੇਵੇ, ਤਾਂ ਸੱਚ ਨੂੰ ਨਾ ਦੱਬੋ ਤੇ ਨਾ ਹੀ ਉਸਨੂੰ ਹਥਿਆਰ ਬਣਾਓ। ਉਸਨੂੰ ਇਕ ਦੀਵੇ ਵਾਂਗ ਬਾਲੋ - ਜਿਸ ਦੀ ਰੌਸ਼ਨੀ ਵਿਚ ਰਿਸ਼ਤੇ ਵੀ ਦਿਸਣ ਅਤੇ ਦਿਲ ਵੀ ਕਿਉਂਕਿ ਸੱਚ ਜਦੋਂ ਦੁਆ ਬਣ ਕੇ ਬੋਲਿਆ ਜਾਂਦਾ ਹੈ, ਤਾਂ ਉਹ ਸਿਰਫ਼ ਗੱਲ ਨਹੀਂ ਰਹਿੰਦਾ, ਉਹ ਦਿਲਾਂ ਨੂੰ ਜੋੜਣ ਵਾਲੀ ਰੌਸ਼ਨੀ ਬਣ ਜਾਂਦਾ ਹੈ। ਤੇ ਲੋਅ ਰੌਸ਼ਨੀ ਰਿਸ਼ਮਾਂ ਸਦਾ ਨਵੇਂ-ਨਵੇਂ ਰਾਹ ਦਿਖਾਉਂਦੀਆਂ ਆਈਆਂ ਹਨ, ਜੀਵਨ ਪੰਧ ਨੂੰ ਪਿਆਰਦੀਆਂ ਸ਼ਿੰਗਾਰਦੀਆਂ, ਜਿਵੇਂ ਲੋਕ ਘਰ ਬਣਾਉਂਦੇ-ਸਜਾਉਂਦੇ ਰਹਿੰਦੇ ਹਨ, ਸਾਰੀ-ਸਾਰੀ ਉਮਰ।

ਉਹ ਛੋਟੀਆਂ-ਛੋਟੀਆਂ ਮੁਸਕਾਨਾਂ, ਨਰਮ ਛੁਹਾਰਾਂ, ਜੋ ਦਿਨਾਂ ਦੀ ਰੁਟੀਨ ਵਿਚ ਪਲ-ਪਲ ਫੁੱਲਦੇ ਰਹਿੰਦੇ ਹਨ, ਹਰ ਇਕ ਰੋਜ਼ ਇਕ ਨਵੀਂ ਚਮਕ ਲਿਆਉਂਦੀਆਂ ਹਨ। ਜਿਵੇਂ ਸਵੇਰ ਦੀ ਸੱਜਰੀ ਧੁੱਪ ਕਮਰੇ ਵਿਚ ਨਰਮ ਰੌਸ਼ਨੀ ਵਾਂਗ ਚੜ੍ਹਦੀ ਹੈ, ਰਿਸ਼ਤੇ ਵੀ ਅਜਿਹੇ ਹੀ ਹੌਲੇ ਪਰ ਮਜ਼ਬੂਤ, ਜ਼ਿੰਦਗੀ ਦੇ ਹਰ ਸੁਰ ਵਿਚ ਤਾਣ ਤੇ ਤਾਲ ਮਿਲਾਉਂਦੇ, ਕਦੇ ਗ਼ਮਾਂ ਨੂੰ ਸਹਾਰਦੇ, ਕਦੇ ਖੁਸ਼ੀਆਂ ਨਾਲ ਭਰਦੇ, ਅਤੇ ਹਮੇਸ਼ਾ ਇੱਕ ਘਰ ਦੀ ਤਰ੍ਹਾਂ ਸੁਰੱਖਿਅਤ ਅਤੇ ਸਜਾਇਆ ਹੋਇਆ ਰੱਖਦੇ ਹਨ।

ਜਿਸ ਤਰ੍ਹਾਂ ਘਰ ਦੀਆਂ ਕੰਧਾਂ ਵਿਚ ਸਹਿਯੋਗ ਅਤੇ ਪਿਆਰ ਰੰਗ ਲਿਆਉਂਦੇ ਹਨ, ਉਸੇ ਤਰ੍ਹਾਂ ਇਹ ਰਿਸ਼ਤੇ ਵੀ ਸਾਡੀ ਰੂਹ ਦੀਆਂ ਕੰਧਾਂ ਨੂੰ ਰੰਗਾਂ ਅਤੇ ਰੌਸ਼ਨੀਆਂ ਨਾਲ ਭਰਦੇ ਹਨ।

ਦੋਸਤੋ ਦੇਖਿਓ ਕਿਤੇ ਰਿਸ਼ਤੇ ਤਿੜਕ ਨਾ ਜਾਣ

ਯਾਰੀਆਂ ਖੁਰ ਨਾ ਜਾਣ

# ਲੋਕ-ਗਾਇਕੀ ਦੀ ਸਦਾਬਹਾਰ ਆਵਾਜ਼ : ਆਸਾ ਸਿੰਘ ਮਸਤਾਨਾ

ਬਲਦੇਵ ਸਿੰਘ ਬੇਦੀ
ਜਲੰਧਰ
90419-25181
ਪੰਜਾਬ ਮੇਲ USA



ਪੰਜਾਬੀ ਗਾਇਕੀ ਦੇ ਇਤਿਹਾਸ ਵਿਚ ਜੇਕਰ ਕਿਸੇ ਆਵਾਜ਼ ਨੂੰ ਸੁਰਾਂ ਦੀ ਪਵਿੱਤਰਤਾ, ਸਾਹਿਤਕ ਸੁਚੱਜਾਪਨ ਅਤੇ ਸਾਫ਼-ਸੁਥਰੀ ਗਾਇਕੀ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ, ਤਾਂ ਉਹ ਨਿਸ਼ਚਿਤ ਤੌਰ 'ਤੇ ਆਸਾ ਸਿੰਘ ਮਸਤਾਨਾ ਦੀ ਆਵਾਜ਼ ਹੀ ਹੈ। ਉਨ੍ਹਾਂ ਦੀ ਗਾਇਕੀ ਮਨੋਰੰਜਨ ਤੱਕ ਸੀਮਿਤ ਨਹੀਂ ਰਹੀ, ਬਲਕਿ ਉਹ ਪੰਜਾਬੀ ਸੱਭਿਆਚਾਰ, ਲੋਕ-ਚੇਤਨਾ ਅਤੇ ਸਾਹਿਤਕ ਮੁੱਲਾਂ ਦੀ ਇੱਕ ਸੰਵੇਦਨਸ਼ੀਲ ਪ੍ਰਸਤੁਤੀ ਬਣ ਕੇ ਉਭਰੀ।

ਆਸਾ ਸਿੰਘ ਮਸਤਾਨਾ ਦਾ ਜਨਮ 22 ਅਗਸਤ, 1927 ਨੂੰ ਸ਼ੇਖੂਪੁਰ (ਮੌਜੂਦਾ ਪਾਕਿਸਤਾਨ) ਵਿਚ ਪਿਤਾ ਸ. ਪ੍ਰੀਤਮ ਸਿੰਘ ਅਤੇ ਮਾਤਾ ਅਮਰ ਕੌਰ ਜੀ ਦੇ ਗ੍ਰਹਿ ਵਿਖੇ ਹੋਇਆ। ਬਚਪਨ ਤੋਂ ਹੀ ਸੰਗੀਤ ਵੱਲ ਰੁਝਾਨ ਰੱਖਣ ਵਾਲੇ ਮਸਤਾਨਾ ਜੀ ਨੇ ਸੰਗੀਤ ਦੀ ਮੁੱਢਲੀ ਸਿੱਖਿਆ ਪੰਡਿਤ ਦੁਰਗਾ ਪ੍ਰਸਾਦ ਤੋਂ ਪ੍ਰਾਪਤ ਕੀਤੀ। ਰੱਬ ਵੱਲੋਂ ਮਿਲੀ ਸੁਰੀਲੀ ਆਵਾਜ਼ ਨੂੰ ਉਨ੍ਹਾਂ ਨੇ ਲਗਾਤਾਰ ਸਾਧਨਾ ਨਾਲ ਹੋਰ ਵੀ ਨਿਖਾਰਿਆ।

ਦੇਸ਼ ਦੀ ਵੰਡ ਤੋਂ ਬਾਅਦ ਮਸਤਾਨਾ ਜੀ ਦਾ ਪਰਿਵਾਰ ਦਿੱਲੀ ਆ ਵਸਿਆ। ਇੱਥੇ ਉਨ੍ਹਾਂ ਨੇ ਰਿਜ਼ਰਵ ਬੈਂਕ ਆਫ਼ ਇੰਡੀਆ ਵਿਚ ਨੌਕਰੀ ਕੀਤੀ। ਨੌਕਰੀ ਦੇ ਨਾਲ-ਨਾਲ ਗਾਇਕੀ ਨੂੰ ਲਗਨ ਨਾਲ ਨਿਭਾਉਣਾ ਉਨ੍ਹਾਂ ਦੇ ਸਮਰਪਣ ਅਤੇ ਦ੍ਰਿੜ੍ਹ ਇਰਾਦੇ ਦਾ ਸਪੱਸ਼ਟ ਪ੍ਰਮਾਣ ਹੈ। ਸੰਨ 1949 ਵਿਚ ਅਕਾਸ਼ਵਾਣੀ ਤੋਂ ਪ੍ਰਸਾਰਿਤ ਹੋਇਆ ਉਨ੍ਹਾਂ ਵਲੋਂ ਗਾਇਆ ਪਹਿਲਾ ਗੀਤ 'ਠੰਡੀਏ ਹਵਾਏ, ਕਿਹੜੇ ਪਾਸਿਉਂ ਤੂੰ ਆਈ ਏਂ", ਪੰਜਾਬੀ ਸੰਗੀਤ ਜਗਤ ਵਿਚ ਉਨ੍ਹਾਂ ਦੀ ਕਾਮਯਾਬ ਦਸਤਕ ਸਾਬਤ ਹੋਇਆ।

ਮਸਤਾਨਾ ਜੀ ਪੰਜਾਬੀ ਗਾਇਕੀ ਦੇ ਉਨ੍ਹਾਂ ਗਿਣੇ-ਚੁਣੇ ਕਲਾਕਾਰਾਂ ਵਿਚੋਂ ਸਨ, ਜਿਨ੍ਹਾਂ ਨੇ ਸਿਰਫ਼ ਸੁਰਾਂ ਨਾਲ ਹੀ ਨਹੀਂ, ਸਗੋਂ ਉੱਚ ਸਿੱਖਿਆ ਰਾਹੀਂ ਵੀ ਆਪਣੀ ਵੱਖਰੀ ਪਛਾਣ ਬਣਾਈ। ਵੰਡ ਤੋਂ ਪਹਿਲਾਂ ਲਾਹੌਰ ਦੇ ਖ਼ਾਲਸਾ ਕਾਲਜ ਤੋਂ ਬੀ.ਏ. ਦੀ ਪੜ੍ਹਾਈ ਕਰਨ ਵਾਲੇ ਮਸਤਾਨਾ ਜੀ ਦੀ ਗਾਇਕੀ ਵਿਚ ਸਾਹਿਤਕ ਸੁਚੱਜਾਪਣ, ਕਵਿਤਾ ਦੀ ਡੂੰਘੀ ਸਮਝ ਅਤੇ ਭਾਵਨਾਵਾਂ ਦੀ ਸੰਵੇਦਨਸ਼ੀਲ ਪੇਸ਼ਕਾਰੀ ਇੱਕ ਸੂਝਵਾਨ ਕਲਾਕਾਰ ਦੀ ਗਵਾਹੀ ਦਿੰਦੀ ਹੈ। ਵਿਅਕਤੀਗਤ ਤੌਰ 'ਤੇ ਵੀ ਮਸਤਾਨਾ ਜੀ ਦੀ ਸ਼ਖ਼ਸੀਅਤ ਖਾਸ ਆਕਰਸ਼ਣ ਰੱਖਦੀ ਸੀ। ਗੋਲ-ਮਟੋਲ ਚਿਹਰਾ, ਕੱਸ ਕੇ ਬੰਨ੍ਹੀ ਦਾੜ੍ਹੀ ਅਤੇ ਮਾਵੇ ਨਾਲ ਘੁੱਟ ਕੇ ਬੰਨ੍ਹੀ ਪੱਗ ਉਨ੍ਹਾਂ ਦੀ ਸੁਲਝੀ ਹੋਈ ਸੋਚ ਅਤੇ ਸਲੀਕੇਦਾਰ ਜੀਵਨ-ਸ਼ੈਲੀ ਨੂੰ ਦਰਸਾਉਂਦੀ ਸੀ। ਮਧਰੇ ਕਦ ਦੀ ਚਾਲ-ਢਾਲ ਵਿਚ ਰਚਿਆ ਹੋਇਆ ਰੋਹਬ ਉਨ੍ਹਾਂ ਨੂੰ ਅਜਿਹੀ ਟੌਹਰ ਬਖ਼ਸ਼ਦਾ ਸੀ ਕਿ ਉਹ ਕਿਸੇ ਵੀ ਮਹਿਫ਼ਿਲ ਵਿਚ ਆਪਣੀ ਹਾਜ਼ਰੀ ਦਰਜ ਕਰਵਾ ਹੀ ਦਿੰਦੇ ਸਨ।



ਲੋਕ-ਗਾਇਕ ਆਸਾ ਸਿੰਘ ਮਸਤਾਨਾ ਪੰਜਾਬ ਦੀ ਕੋਇਲ ਸੁਰਿੰਦਰ ਕੌਰ ਜੀ ਨਾਲ



ਪੰਜਾਬੀ ਗਾਇਕੀ ਵਿਚ ਮਸਤਾਨਾ ਜੀ ਦੀ ਸਭ ਤੋਂ ਯਾਦਗਾਰ ਪਛਾਣ ਉਨ੍ਹਾਂ ਦੀਆਂ ਜੋੜੀਆਂ ਰਾਹੀਂ ਬਣੀ। ਖ਼ਾਸ ਕਰਕੇ ਸੁਰਿੰਦਰ ਕੌਰ ਨਾਲ ਲਗਭਗ ਚਾਰ ਦਹਾਕਿਆਂ ਤੱਕ ਚੱਲੀ ਗਾਇਕੀ ਦੀ ਸਾਂਝ ਨੇ ਪੰਜਾਬੀ ਸੰਗੀਤ ਨੂੰ ਅਨੇਕਾਂ ਹੀ ਅਮਰ ਗੀਤ ਦਿੱਤੇ। ਇਸ ਤੋਂ ਇਲਾਵਾ ਪ੍ਰਕਾਸ਼ ਕੌਰ ਅਤੇ ਪੁਸ਼ਪਾ ਹੰਸ ਨਾਲ ਗਾਏ ਗੀਤ ਵੀ ਸਰੋਤਿਆਂ ਵਿਚ ਖ਼ੂਬ ਲੋਕਪ੍ਰਿਯ ਰਹੇ। ਭਾਵੇਂ ਮਸਤਾਨਾ ਜੀ ਵੱਲੋਂ ਗਾਏ ਗੀਤਾਂ ਦੀ ਗਿਣਤੀ ਬਹੁਤੀ ਵੱਡੀ ਨਹੀਂ, ਪਰ ਉਨ੍ਹਾਂ ਗੀਤਾਂ ਦੀ ਉਮਰ ਬੇਹੱਦ ਲੰਮੀ ਹੈ। ਲੋਕ-ਗੀਤਾਂ ਵਿਚ ਉਨ੍ਹਾਂ ਦੀ ਗਾਈ 'ਜੁਗਨੀ' ਅਤੇ 'ਹੀਰ' ਨੇ ਵਿਲੱਖਣ ਪਛਾਣ ਬਣਾਈ। 'ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ', 'ਕੁੰਡਲਾਂ ਨੂੰ ਪੁੱਛ ਗੋਰੀਏ' ਅਤੇ 'ਮੇਲੇ ਨੂੰ ਚੱਲ ਮੇਰੇ ਨਾਲ ਕੁੜੇ' ਵਰਗੇ ਗੀਤ ਉਨ੍ਹਾਂ ਦੀ ਰਾਗਾਤਮਕ ਸਮਝ ਅਤੇ ਸੁਰ-ਸੰਯਮ ਦਾ ਜਿਉਂਦਾ-ਜਾਗਦਾ ਪ੍ਰਮਾਣ ਹਨ। 'ਗੁਰੂ ਤੇਗ ਬਹਾਦਰ ਪਿਆਰਾ ਦਿੱਲੀ ਦੇ ਦਿਲ ਵਿਚ ਬੋਲਿਆ' ਅਤੇ 'ਚਾਂਦਨੀ ਚੌਂਕ ਦੀਏ ਧਰਤੀਏ' ਵਰਗੇ ਸ਼ਬਦ-ਰਚਿਤ ਗੀਤਾਂ ਰਾਹੀਂ ਵੀ ਉਨ੍ਹਾਂ ਨੇ ਸਿੱਖ ਸ਼ਹਾਦਤ ਨੂੰ ਅਜਿਹੀ ਭਾਵਪੂਰਣ ਅਵਾਜ਼ ਦਿੱਤੀ ਕਿ ਸਰੋਤਿਆਂ ਦੇ ਮਨਾਂ ਵਿਚ ਸ਼ਰਧਾ ਅਤੇ ਸਿਮਰਨ ਦੀ ਲਹਿਰ ਦੌੜ ਪਈ।

ਇਸ ਤੋਂ ਇਲਾਵਾ ਮਸਤਾਨਾ ਜੀ ਨੇ ਗੰਭੀਰ ਸਾਹਿਤਕ ਰਚਨਾਵਾਂ ਨੂੰ ਵੀ ਆਪਣੀ ਆਵਾਜ਼ ਦੇ ਕੇ ਅਮਰਤਾ ਬਖ਼ਸ਼ੀ। 'ਮੈਨੂੰ ਤੇਰਾ ਸ਼ਬਾਬ ਲੈ ਬੈਠਾ' ਅਤੇ 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ' ਜਿਹੇ ਗੀਤ ਅੱਜ ਵੀ ਰੂਹ ਨੂੰ ਛੂਹ ਲੈਂਦੇ ਹਨ। ਹਾਸ-ਰਸ ਵਾਲੇ ਗੀਤਾਂ ਵਿਚ ਵੀ ਮਸਤਾਨਾ ਜੀ ਦਾ ਕੋਈ ਸਾਨੀ ਨਹੀਂ। 'ਪੰਡਤ ਜੀ ਕੀ ਇਹ ਲਾਲ ਮੇਰਾ', 'ਮੈਨੂੰ ਲੋਕਾਂ ਦਿੱਤੀ ਵਧਾਈ ਕਾਕਾ ਜੰਮ ਪਿਆ', 'ਪੇਕੇ ਜਾਣ ਵਾਲੀਏ' ਅਤੇ 'ਮੰਜਾ ਬਾਲਮਾ' ਵਰਗੇ ਗੀਤ ਉਨ੍ਹਾਂ ਦੀ ਗਾਇਕੀ ਦੇ ਵਿਸਤਾਰ ਅਤੇ ਰੰਗੀਨ ਮਿਜ਼ਾਜ ਨੂੰ ਦਰਸਾਉਂਦੇ ਹਨ।

ਪੰਜਾਬੀ ਗੀਤਾਂ ਤੋਂ ਇਲਾਵਾ ਉਨ੍ਹਾਂ ਨੇ 1964 ਵਿਚ ਆਈ ਹਿੰਦੀ ਫ਼ਿਲਮ 'ਦੂਜ ਕਾ ਚਾਂਦ' ਵਿਚ ਵੀ ਆਪਣੀ ਆਵਾਜ਼ ਦਾ ਜਾਦੂ ਬਿਖੇਰਿਆ। ਇਸ ਫ਼ਿਲਮ ਦਾ ਗੀਤ 'ਲੋ ਆਪਣਾ ਜਹਾਨ ਦੁਨੀਆਂ ਵਾਲੋ' ਅੱਜ ਵੀ ਯਾਦ ਕੀਤਾ ਜਾਂਦਾ ਹੈ।

ਪੰਜਾਬੀ ਗਾਇਕੀ ਲਈ ਉਨ੍ਹਾਂ ਵਲੋਂ ਪਾਏ ਅਮੁੱਲੇ ਯੋਗਦਾਨ ਨੂੰ ਸਵੀਕਾਰ ਕਰਦਿਆਂ ਭਾਰਤ ਸਰਕਾਰ ਵੱਲੋਂ 1985 ਵਿਚ ਉਨ੍ਹਾਂ ਨੂੰ ਦੇਸ਼ ਦੇ ਮਾਣਮੱਤੇ ਸਨਮਾਨ 'ਪਦਮ ਸ਼੍ਰੀ' ਨਾਲ ਨਿਵਾਜਿਆ ਗਿਆ। 1986 ਵਿਚ ਸੰਗੀਤ ਨਾਟਕ ਅਕੈਡਮੀ ਵੱਲੋਂ ਮਿਲਿਆ ਸਨਮਾਨ ਵੀ ਉਨ੍ਹਾਂ ਦੇ ਜੀਵਨ ਦੀ ਵੱਡੀ ਉਪਲੱਬਧੀ ਸੀ। ਇਸ ਤੋਂ ਇਲਾਵਾ ਹੋਰ ਅਨੇਕਾਂ ਸਨਮਾਨ ਉਨ੍ਹਾਂ ਦੀ ਕਲਾਤਮਕ ਸਫ਼ਰ ਦੇ ਗਵਾਹ ਹਨ।

23 ਮਈ 1999 ਨੂੰ ਆਸਾ ਸਿੰਘ ਮਸਤਾਨਾ ਆਪਣੇ ਅਣਗਿਣਤ ਪ੍ਰਸ਼ੰਸਕਾਂ ਅਤੇ ਸੰਗੀਤ-ਪ੍ਰੇਮੀਆਂ ਨੂੰ ਸਦਾ ਲਈ ਅਲਵਿਦਾ ਕਹਿ ਗਏ, ਪਰ ਉਨ੍ਹਾਂ ਦੀ ਆਵਾਜ਼ ਅੱਜ ਵੀ ਜਿਉਂਦੀ ਹੈ। ਉਨ੍ਹਾਂ ਦੇ ਗਾਏ ਗੀਤ ਅੱਜ ਵੀ ਅਕਾਸ਼ਵਾਣੀ ਦੇ ਫ਼ਰਮਾਇਸ਼ੀ ਪ੍ਰੋਗਰਾਮਾਂ ਦਾ ਅਟੁੱਟ ਹਿੱਸਾ ਹਨ, ਜੋ ਉਨ੍ਹਾਂ ਦੀ ਲੋਕਪ੍ਰਿਯਤਾ ਅਤੇ ਕਲਾਤਮਕ ਉਚਾਈ ਦਾ ਸਪਸ਼ਟ ਸਬੂਤ ਹਨ।

ਆਸਾ ਸਿੰਘ ਮਸਤਾਨਾ ਪੰਜਾਬੀ ਗਾਇਕੀ ਦੇ ਉਹ ਸੰਪੂਰਨ ਗਾਇਕ ਸਨ, ਜੋ ਸੂਝਵਾਨ, ਅਸੂਲਵਾਨ ਅਤੇ ਵਿਲੱਖਣ ਸ਼ਖ਼ਸੀਅਤ ਦੇ ਮਾਲਕ ਸਨ ਅਤੇ ਜੋ ਹਮੇਸ਼ਾ ਹੀ ਪੰਜਾਬੀ ਸੰਗੀਤ ਦੇ ਇਤਿਹਾਸ ਵਿਚ ਮਾਣ ਅਤੇ ਗੌਰਵ ਨਾਲ ਯਾਦ ਕੀਤੇ

> *ਸਭ ਤੋਂ ਯਾਦਗਾਰ ਪਛਾਣ ਉਨ੍ਹਾਂ ਦੀਆਂ ਜੋੜੀਆਂ ਰਾਹੀਂ ਬਣੀ। ਖ਼ਾਸ ਕਰਕੇ ਸੁਰਿੰਦਰ ਕੌਰ ਨਾਲ ਲਗਭਗ ਚਾਰ ਦਹਾਕਿਆਂ ਤੱਕ ਚੱਲੀ ਗਾਇਕੀ ਦੀ ਸਾਂਝ ਨੇ ਪੰਜਾਬੀ ਸੰਗੀਤ ਨੂੰ ਅਨੇਕਾਂ ਹੀ ਅਮਰ ਗੀਤ ਦਿੱਤੇ। ਇਸ ਤੋਂ ਇਲਾਵਾ ਪ੍ਰਕਾਸ਼ ਕੌਰ ਅਤੇ ਪੁਸ਼ਪਾ ਹੰਸ ਨਾਲ ਗਾਏ ਗੀਤ ਵੀ ਸਰੋਤਿਆਂ ਵਿਚ ਖ਼ੂਬ ਲੋਕਪ੍ਰਿਯ ਰਹੇ।*

# ਨਿਆਣੇ

## ਕੰਡੇ ਦਾ ਕੰਡਾ

-ਡਾ.ਅਮਰੀਕ ਸਿੰਘ ਕੰਡਾ
1764 ਗੁਰੂ ਰਾਮ ਦਾਸ ਨਗਰ ਨੇੜੇ
ਨੈਸਲੇ ਮੋਗਾ-142001 ਪੰਜਾਬ
98557-35666
ਪੰਜਾਬ ਮੇਲ USA



ਮੈਂ ਪੰਦਰਾਂ ਸਾਲਾਂ ਬਾਅਦ ਇੰਡੀਆ ਆਇਆ। ਬਚਪਨ ਤੋਂ ਮੈਨੂੰ ਖੁਦ ਸਬਜ਼ੀ-ਭਾਜ਼ੀ ਖਰੀਦਣ ਦਾ ਸ਼ੌਕ ਹੈ। ਮੈਂ ਹਰ ਰੋਜ਼ ਸਬਜ਼ੀ ਮੰਡੀ ਤੋਂ ਸਬਜ਼ੀ ਲੈਣ ਜਾਂਦਾ, ਤਾਂ ਇਕ ਸਰਦਾਰ ਜੀ ਸਿਰ 'ਤੇ ਪਾਟਿਆ ਜਿਹਾ ਪਰਨਾ ਬੰਨ੍ਹਿਆ ਤੇ ਰੇਹੜੀ 'ਤੇ ਧਨੀਆਂ, ਮੂਲੀਆਂ, ਮੇਥੇ-ਮੇਥੀ ਵੇਚ ਰਹੇ ਸੀ। ਮੈਨੂੰ ਪਤਾ ਨਹੀਂ ਕਿਉਂ ਲੱਗਾ, ਮੈਂ ਇਨ੍ਹਾਂ ਨੂੰ ਕਿਤੇ ਵੇਖਿਆ ਹੈ। ਸੋਚਿਆ ਮਨ ਦਾ ਵਹਿਮ ਹੈ, ਭੁਲੇਖਾ ਹੈ। ਦੋ-ਤਿੰਨ ਦਿਨ ਇਸੇ ਕਸ਼ਮਕਸ਼ 'ਚ ਸੋਚਦੇ ਹੋਏ ਲੰਘ ਗਏ। ਅੱਜ ਜਦੋਂ ਮੈਂ ਸਰਦਾਰ ਜੀ ਵੱਲ ਗੌਰ ਨਾਲ ਵੇਖਿਆ ਤੇ ਉਨ੍ਹਾਂ ਨੇ ਮੇਰੇ ਵੱਲ ਅੱਖਾਂ 'ਚ ਅੱਖਾਂ ਪਾ ਕੇ ਵੇਖਿਆ ਤੇ ਬੋਲੇ,

"ਲੈ ਜਾ ਪੁੱਤ ਦਸਾਂ ਦੀਆਂ ਬਾਰ੍ਹਾਂ ਗੁਟੀਆਂ।" ਤਾਂ ਆਵਾਜ਼ ਤੋਂ ਮੈਨੂੰ ਇਕਦਮ ਯਾਦ ਆਇਆ ਇਨ੍ਹਾਂ ਦੀ ਤਾਂ ਆੜ੍ਹਤ ਹੁੰਦੀ ਸੀ, ਨੌਕਰ-ਚਾਕਰ ਹੁੰਦੇ ਸੀ।

ਮੈਂ ਕਿਹਾ, "ਸਰਦਾਰ ਜੀ ਇਹ ਸਭ ਕਿਵੇਂ ਹੋ ਗਿਆ....?"

ਸਰਦਾਰ ਜੀ ਦੇ ਅੱਖਾਂ 'ਚੋਂ ਹੰਝੂ ਵੇਖ ਕੇ ਮੇਰੇ ਅੱਖਾਂ 'ਚੋਂ ਹੰਝੂ ਵਹਿ ਤੁਰੇ। ਉਨ੍ਹਾਂ ਨੇ ਮੈਨੂੰ ਗਲਵਕੜੀ 'ਚ ਲੈ ਲਿਆ ਤੇ ਮੈਨੂੰ ਕਹਿੰਦੇ,

"ਕੁਛ ਨਈਂ ਪੁੱਤ ਨਿਆਣੇ ਵੱਡੇ ਹੋ



# ਪੰਜਾਬੀ ਫ਼ਿਲਮ ਅਦਾਕਾਰ ਯੋਗਰਾਜ ਸਿੰਘ

ਅੰਗਰੇਜ ਸਿੰਘ ਵਿਰਦੀ
ਅੰਮ੍ਰਿਤਸਰ
ਮੋਬਾਈਲ ਨੰ : 94646-28857
ਪੰਜਾਬ ਮੇਲ USA



ਯੋਗਰਾਜ ਸਿੰਘ ਪੰਜਾਬੀ ਸਿਨਮੇ ਦਾ ਉਹ ਮਾਣਮੱਤਾ ਕਲਾਕਾਰ ਹੈ, ਜਿਨ੍ਹਾਂ ਨੂੰ ਪੰਜਾਬੀ ਫ਼ਿਲਮਾਂ ਵਿਚ ਆਪਣੀ ਦਮਦਾਰ ਆਵਾਜ਼, ਰੋਹਬਦਾਰ ਚਿਹਰੇ ਅਤੇ ਆਪਣੇ ਖਾਸ ਅੰਦਾਜ਼ ਵਿਚ ਸੰਵਾਦ ਦੀ ਅਦਾਇਗੀ ਕਰਕੇ ਬੇਹੱਦ ਸ਼ੌਹਰਤ ਹਾਸਲ ਹੋਈ। ਪੌਲੀਵੁੱਡ ਵਿਚ ਪਿਛਲੇ ਚਾਰ ਦਹਾਕਿਆਂ ਤੋਂ ਆਪਣੀ ਅਦਾਕਾਰੀ ਨਾਲ ਪੰਜਾਬੀ ਸਿਨੇ ਪ੍ਰੇਮੀਆਂ ਦੇ ਦਿਲਾਂ ’ਤੇ ਰਾਜ ਕਰਨ ਵਾਲੇ ਯੋਗਰਾਜ ਸਿੰਘ ਹੁਣ ਤੱਕ ਆਪਣੀਆਂ ਫ਼ਿਲਮਾਂ ਵਿਚ ਨਾਇਕ, ਖਲਨਾਇਕ ਅਤੇ ਚਰਿੱਤਰ ਅਦਾਕਾਰ ਦੇ ਤੌਰ ’ਤੇ ਕਈ ਯਾਦਗਾਰ ਅਤੇ ਸ਼ਾਨਦਾਰ ਕਿਰਦਾਰ ਫ਼ਿਲਮੀ ਪਰਦੇ ’ਤੇ ਪੇਸ਼ ਕਰ ਚੁੱਕੇ ਹਨ।

**ਜਨਮ ਅਤੇ ਪਰਿਵਾਰਿਕ ਪਿਛੋਕੜ:-** ਇਨ੍ਹਾਂ ਦਾ ਜਨਮ 25 ਮਾਰਚ, 1958 ਨੂੰ ਪਿੰਡ ਕਨੇਚ, ਜ਼ਿਲ੍ਹਾ ਲੁਧਿਆਣਾ ਵਿਖੇ ਮਾਤਾ ਗੁਰਨਾਮ ਕੌਰ ਅਤੇ ਪਿਤਾ ਸ: ਭਾਗ ਸਿੰਘ ਦੇ ਘਰ ਹੋਇਆ। ਲੁਧਿਆਣੇ ਤੋਂ 15 ਕਿਲੋਮੀਟਰ ਦੀ ਦੂਰੀ ’ਤੇ ਅਤੇ ਸਾਹਨੇਵਾਲ ਤੋਂ 2 ਕਿਲੋਮੀਟਰ ਦੀ ਵਿੱਥ ’ਤੇ ਵੱਸਿਆ ਪਿੰਡ ਕਨੇਚ ਇਕ ਇਤਿਹਾਸਿਕ ਪਿੰਡ ਹੈ। ਇਨ੍ਹਾਂ ਦੇ ਪਿਤਾ ਕਨੇਚ ਪਿੰਡ ਦੇ ਵੱਡੇ ਜ਼ਿਮੀਂਦਾਰ ਸਨ ਅਤੇ ਬਹੁਤ ਹੀ ਦਲੇਰ, ਅਸਰ ਰਸੂਖ ਵਾਲੇ ਅਤੇ ਰੋਹਬਦਾਰ ਸ਼ਖਸੀਅਤ ਦੇ ਮਾਲਿਕ ਸਨ। ਪੈਦਾਇਸ਼ ਤੋਂ ਬਾਅਦ ਇਨ੍ਹਾਂ ਦੇ ਪਿਤਾ ਇਨ੍ਹਾਂ ਨੂੰ ਯੂ.ਪੀ. ਲੈ ਗਏ। ਜਦੋਂ ਅਜੇ ਇਹ 7 ਸਾਲ ਦੇ ਹੀ ਸਨ, ਤਾਂ ਇਨ੍ਹਾਂ ਦੇ ਪਿਤਾ ਜੀ ਪਰਿਵਾਰ ਸਹਿਤ ਯੂ.ਪੀ. ਤੋਂ ਚੰਡੀਗੜ੍ਹ ਆ ਵੱਸੇ।

**ਸਕੂਲੀ ਸਿੱਖਿਆ ਅਤੇ ਕ੍ਰਿਕਟ ਦਾ ਸ਼ੌਂਕ :-** ਚੰਡੀਗੜ੍ਹ ਆ ਕੇ ਇਨ੍ਹਾਂ ਦੇ ਪਿਤਾ ਨੇ ਇਨ੍ਹਾਂ ਨੂੰ ਚੰਡੀਗੜ੍ਹ ਦੇ ਮਸ਼ਹੂਰ ਕਾਨਵੈਂਟ ਸਕੂਲ ਸੈਂਟ ਜੋਹਨ ਹਾਈ ਸਕੂਲ ਵਿਚ ਦਾਖਲ ਕਰਵਾ ਦਿੱਤਾ। ਸਕੂਲ ਵਿਚ ਪੜ੍ਹਦਿਆਂ ਇਨ੍ਹਾਂ ਦਾ ਰੁਝਾਨ ਖੇਡਾਂ ਵੱਲ ਹੋ ਗਿਆ। ਸ਼ੁਰੂ-ਸ਼ੁਰੂ ਵਿਚ ਇਹ ਐਥਲੈਟਿਕਸ ਗੇਮ ਖੇਡਿਆ ਕਰਦਾ ਸਨ। ਐਥਲੈਟਿਕਸ ਵਿਚ ਇਨ੍ਹਾਂ ਦਾ ਪ੍ਰਦਰਸ਼ਨ ਕਾਫੀ ਵਧੀਆ ਚੱਲ ਰਿਹਾ ਸੀ ਪਰ ਇਨ੍ਹਾਂ ਦੇ ਸਕੂਲ ਦੇ ਕ੍ਰਿਕਟ ਟੀਮ ਦੇ ਕੋਚ ਨੇ ਇਨ੍ਹਾਂ ਨੂੰ ਐਥਲੈਟਿਕਸ ਛੱਡ ਕੇ ਕ੍ਰਿਕਟ ਖੇਡਣ ਦੀ ਸਲਾਹ ਦਿੱਤੀ। ਇਨ੍ਹਾਂ ਦੇ ਪਿਤਾ ਨਹੀਂ ਚਾਹੁੰਦੇ ਸਨ ਕਿ ਇਹ ਕ੍ਰਿਕਟ ਖੇਡਣ ਪਰ ਮਸ਼ਹੂਰ ਕ੍ਰਿਕਟ ਕੋਚ ਡੀ.ਪੀ. ਆਜ਼ਾਦ ਵੱਲੋਂ ਉਨ੍ਹਾਂ ਨੂੰ ਬਹੁਤ ਮਨਾਉਣ ’ਤੇ ਆਖਿਰ ਉਹ ਮੰਨ ਗਏ। ਇਸ ਤਰ੍ਹਾਂ ਇਹ ਐਥਲੈਟਿਕਸ ਤੋਂ ਕ੍ਰਿਕਟ ਵੱਲ ਮੁੜੇ।

ਸੰਨ 1976-77 ਤੱਕ ਘਰੇਲੂ ਕ੍ਰਿਕਟ ਟੀਮ ਵਿਚ ਵਧੀਆ ਪ੍ਰਦਰਸ਼ਨ ਕਰ ਰਹੇ ਯੋਗਰਾਜ ਉਪਰ ਉਦੋਂ ਦੁੱਖਾਂ ਦਾ ਪਹਾੜ ਆ ਡਿੱਗਾ, ਜਦੋਂ ਉਨ੍ਹਾਂ ਦੇ ਪਿਤਾ ਜੀ ਦੀ ਸਿਹਤ ਬੇਹੱਦ ਖਰਾਬ ਰਹਿਣ ਲੱਗੀ ਤੇ ਉਨ੍ਹਾਂ ਨੂੰ ਪਿਤਾ ਜੀ ਦੀ ਤੀਮਾਰਦਾਰੀ ਅਤੇ ਪਿੰਡ ਦੀਆਂ ਜ਼ਮੀਨਾਂ ਅਤੇ ਚੰਡੀਗੜ੍ਹ ਸਥਿਤ ਪੈਟਰੋਲ ਪੰਪ ਦੀ ਦੇਖ-ਰੇਖ ਲਈ ਕ੍ਰਿਕਟ ਨੂੰ ਅਲਵਿਦਾ ਕਹਿਣਾ ਪਿਆ। ਫਿਰ ਦੋ ਸਾਲ ਬਾਅਦ ਸੰਨ 1979 ਵਿਚ ਆਪਣੀ ਪਤਨੀ ਦੇ ਕਹਿਣ ’ਤੇ ਯੋਗਰਾਜ ਨੇ ਦੁਬਾਰਾ ਕ੍ਰਿਕਟ ਖੇਡਣੀ ਸ਼ੁਰੂ ਕੀਤੀ। ਸੰਨ 1981 ਵਿਚ ਨਿਊਜ਼ੀਲੈਂਡ ਦੇ ਦੌਰੇ ਲਈ ਯੋਗਰਾਜ ਦੀ ਚੋਣ ਭਾਰਤੀ ਕ੍ਰਿਕਟ ਟੀਮ ਵਿਚ ਇਕ ਮੀਡੀਅਮ ਤੇਜ਼ ਗੇਂਦਬਾਜ਼ ਦੇ ਤੌਰ ’ਤੇ ਹੋ ਗਈ। ਇਸ ਦੌਰੇ ਦੌਰਾਨ ਯੋਗਰਾਜ ਨੇ ਪਹਿਲਾ ਟੈਸਟ ਮੈਚ ਵੈਲਿੰਗਟਨ ਵਿਚ ਖੇਡਿਆ ਪਰ ਬਦਕਿਸਮਤੀ ਨਾਲ ਇਹ ਮੈਚ ਭਾਰਤੀ ਟੀਮ ਹਾਰ ਗਈ। ਯੋਗਰਾਜ ਨੇ ਭਾਰਤੀ ਟੀਮ ਵਿਚ ਇਕ ਟੈਸਟ ਮੈਚ ਅਤੇ 6 ਇਕ ਦਿਨਾਂ ਮੈਚ ਖੇਡੇ। ਕੁਝ ਆਪਣਿਆਂ ਦੇ ਦਿੱਤੇ ਧੋਖੇ ਕਰਕੇ ਯੋਗਰਾਜ ਦਾ ਲੰਬਾ ਸਮਾਂ ਕ੍ਰਿਕਟ ਖੇਡਣ ਦਾ ਸੁਪਨਾ ਚਕਨਾਚੂਰ ਹੋ ਗਿਆ। ਸੰਨ 1981 ਵਿਚ ਯੋਗਰਾਜ ਦੇ ਪਿਤਾ ਜੀ ਵੀ ਲੰਬੀ ਬੀਮਾਰੀ ਤੋਂ ਬਾਅਦ ਉਨ੍ਹਾਂ ਦਾ ਸਦਾ ਲਈ ਸਾਥ ਛੱਡ ਗਏ।

**ਪਹਿਲੀ ਪੰਜਾਬੀ ਫ਼ਿਲਮ:-** ਸੰਨ 1983 ਵਿਚ ਪੰਜਾਬੀ ਫ਼ਿਲਮਾਂ ਦੇ ਸੁਪਰ ਸਟਾਰ ਨਿਰਮਾਤਾ ਨਿਰਦੇਸ਼ਕ ਵਰਿੰਦਰ ਇਕ ਫ਼ਿਲਮ ਬਣਾ ਰਹੇ ਸਨ ‘ਬਟਵਾਰਾ’, ਜਿਸ ਵਿਚ ਖਲਨਾਇਕ ਦੇ ਰੋਲ ਲਈ ਉਹ ਨਵੇਂ ਚਿਹਰੇ ਦੀ ਤਲਾਸ਼ ਕਰ ਰਹੇ ਸਨ। ਇਕ ਦਿਨ ਜਦੋਂ ਉਹ ਯੋਗਰਾਜ ਸਿੰਘ ਦੇ ਪੈਟਰੋਲ ਪੰਪ ’ਤੇ ਗੱਡੀ ਲੈ ਕੇ ਆਏ, ਤਾਂ ਯੋਗਰਾਜ ਨੂੰ ਵੇਖਦੇ ਹੀ ਉਨ੍ਹਾਂ ਫੈਸਲਾ ਕੀਤਾ ਕਿ ਉਨ੍ਹਾਂ ਦੀ ਫਿਲਮ ‘ਬਟਵਾਰਾ’ ਦਾ ਮੁੱਖ ਖਲਨਾਇਕ ਯੋਗਰਾਜ ਹੀ ਹੋਵੇਗਾ। ਯੋਗਰਾਜ ਨਾਲ ਗੱਲ ਕਰਨ ’ਤੇ ਪਹਿਲਾਂ ਤਾਂ ਉਸਨੇ ਨਾਂਹ ਕਰ ਦਿੱਤੀ ਪਰ ਆਪਣੀ ਮਾਤਾ ਜੀ ਦੇ ਕਹਿਣ ’ਤੇ ਉਸਨੇ ਇਹ ਫ਼ਿਲਮ ਬਤੌਰ ਖਲਨਾਇਕ ਕਰਨ ਲਈ ‘ਹਾਂ’ ਕਹਿ ਦਿੱਤੀ। ਪੰਮੀ ਪਿਕਚਰਜ਼, ਬੰਬੇ ਦੇ ਬੈਨਰ ਹੇਠ ਬਣੀ ਫ਼ਿਲਮ ‘ਬਟਵਾਰਾ’ ਦਾ ਨਿਰਦੇਸ਼ਨ ਦਿੱਤਾ ਸੀ ਅਦਾਕਾਰ ਵਰਿੰਦਰ ਨੇ, ਜੋ ਫ਼ਿਲਮ ਦੇ ਨਾਇਕ ਵੀ ਸਨ। ਇਸ ਫ਼ਿਲਮ ਵਿਚ ਯੋਗਰਾਜ ਨੇ ਵਿਗੜੇ ਤੇ ਅੱਯਾਸ਼ ਜਗੀਰਦਾਰ ਜਰਨੈਲ ਸਿੰਘ ਦਾ ਕਿਰਦਾਰ ਅਦਾ ਕੀਤਾ ਸੀ। ਆਪਣੀ ਪਹਿਲੀ ਹੀ ਫ਼ਿਲਮ ਵਿਚ ਖੜਕਵੀ ਆਵਾਜ਼, ਰੋਹਬਦਾਰ ਚਿਹਰੇ ਅਤੇ ਠੇਠ ਪੰਜਾਬੀ ਉਚਾਰਣ ਦੇ ਬਲਬੂਤੇ ਯੋਗਰਾਜ ਫ਼ਿਲਮ ਦੇ ਬਾਕੀ ਕਿਰਦਾਰਾ ’ਤੇ ਭਾਰੀ ਪੈਂਦਾ ਨਜ਼ਰ ਆਇਆ। 12 ਅਗਸਤ 1983 ਨੂੰ ਪ੍ਰਦਰਸ਼ਿਤ ਹੋਈ ਇਸ ਫ਼ਿਲਮ ਨੂੰ ਦਰਸ਼ਕਾਂ ਦਾ ਭਰਵਾਂ ਪਿਆਰ ਮਿਲਿਆ। ਇਸ ਤਰ੍ਹਾਂ ਯੋਗਰਾਜ ਦੇ ਫ਼ਿਲਮੀ ਕੈਰੀਅਰ ਦਾ ਸ਼ਾਨਦਾਰ ਆਗਾਜ਼ ਹੋਇਆ। ਇਸ ਫ਼ਿਲਮ ਤੋਂ ਬਾਅਦ ਸੰਨ 1986 ਵਿਚ ਯੋਗਰਾਜ ਸਿੰਘ ਦੀ ਦੂਸਰੀ ਫ਼ਿਲਮ ‘ਯਾਰ ਗ਼ਰੀਬਾਂ ਦਾ’ ਬਤੌਰ ਹੀਰੋ ਫ਼ਿਲਮੀ ਪਰਦੇ ’ਤੇ ਆਈ। ਇਸ ਫ਼ਿਲਮ ਵਿਚ ਯੋਗਰਾਜ ਨੇ ਸ਼ਾਨਦਾਰ ਅਦਾਕਾਰੀ ਕਰਕੇ ਸਿਨੇ ਪ੍ਰੇਮੀਆਂ ਦੇ ਦਿਲਾਂ ਵਿਚ ਆਪਣੇ ਲਈ ਖ਼ਾਸ ਜਗ੍ਹਾ ਬਣਾਈ।

**ਨਾਇਕ ਦੇ ਤੌਰ ’ਤੇ ਫ਼ਿਲਮਾਂ ਵਿਚ ਕੰਮ:-** ਪੌਲੀਵੁੱਡ ਵਿਚ ਖਲਨਾਇਕੀ ਵਿਚ ਆਪਣੇ ਆਪ ਨੂੰ ਸਫ਼ਲਤਾ ਸਹਿਤ ਸਥਾਪਿਤ ਕਰਨ ਤੋਂ ਬਾਅਦ ਇਨ੍ਹਾਂ ਨੂੰ ਨਾਇਕ ਦੀਆਂ ਭੂਮਿਕਾਵਾਂ ਵਾਲੀਆਂ ਫ਼ਿਲਮਾਂ ਵੀ ਮਿਲਣ ਲੱਗੀਆਂ। ਨਾਇਕ ਦੇ ਤੌਰ ’ਤੇ ਇਨ੍ਹਾਂ ਦੀ ਪਹਿਲੀ ਫ਼ਿਲਮ ਸੀ ‘ਜ਼ੋਰਾ ਜੱਟ’। ਸੰਨ 1993 ਵਿਚ ਆਈ ਇਸ ਫ਼ਿਲਮ ਤੋਂ ਬਾਅਦ ਹੋਰ ਫ਼ਿਲਮਾਂ ਜਿਨ੍ਹਾਂ ਵਿਚ ਇਨ੍ਹਾਂ ਨੇ ਬਤੌਰ ਹੀਰੋ ਕੰਮ ਕੀਤਾ, ਉਨ੍ਹਾਂ ਵਿਚ ‘ਜੱਗਾ ਡਾਕੂ’, ‘ਜੱਟ ਸੁੱਚਾ ਸਿੰਘ ਸੂਰਮਾਂ’, ‘ਕੁੜੀ ਕਨੇਡਾ ਦੀ’, ‘ਇਨਸਾਫ਼ ਪੰਜਾਬ ਦਾ’, ‘ਜੱਟ ਪੰਜਾਬ ਦਾ’, ‘ਕਚਹਿਰੀ’, ‘ਜ਼ਖਮੀ ਜ਼ਗੀਰਦਾਰ’, ‘ਵਿਛੋੜਾ’, ‘ਜ਼ਖਮੀ ਸ਼ੇਰ’ ਅਤੇ ‘ਕਬਜ਼ਾ’ ਪ੍ਰਮੁੱਖ ਹਨ। ਲਹਿੰਦੇ ਪੰਜਾਬ ਦੇ ਸੁਪਰਸਟਾਰ ਅਦਾਕਾਰ ਮੁਸਤਫ਼ਾ ਕੁਰੈਸ਼ੀ ਨੂੰ ਅਦਾਕਾਰੀ ਵਿਚ ਆਪਣਾ ਗੁਰੂ ਸਮਝਣ ਵਾਲੇ ਯੋਗਰਾਜ ਨੇ ਬਤੌਰ ਨਿਰਦੇਸ਼ਕ ਵੀ ਕੁਝ ਫ਼ਿਲਮਾਂ ਕੀਤੀਆ ਜਿਨ੍ਹਾਂ ਵਿਚ ‘ਜੱਟ ਪੰਜਾਬ ਦਾ’ ਅਤੇ ‘ਜ਼ਖਮੀ ਜ਼ਗੀਰਦਾਰ’ ਪ੍ਰਮੁੱਖ ਹਨ।

**ਪੰਜਾਬੀ ਫ਼ਿਲਮਾਂ ਵਿਚ ਖਲਨਾਇਕ ਦੇ ਤੌਰ ’ਤੇ ਪ੍ਰਸਿੱਧੀ ਪ੍ਰਾਪਤ ਕਰਨਾ:-** ਸੰਨ 1989 ਵਿਚ ਇਨ੍ਹਾਂ ਦੀ ਤੀਸਰੀ ਫ਼ਿਲਮ ‘ਜੱਟ ਤੇ ਜ਼ਮੀਨ’ ਪ੍ਰਦਰਸ਼ਿਤ ਹੋਈ, ਜਿਸ ਵਿਚ ਇਹ ਤੇ ਅਦਾਕਾਰ ਗੁਗੂ ਗਿੱਲ ਪਹਿਲੀ ਵਾਰ ਇਕੱਠੇ ਨਜ਼ਰ ਆਏ ਸਨ। ਜਿਨ੍ਹਾਂ ਦੀ ਬਾਅਦ ਵਿਚ 90 ਦੇ ਦਹਾਕੇ ਵਿਚ ਹਿੱਟ ਜੋੜੀ ਬਣੀ ਤੇ ਦੋਵਾਂ ਨੇ ਇਕੱਠਿਆਂ ਕਈ ਯਾਦਗਾਰੀ ਫ਼ਿਲਮਾਂ ਕੀਤੀਆਂ। ਇਸ ਫ਼ਿਲਮ ਨੇ ਪੂਰੇ ਪੰਜਾਬ ਵਿਚ ਰਿਕਾਰਡਤੋੜ ਕਾਮਯਾਬੀ ਹਾਸਿਲ ਕੀਤੀ ਤੇ ਫ਼ਿਲਮ ਸੁਪਰਹਿੱਟ ਸਾਬਿਤ ਹੋਈ। ਇਸ ਫ਼ਿਲਮ ਦੀ ਸੂਟਿੰਗ ਦੌਰਾਨ ਅਦਾਕਾਰ ਵਰਿੰਦਰ ਦਾ ਕਤਲ ਹੋ ਗਿਆ ਸੀ। ਇਸ ਫ਼ਿਲਮ ਤੋਂ ਬਾਅਦ ਯੋਗਰਾਜ ਸਿੰਘ ਪੰਜਾਬੀ ਫ਼ਿਲਮਾਂ ਦਾ ਸਭ ਤੋਂ ਵੱਡਾ ਖਲਨਾਇਕ ਬਣ ਕੇ ਉਭਰਿਆ। ਖਲਨਾਇਕ ਦੇ ਤੌਰ ’ਤੇ ਇਨ੍ਹਾਂ ਦੀਆਂ ਪ੍ਰਮੁੱਖ ਫ਼ਿਲਮਾਂ ਸਨ ‘ਕੁਰਬਾਨੀ ਜੱਟ ਦੀ’, ‘ਦੁਸਮਣੀ ਦੀ ਅੱਗ’, ‘ਅਣਖ ਜੱਟਾਂ ਦੀ’, ‘ਬਦਲਾ ਜੱਟੀ ਦਾ’, ‘ਲਲਕਾਰਾ ਜੱਟੀ ਦਾ’, ‘ਜ਼ੋਰ ਜੱਟ ਦਾ’, ‘ਜਿੱਦ ਜੱਟਾਂ ਦੀ’, ‘ਮਹਿੰਦੀ ਸ਼ਗਨਾਂ ਦੀ’, ‘ਸੂਬੇਦਾਰ’, ‘ਮਹੌਲ ਠੀਕ ਹੈ’ ਅਤੇ ‘ਵੈਰੀ’।

‘ਸਿਕੰਦਰਾ’ ਇਨ੍ਹਾਂ ਦੀ 2001 ਵਿਚ ਆਈ ਆਖਰੀ ਫ਼ਿਲਮ ਸੀ, ਜਿਸ ਵਿਚ ਇਨ੍ਹਾਂ ਨੇ ਅਦਾਕਾਰ ਗੁੱਗੂ ਗਿੱਲ ਨਾਲ ਕਾਫੀ ਸਮੇਂ ਬਾਅਦ ਇਕੱਠਿਆਂ ਕੰਮ ਕੀਤਾ ਸੀ।

**ਬੌਲੀਵੁੱਡ ਦੀਆਂ ਫ਼ਿਲਮਾਂ ਵਿਚ ਆਗਮਨ:-** ਇਨ੍ਹਾਂ ਨੇ ਬਾਲੀਵੁੱਡ ਦੀਆਂ ਵੀ ਕੁਝ ਫ਼ਿਲਮਾਂ ਕੀਤੀਆਂ, ਜਿਨ੍ਹਾਂ ਵਿਚ 2011 ਵਿਚ ਆਈ ਹਿੰਦੀ ਫ਼ਿਲਮ ‘ਤੀਨ ਥੇ ਭਾਈ’, 2013 ਵਿਚ ‘ਭਾਗ ਮਿਲਖਾ ਭਾਗ’ ਅਤੇ 2015 ਵਿਚ ‘ਸਿੰਘ ਇਜ ਬਲਿੰਗ’ ਪ੍ਰਮੁੱਖ ਹਨ। ਚਰਚਿਤ ਫ਼ਿਲਮ ‘ਭਾਗ ਮਿਲਖਾ ਭਾਗ’ ਵਿਚ ਯੋਗਰਾਜ ਨੇ ਮਿਲਖਾ ਸਿੰਘ ਦੇ ਐਥਲੈਟਿਕਸ ਕੋਚ ਰਣਵੀਰ ਸਿੰਘ ਦਾ ਕਿਰਦਾਰ ਅਦਾ ਕੀਤਾ ਸੀ, ਜਿਸ ਨੂੰ ਦਰਸ਼ਕਾਂ ਤੇ ਫ਼ਿਲਮ ਸਮੀਖਿਅਕਾਂ ਦੀ ਭਰਪੂਰ ਵਾਹ ਵਾਹੀ ਮਿਲੀ।

**ਅਜੋਕੀ ਪੌਲੀਵੁੱਡ ਫ਼ਿਲਮ ਇੰਡਸਟਰੀ ਵਿਚ ਬਤੌਰ ਚਰਿੱਤਰ ਅਦਾਕਾਰ ਦੇ ਤੌਰ ’ਤੇ ਸਫ਼ਲ ਫ਼ਿਲਮੀ ਪਾਰੀ ਦਾ ਆਗਾਜ਼:-** ਇਕ ਸਫਲ ਖਲਨਾਇਕ, ਹੀਰੋ ਅਤੇ ਨਿਰਦੇਸ਼ਕ ਤੋਂ ਬਾਅਦ ਯੋਗਰਾਜ ਦੀ ਨਵੀਂ ਫ਼ਿਲਮੀ ਪਾਰੀ ਦਾ ਆਗਾਜ਼ ਹੋਇਆ ਚਰਿੱਤਰ ਅਦਾਕਾਰ ਦੇ ਤੌਰ ’ਤੇ ਫ਼ਿਲਮ ‘ਬਾਬਲ ਦਾ ਵਿਹੜਾ’ ਤੋਂ। ਇਸ ਫ਼ਿਲਮ ਤੋਂ ਬਾਅਦ ਇਨ੍ਹਾਂ ਨੇ ਬਹੁਤ ਸਾਰੀਆ ਫ਼ਿਲਮਾਂ ਵਿਚ ਅਦਾਕਾਰੀ ਕੀਤੀ, ਜਿਨ੍ਹਾਂ ਵਿਚ ‘ਯੰਗ ਮਲੰਗ’, ‘ਕਿਰਪਾਨ’, ‘ਬਾਜ਼’, ‘ਗੋਰਿਆਂ ਨੂੰ ਦਫਾ ਕਰੋ’, ‘ਲਵ ਪੰਜਾਬ’, ‘25 ਕਿੱਲੇ’, ‘ਟੇਸ਼ਨ’, ‘ਕਰੇਜੀ ਟੱਬਰ’, ‘ਸੱਜਣ ਸਿੰਘ ਰੰਗਰੂਟ’, ‘ਦੁੱਲਾ ਵੈੱਲੀ’, ‘ਅਰਦਾਸ ਕਰਾਂ’, ‘ਦੂਰਬੀਨ’, ‘ਬੀਬੀ ਰਜਨੀ’ ਅਤੇ ‘ਮਾਂ ਜਾਏ’ ਪ੍ਰਮੁੱਖ ਹਨ।


ਸੁਪਰਹਿੱਟ ਫ਼ਿਲਮਾਂ ‘ਗੋਰਿਆਂ ਨੂੰ ਦਫਾ ਕਰੋ’, ‘ਲਵ ਪੰਜਾਬ’, ‘ਸੱਜਣ ਸਿੰਘ ਰੰਗਰੂਟ’, ‘ਅਰਦਾਸ ਕਰਾਂ’ ਅਤੇ ‘ਬੀਬੀ ਰਜਨੀ’ ਵਿਚ ਯੋਗਰਾਜ ਸਿੰਘ ਦੀ ਸ਼ਾਨਦਾਰ ਅਦਾਕਾਰੀ ਦੇਖਣ ਨੂੰ ਮਿਲੀ।

ਪੰਜਾਬੀ ਫ਼ਿਲਮ ਇੰਡਸਟਰੀ ਵਿਚ ਪਾਏ ਮਹੱਤਵਪੂਰਨ ਯੋਗਦਾਨ ਬਦਲੇ ਸੰਨ 2012 ਵਿਚ ਯੋਗਰਾਜ ਸਿੰਘ ਨੂੰ ਪੀ.ਟੀ.ਸੀ. ਲਾਈਫ਼ਟਾਈਮ ਅਚੀਵਮੈਂਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ।

ਹੁਣ ਤੱਕ ਯੋਗਰਾਜ ਸਿੰਘ ਤਕਰੀਬਨ 70 ਤੋਂ ਵੱਧ ਫ਼ਿਲਮਾਂ ਵਿਚ ਕੰਮ ਕਰ ਚੁੱਕੇ ਹਨ, ਜਿਨ੍ਹਾਂ ਵਿਚ 3 ਹਿੰਦੀ, 1 ਅੰਗਰੇਜ਼ੀ ਅਤੇ ਬਾਕੀ ਪੰਜਾਬੀ ਫ਼ਿਲਮਾਂ ਹਨ ਅਤੇ ਇਹ ਸਫ਼ਰ ਅੱਗੇ ਵੀ ਨਿਰੰਤਰ ਜਾਰੀ ਹੈ।

**ਵਿਆਹੁਤਾ ਜ਼ਿੰਦਗੀ:-** ਫ਼ਿਲਮੀ ਦੁਨੀਆਂ ਵਿਚ ਆਉਣ ਤੋਂ ਪਹਿਲਾਂ 80 ਦੇ ਦਹਾਕੇ ਵਿਚ ਇਨ੍ਹਾਂ ਦਾ ਵਿਆਹ ਸ਼ਬਨਮ ਸਿੰਘ ਨਾਲ ਹੋਇਆ, ਜਿਨ੍ਹਾਂ ਤੋਂ ਇਨ੍ਹਾਂ ਘਰ 2 ਪੁੱਤਰ ਹੋਏ ਯੁਵਰਾਜ ਸਿੰਘ ਅਤੇ ਜ਼ੋਰਾਵਰ ਸਿੰਘ। ਆਪਣੀ ਪਹਿਲੀ ਪਤਨੀ ਨਾਲ ਸੰਬੰਧਾਂ ਵਿਚ ਕੜਵਾਹਟ ਆਉਣ ਕਾਰਣ ਤਲਾਕ ਲੈਣ ਤੋਂ ਕਾਫੀ ਸਮੇਂ ਬਾਅਦ ਇਨ੍ਹਾਂ ਦਾ ਦੂਸਰਾ ਵਿਆਹ ਪੰਜਾਬੀ ਫ਼ਿਲਮ ਅਦਾਕਾਰਾ ਨੀਨਾ ਸਿੱਧੂ ਨਾਲ ਹੋ ਗਿਆ, ਜਿਨ੍ਹਾਂ ਵਿਆਹ ਤੋਂ ਬਾਅਦ ਆਪਣਾ ਨਾਂ ਨੀਨਾ ਬੁੰਦੇਲ ਰੱਖ ਲਿਆ। ਦੂਸਰੇ ਵਿਆਹ ਤੋਂ ਵੀ ਇਨ੍ਹਾਂ ਦੇ ਘਰੇ ਦੋ ਬੱਚਿਆਂ ਦਾ ਜਨਮ ਹੋਇਆ, ਬੇਟੀ ਅਮਰਜੀਤ ਕੌਰ ਅਤੇ ਬੇਟਾ ਵਿਕਟਰ ਯੋਗਰਾਜ ਸਿੰਘ।

ਇਨ੍ਹਾਂ ਨੇ ਸਾਰੀ ਉਮਰ ਪੰਜਾਬ, ਪੰਜਾਬੀਅਤ ਦੀ ਗੱਲ ਕੀਤੀ। ਪੰਜਾਬ ਦੇ ਲੋਕ ਅਤੇ ਪੰਜਾਬੀ ਫ਼ਿਲਮ ਇੰਡਸਟਰੀ ਹਮੇਸ਼ਾਂ ਯੋਗਰਾਜ ਸਿੰਘ ’ਤੇ ਮਾਣ ਮਹਿਸੂਸ ਕਰਦੀ ਰਹੇਗੀ।






## ਫ਼ਿਲਮੀ ਕੈਰੀਅਰ ਦੀ ਸਭ ਤੋਂ ਵੱਡੀ ਫ਼ਿਲਮ “ਬਦਲਾ ਜੱਟੀ ਦਾ”

ਸੁਪਰਹਿੱਟ ਫ਼ਿਲਮ “ਬਦਲਾ ਜੱਟੀ ਦਾ” ਇਨ੍ਹਾਂ ਦੇ ਫ਼ਿਲਮੀ ਕੈਰੀਅਰ ਦੀ ਬਤੌਰ ਖਲਨਾਇਕ ਸਭ ਤੋਂ ਵੱਡੀ ਹਿੱਟ ਫ਼ਿਲਮ ਸੀ। ਸਾਰੀ ਫ਼ਿਲਮ ਵਿਚ ਯੋਗਰਾਜ ਸਿੰਘ ਅਤੇ ਸੁਨੀਤਾ ਧੀਰ ਹੀ ਛਾਏ ਹੋਏ ਸਨ। ਦੋਵਾਂ ਦੀ ਸੰਵਾਦ ਅਦਾਇਗੀ ਕਮਾਲ ਦੀ ਸੀ। ਜਦੋਂ ਸੁਨੀਤਾ ਧੀਰ ਅਤੇ ਇਹ ਇਕ ਦੂਜੇ ਵੱਲ ਜ਼ੋਸ ਨਾਲ ਭਰੇ ਸੰਵਾਦਾਂ ਦੀ ਅਦਾਇਗੀ ਕਰਦੇ ਸਨ, ਤਾਂ ਉਨ੍ਹਾਂ ਨੂੰ ਸੁਣ ਕੇ ਦਰਸ਼ਕ ਅੱਸ਼-ਅੱਸ਼ ਕਰ ਉਠਦੇ ਸਨ। ਫਿਲਮ ਵਿਚ ਕੰਮ ਕਰਨ ਵਾਲੇ ਅਦਾਕਾਰਾਂ ਅਤੇ ਫ਼ਿਲਮ ਦੇ ਨਿਰਮਾਤਾ ਨਿਰਦੇਸ਼ਕਾਂ ਦੀਆਂ ਬਹੁਤ ਸਾਰੀਆਂ ਯਾਦਾਂ ਇਸ ਫ਼ਿਲਮ ਨਾਲ ਜੁੜੀਆਂ ਹੋਈਆਂ ਹਨ। ਕਹਿੰਦੇ ਨੇ ਰਿਲੀਜ਼ ਦੇ ਪਹਿਲੇ ਦੋ ਦਿਨ ਸ਼ੁਕਰਵਾਰ ਤੇ ਸ਼ਨਿੱਚਰਵਾਰ ਇਸ ਫ਼ਿਲਮ ਨੂੰ ਦਰਸ਼ਕਾਂ ਦਾ ਕੋਈ ਖ਼ਾਸ ਹੁੰਗਾਰਾ ਨਾ ਮਿਲਿਆ। ਪਰ ਐਤਵਾਰ ਦਾ ਦਿਨ ਆਉਂਦਿਆਂ ਹੀ ਸਭ ਕੁਝ ਬਦਲ ਗਿਆ ਅਤੇ ਦਰਸ਼ਕਾਂ ਦਾ ਫ਼ਿਲਮ ਨੂੰ ਭਰਵਾਂ ਹੁੰਗਾਰਾ ਮਿਲਣ ਲੱਗਾ। ਇੰਝ ਫ਼ਿਲਮ ਨੇ ਹਾਊਸ ਫ਼ੁੱਲ 100 ਦਿਨ ਪੂਰੇ ਕੀਤੇ ਅਤੇ ਸਿਲਵਰ ਜ਼ੁਬਲੀ ਮਨਾਈ।

## ਕਮਾਲ ਦਾ ਨੌਜਵਾਨ

(ਸ਼ਹੀਦ ਭਗਤ ਸਿੰਘ)

ਚਿਰਾਂ ਤੋਂ 23 ਸਾਲਾਂ ਦਾ ਹੈ ਉਹ
ਨੌਜਵਾਨ ਬੜੇ ਕਮਾਲਾਂ ਦਾ ਹੈ ਉਹ।

ਸਿਰਫ਼ ਵੇਖ ਤਸਵੀਰਾਂ ਨਹੀਂ ਜਾਣ ਪਾਉਗੇ,
ਉਹਦੇ ਚਰਿੱਤਰ ਤੇ ਗੁਣ ਨਾ ਮਾਣ ਪਾਉਗੇ,
ਜਵਾਬ ਸਾਡੇ ਕਿੰਨੇ ਸਵਾਲਾਂ ਦਾ ਹੈ ਉਹ,
ਬੰਦਾ ਜ਼ਰਾ ਜ਼ਹੀਨ ਖਿਆਲਾਂ ਦਾ ਹੈ ਉਹ,
ਨੌਜਵਾਨ ਬੜੇ ਕਮਾਲਾਂ ਦਾ ਹੈ ਉਹ....

ਭਾਗਾਂ ਵਾਲਾ ਫਿਰ ਕਿਵੇਂ ਮਿਸਾਲ ਬਣਿਆ,
ਕਿਵੇਂ ਅੰਗਰੇਜ਼ੀ ਰਾਜ 'ਚ ਧਮਾਲ ਬਣਿਆ,
ਆਜ਼ਾਦ ਦੇ ਆਜ਼ਾਦ ਖਿਆਲਾਂ ਦਾ ਹੈ ਉਹ,
ਸ਼ਮਲੇ ਤੋਂ ਹੈਟ ਦੀਆਂ ਢਾਲਾਂ ਦਾ ਹੈ ਉਹ,
ਨੌਜਵਾਨ ਬੜੇ ਕਮਾਲਾਂ ਦਾ ਹੈ ਉਹ....

ਬੰਦੂਕ ਹੀ ਨਹੀਂ ਕਲਮਾਂ ਵੀ ਹਥਿਆਰ ਨੇ,
ਫ਼ਾਸੀਂ ਚੜ੍ਹੇ ਨਾਲ ਸੁਖਦੇਵ ਰਾਜਗੁਰੂ ਯਾਰ ਨੇ,
ਸੁਰ ਸਰਾਭੇ ਦੀਆਂ ਤਾਲਾਂ ਦਾ ਹੈ ਉਹ।
ਬੰਦਾ ਜ਼ਰਾ ਗਰਮ ਖਿਆਲਾਂ ਦਾ ਹੈ ਉਹ
ਨੌਜਵਾਨ ਬੜੇ ਕਮਾਲਾਂ ਦਾ ਹੈ ਉਹ.......

ਜਾਗਦੇ ਰਹੋ ਨਹੀਂ ਡਾਕਾ ਹੱਕਾਂ 'ਤੇ ਪੈ ਜਾਣਾ,
ਨਾ ਲੜੇ ਇਨ੍ਹਾਂ ਲੁੱਟ ਕੇ ਸਭ ਲੈ ਜਾਣਾ,
ਜਾਣੂ ਵਕਤ ਦੀਆਂ ਚਾਲਾਂ ਦਾ ਹੈ ਉਹ,
ਜਵਾਬ ਅੱਜ ਦੇ ਬਹੁਤ ਸਵਾਲਾਂ ਦਾ ਹੈ ਉਹ,
1931 ਤੋਂ ਹੀ 23 ਸਾਲਾਂ ਦਾ ਹੈ ਉਹ,
ਨੌਜਵਾਨ ਸੱਚੀਂ ਬੜੇ ਕਮਾਲਾਂ ਦਾ ਹੈ ਉਹ।

-ਰਵਿੰਦਰ ਸਿੰਘ ਲਾਲਪੁਰੀ
ਸੰਪਰਕ : 94634-52261



ਪੰਜਾਬ ਮੇਲ USA

## ਭੰਗੜੇ ਨੂੰ ਵੇਖ ਕੇ ਨਜ਼ਾਰਾ ਆ ਗਿਆ

ਚੋਬਰਾਂ ਦੇ ਮੁੱਖ 'ਤੇ ਇਲਾਹੀ ਨੂਰ ਸੀ
ਵੇਖ ਕੇ ਅਨੋਖਾ, ਆ ਗਿਆ ਸਰੂਰ ਸੀ
ਢੋਲ ਦਾ ਡੱਗਾ ਤਾਂ, ਅੱਤ ਹੀ ਕਰਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।

ਚੁੰਮ ਕੇ ਸਟੇਜ, ਵਾਰੋ ਵਾਰੀ ਆ ਚੜ੍ਹੇ
ਬੰਨ ਕੇ ਕਤਾਰਾਂ, ਚੌੜੇ ਸੀਨੇ ਆ ਖੜ੍ਹੇ
ਚਾਦਰੇ 'ਚ ਕਹਿਰ, ਹੈ ਹਰੇਕ ਢਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।

ਅੰਬਰਾਂ ਤੋਂ ਲੱਗਦੈ, ਸਿਤਾਰੇ ਆ ਗਏ
ਮੁੱਖੜੇ ਤੋਂ ਚੰਨ ਦਾ, ਭੁਲੇਖਾ ਪਾ ਗਏ
ਸੱਜਰੇ ਗੁਲਾਬਾਂ ਦਾ, ਨਸ਼ਾ ਹੈ ਛਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।

ਇੱਕ ਸੀ ਵਜਾਉਂਦਾ, ਅਲਗੋਜ਼ੇ ਆ ਗਿਆ
ਦੂਸਰਾ ਲਿਆ ਕੇ, ਚਿਮਟਾ ਵਜਾ ਗਿਆ
ਤੀਸਰਾ ਲੈ ਕਾਟੋ, ਰੌਣਕਾਂ ਵਧਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।

ਛੈਲ ਤੇ ਛਬੀਲੇ, ਨੇ ਉਮੰਗਾਂ ਭਾਲਦੇ
ਜ਼ਿੰਦਗੀ ਜਿਉਂਦੇ, ਵਿਰਸਾ ਸੰਭਾਲਦੇ
ਜੋਸ਼ ਤੇ ਜਵਾਨੀ, ਸਭ ਨੂੰ ਹੀ ਭਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।

ਘੁੰਮ ਕੇ ਹਵਾ 'ਚ, ਲੁੱਡੀਆਂ ਵੀ ਪਾਉਣ ਜੀ
ਮੋਢਿਆਂ 'ਤੇ ਚੜ੍ਹ, ਬਾਜ਼ੀਆਂ ਲਗਾਉਣ ਜੀ
ਹੁਨਰ ਕਮਾਲ ਦਾ, ਸਿਰਾ ਹੀ ਲਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ

ਰੰਗਲਾ ਪੰਜਾਬ, ਮੇਰਾ ਰਹੇ ਵੱਸਦਾ
ਖੁਸ਼ੀਆਂ 'ਚ ਖੀਵਾ, "ਰੱਤਾ" ਰਹੇ ਹੱਸਦਾ
ਲੱਭਣਾ ਆਨੰਦ, ਕਿੰਝ ਹੈ ਸਿਖਾ ਗਿਆ
ਭੰਗੜੇ ਨੂੰ ਵੇਖ ਕੇ, ਨਜ਼ਾਰਾ ਆ ਗਿਆ।

ਨਿਰਮਲ ਸਿੰਘ ਰੱਤਾ
84270-07623



ਪੰਜਾਬ ਮੇਲ USA

## ਅਮਰ ਸ਼ਹੀਦ ਭਗਤ ਸਿੰਘ



ਭਗਤ ਸਿੰਘਾ ਤੇਰੀ ਯਾਦ ਰਹੂ
ਕੁਰਬਾਨੀ ਭਾਰਤ ਨੂੰ।
ਅਰਪਨ ਕਰਗਿਆ ਸੋਹਣੀ
ਸ਼ੈਲ ਜਵਾਨੀ ਭਾਰਤ ਨੂੰ।

ਵਤਨ ਅਸਾਂ ਦਾ ਜਦੋਂ ਗੁਲਾਮ
ਸੀ ਕੀਤਾ ਗੋਰਿਆਂ ਨੇ,
ਬੇ-ਦੋਸ਼ਿਆਂ ਦਾ ਖ਼ੂਨ ਹਮੇਸ਼ਾਂ
ਪੀਤਾ ਗੋਰਿਆਂ ਨੇ,
ਲੋੜੀਂਦਾ ਸੀ ਤੇਰੇ ਜਿਹਾ
ਸੰਗਰਾਮੀ ਭਾਰਤ ਨੂੰ।
ਭਗਤ ਸਿੰਘਾ ਤੇਰੀ ਯਾਦ ਰਹੂ
ਕੁਰਬਾਨੀ ਭਾਰਤ ਨੂੰ।

ਅਸੈਂਬਲੀ ਦੇ ਵਿਚ ਬੰਬ ਸੁੱਟ
ਅੰਗਰੇਜ਼ ਜਗਾਏ ਸੀ,
ਇਨਕਲਾਬ ਤੇ ਜ਼ਿੰਦਾਬਾਦ
ਦੇ ਨਾਹਰੇ ਲਾਏ ਸੀ,
ਫੜਕੇ ਹੱਥ ਤਿਰੰਗਾ ਦਿੱਤੀ
ਸਲਾਮੀ ਭਾਰਤ ਨੂੰ।
ਭਗਤ ਸਿੰਘਾ ਤੇਰੀ ਯਾਦ ਰਹੂ
ਕੁਰਬਾਨੀ ਭਾਰਤ ਨੂੰ।

ਮਾਰ ਗੋਲੀਆਂ ਸਾਂਡਰਸ ਨੂੰ
ਗੱਡੀ ਚਾੜ੍ਹ ਗਿਆ,
ਲੰਡਨ ਦੇ ਵਿਚ ਬੈਠੀਆਂ ਮੇਮਾਂ
ਦੇ ਦਿਲ ਪਾੜ ਗਿਆ,
ਲੱਭਣਾ ਨਹੀਂ ਮੁੜ ਤੇਰੇ ਜਿਹਾ
ਬਲੀਦਾਨੀ ਭਾਰਤ ਨੂੰ।
ਭਗਤ ਸਿੰਘਾ ਤੇਰੀ ਯਾਦ ਰਹੂ
ਕੁਰਬਾਨੀ ਭਾਰਤ ਨੂੰ।

ਰਾਜਗੁਰੂ ਸੁਖਦੇਵ ਨਾਲ ਹੱਸ
ਫ਼ਾਂਸੀ ਚੜ੍ਹ ਗਿਆ ਏਂ,
ਅਮਰ ਸ਼ਹੀਦਾਂ ਵਾਲੀ ਸਦਾ
ਕਤਾਰ 'ਚ ਖੜ੍ਹ ਗਿਆ ਏਂ,
ਹੋਣ ਦਿੱਤੀ "ਮਲਕੀਤ" ਕਦੇ
ਨਾ ਹਾਨੀ ਭਾਰਤ ਨੂੰ।
ਭਗਤ ਸਿੰਘਾ ਤੇਰੀ ਯਾਦ ਰਹੂ
ਕੁਰਬਾਨੀ ਭਾਰਤ ਨੂੰ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 94174-90943



ਪੰਜਾਬ ਮੇਲ USA

## ਜੰਗ

ਢਾਈ ਅੱਖਰਾਂ ਦਾ ਸ਼ਬਦ ਹੈ ਜੰਗ, ਕਰਦੀ ਅਮਨ ਤੇ ਸ਼ਾਂਤੀ ਭੰਗ

ਬੱਚਿਆਂ ਤੋਂ ਇਹ ਪਿਓ ਖੋਹ ਲੈਂਦੀ, ਕਾਲਜੇ ਤਾਂ ਵੀ ਠੰਢ ਨਹੀਂ ਪੈਂਦੀ
ਜ਼ਹਿਰੀਲੇ ਨਾਗ ਤੋਂ ਡੂੰਘਾ ਹੈ ਡੰਗ
ਢਾਈ ਅੱਖਰਾਂ ਦਾ ਸ਼ਬਦ ਹੈ ਜੰਗ, ਕਰਦੀ ਅਮਨ ਤੇ ਸ਼ਾਂਤੀ ਭੰਗ

ਮਾਪਿਆਂ ਦਾ ਪੁੱਤ ਜਵਾਨ ਮਰ ਜਾਵੇ, ਹਕੂਮਤਾਂ ਦਾ ਸ਼ਹੀਦ ਕਹਿ ਸਰ ਜਾਵੇ
ਹੈ ਕੋਈ ਨੇੜੇ ਸ਼ਰਮ ਤੇ ਸੰਗ
ਢਾਈ ਅੱਖਰਾਂ ਦਾ ਸ਼ਬਦ ਹੈ ਜੰਗ, ਕਰਦੀ ਅਮਨ ਤੇ ਸ਼ਾਂਤੀ ਭੰਗ

ਜੰਗ ਦਾ ਕੋਈ ਫਾਇਦਾ ਨਹੀਂ, ਕੋਈ ਕਾਨੂੰਨ, ਕੋਈ ਕਾਇਦਾ ਨਹੀਂ
ਵੱਧ ਜਾਂਦੀ ਹੋਰ ਭੁੱਖ ਨੰਗ
ਢਾਈ ਅੱਖਰਾਂ ਦਾ ਸ਼ਬਦ ਹੈ ਜੰਗ, ਕਰਦੀ ਅਮਨ ਤੇ ਸ਼ਾਂਤੀ ਭੰਗ

ਜੰਗ-ਜੰਗ ਜੋ ਰੌਲਾ ਪਾਉਂਦੇ, ਭੱਜਣ ਨੂੰ ਉਹ ਮਿੰਟ ਨਾ ਲਾਉਂਦੇ
ਸਰਕਾਰਾਂ ਦੇ ਤਾਂ ਕੀ ਹੀ ਕਹਿਣੇ, ਵੈਣ ਤਾਂ ਦੋਹੀਂ ਪਾਸੀਂ ਪੈਣੇ
ਦੋਹੀਂ ਪਾਸੀਂ ਟੁੱਟਣੀ ਹੈ ਵੰਗ
ਢਾਈ ਅੱਖਰਾਂ ਦਾ ਸ਼ਬਦ ਹੈ ਜੰਗ, ਕਰਦੀ ਅਮਨ ਤੇ ਸ਼ਾਂਤੀ ਭੰਗ

ਮੀਡੀਆ ਦੇਖੋ ਕਿਵੇਂ ਡਰਾਉਂਦਾ, ਰਾਈ ਦਾ ਕਿੰਝ ਪਹਾੜ ਬਣਾਉਂਦਾ
ਪਰਮਾਣੂੰ ਦੀ ਗਰਮੀ ਸਹੀ ਨਹੀਂ ਜਾਣੀ, ਬ੍ਰੇਕਿੰਗ ਨਿਊਜ਼ ਫਿਰ ਕਹੀ ਨਹੀਂ ਜਾਣੀ
ਅਵਾਮ ਤਾਂ ਹੋਇਆ ਪਿਆ ਹੈ ਤੰਗ
ਢਾਈ ਅੱਖਰਾਂ ਦਾ ਸ਼ਬਦ ਹੈ ਜੰਗ, ਕਰਦੀ ਅਮਨ ਤੇ ਸ਼ਾਂਤੀ ਭੰਗ

ਇਧਰੋਂ ਗੋਲੀ ਚਲਾਵਣ ਵਾਲੇ ਦਾ, ਉਧਰੋਂ ਹਿੱਕ 'ਤੇ ਖਾਵਣ ਵਾਲੇ ਦਾ
ਆਪਸ ਵਿਚ ਤੇ ਵੈਰ ਨਾ ਕੋਈ, ਫਿਰ ਵੀ ਇਹ ਅਣਹੋਣੀ ਕਿਉਂ ਹੋਈ
ਸੋਚ ਕੇ 'ਚੀਮਾ' ਰਹਿ ਗਿਆ ਦੰਗ
ਢਾਈ ਅੱਖਰਾਂ ਦਾ ਸ਼ਬਦ ਹੈ ਜੰਗ, ਕਰਦੀ ਅਮਨ ਤੇ ਸ਼ਾਂਤੀ ਭੰਗ।

-ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211



ਪੰਜਾਬ ਮੇਲ USA

## ਆਇਆ ਚੇਤ ਖਸਮ ਖੇਤ

ਸੁਨੈਹਰੀ ਹੋਈਆਂ ਕਣਕਾਂ ਸਰ੍ਹਵਾਂ ਨੇ ਪੱਕੀਆਂ,
ਉਡੀਕਦਿਆਂ ਹਾੜ੍ਹੀ ਨੂੰ ਅੱਖੀਆਂ ਸੀ ਥੱਕੀਆਂ।
ਤਾਰਾਮੀਰਾ, ਹਾਲੋਂ, ਛੋਲੇ, ਮਸਰ ਵੀ ਤਿਆਰ ਨੇ,
ਭੂੰਣੀਆਂ ਹੋਲਾਂ ਅਤੇ ਢੁੰਮਣੀਆਂ ਬੇਸ਼ੁਮਾਰ ਨੇ।

ਚੜ੍ਹ ਪਈ ਜਵਾਨੀ ਹੋਏ ਚੇਹਰੇ ਲਾਲੋ ਲਾਲ ਨੇ,
ਤੱਕ ਤੱਕ ਖੇਤ ਰਾਜਿਆਂ ਨੂੰ ਚੜ੍ਹਦੇ ਜਲਾਲ ਨੇ।
ਚੜ੍ਹ ਪਿਆ ਚੇਤ ਖਾਲੀ ਹੋ ਗਈਆਂ ਬੇਰੀਆਂ,
ਮੁੱਕੀ ਯਾਰੀ ਬੇਰਾਂ ਦੀ, ਲੁਗਾਠਾਂ ਪਾਈ ਫੇਰੀਆਂ।

ਰੁਮਕਦੀ ਪੁਰੇ ਦੀ 'ਵਾ ਸਰਕਦੀ ਹੈ ਜ਼ਿੰਦਗੀ,
ਸੋਨੇ ਦੀ ਕਿਣੀ ਨ ਡਿਗੇ ਹੱਥ ਜੋੜ ਹੈ ਬੰਦਗੀ।
ਭਿਉਂ ਕੇ ਪਰਾਲੀ ਦੇਖੋ ਬੇੜਾਂ ਛੱਡੀ ਜਾਂਦੇ ਸਾਰੇ,
ਮਾਰਦੇ ਗਪੌੜ ਨਾਲੇ ਛੋਟੇ-ਮੋਟੇ ਲਾਉਂਦੇ ਲਾਰੇ,

ਹੱਥੀਆਂ ਤਰਖਾਣਾਂ ਘੜੀਆਂ ਸ਼ਾਬਾ ਸ਼ਾਬਾ ਨੇ।
ਕਾਰਖਾਨੇ ਲੁਹਾਰਾਂ ਦੇ ਵੀ ਰੌਣਕਾਂ ਵਾਹਵਾ ਨੇ।
ਦਾਤੀਆਂ ਨੂੰ ਦੰਦੇ ਕੱਢੇ ਚਲਦੀਆਂ ਆਰੀਆਂ,
ਨਵੀਆਂ ਪੁਰਾਣੀਆਂ ਲੱਗਦੀਆਂ ਪਿਆਰੀਆਂ।

ਗੋਹਰੀਆਂ ਦੇ ਕੰਨੇਂ-ਕੰਨੇਂ ਬੇੜਾਂ ਇੰਝ ਵਿਛੀਆਂ,
ਲੰਬੇ-ਲੰਬੇ ਨਾਗਾਂ ਜਿਉਂ ਵਲੇਟੀਆਂ ਨੇ ਪੱਛੀਆਂ।
ਚੜ੍ਹਿਆ ਹੈ ਜੋਸ਼ ਕਿਰਸਾਨ ਮਾਰਦੇ ਨੇ ਬੜ੍ਹਕਾਂ,
ਵਾਢੀ ਵਾਲੀਆਂ ਹੁਣ ਕੱਢ ਦੇਣੀਆਂ ਨੇ ਰੜਕਾਂ।

ਕੰਬਾਈਨ ਵਾਲ਼ੇ ਦਾ ਵੀ ਰੋਹ ਨ ਜਾਵੇ ਝੱਲਿਆ,
ਤਾਂਹੀ ਜ਼ਿਮੀਦਾਰ ਦਾ ਬੂਹਾ ਹੈ ਆਣ ਮੱਲਿਆ।
ਕੁੱਝ ਹੀ ਦਿਨਾਂ ਦੀ ਸਮਝੋ ਕਣਕ ਪ੍ਰਾਹੁੰਣੀ ਹੈ,
ਭਰ-ਭਰ ਟਰਾਲੀਆਂ ਮੰਡੀ ਸੁੱਟ ਆਉਣੀ ਹੈ।

ਲਾਲਿਆਂ ਵੀ ਮੰਡੀ 'ਚ ਤੰਬੂ ਸਿੱਧੇ ਕਰ ਲਏ,
'ਕੱਲੇ 'ਕੱਲੇ ਖਾਤੇ ਮੁਨੀਮਾਂ ਵੀ ਸਿੱਧੇ ਕਰ ਲਏ।
ਬੈਂਕਾਂ ਨੂੰ ਫਿਕਰ ਉਗਰਾਹੀ ਦੀ ਸਤਾਉਂਦੀ ਹੈ,
ਰਾਤਾਂ ਦੀ ਨੀਂਦ ਮੈਨੇਜਰਾਂ ਦੀ ਉਡਾਉਂਦੀ ਹੈ।

-ਸੇਵਾ ਸਿੰਘ "ਨੂਰਪੁਰੀ"



# PUNJAB MAIL USA

TV Channel, Newspaper, Radio

24 Hours 7 Days



**All over America, Canada, Australia & Europe**

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**





## FOR SALE & PURCHASE OF ANY KIND OF PROPERTY

RE/MAX



RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**